# ONE YEAR DIPLOMA IN SIKH THEOLOGY

## SEMESTER-II

## COURSE: THEOLOGICAL DEVELOPMENT OF SIKHISM

## UNIT 1 : GURU ARJAN DEV JI

**STRUCTURE**

1.0 ਉਦੇਸ਼

1.1 ਜਾਣ-ਪਛਾਣ

1.2 ਸਿੱਖ ਧਰਮ ਦਾ ਪ੍ਰਚਾਰ ਦਾ ਪਸਾਰ

1.3 ਗੁਰੂ ਅਰਜਨ ਪਾਤਸ਼ਾਹ ਦੇ ਕਾਰਜ

1.4 ਪ੍ਰਿਥੀਚੰਦ ਦੀ ਵਿਰੋਧਤਾ

1.5 ਜਹਾਂਗੀਰ ਦੀ ਧਾਰਮਿਕ ਕਟੜਤਾ

1.6 ਨਕਸ਼ਬੰਦੀ ਸਿਲਸਿਲਾ

1.7 ਖੁਸਰੋ ਦੀ ਬਗ਼ਾਵਤ

1.8 ਸ਼ਹਾਦਤ

1.9 ਸ਼ਹਾਦਤ ਦੇ ਕੌਮੀ ਪ੍ਰਭਾਵ

1.10 ਸਾਰ

1.11 ਸੰਬੰਧਿਤ ਪੁਸਤਕਾਂ

### 1.0 ਉਦੇਸ਼

ਪ੍ਰਸਤੁਤ ਵਿਸ਼ੇ ਦਾ ਉਦੇਸ਼ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਮਹਾਨ ਜੀਵਨ ਅਤੇ ਧਰਮ ਦੇ ਪ੍ਰਚਾਰ ਪਸਾਰ ਲਈ ਕੀਤੇ ਗਏ ਕਾਰਜਾਂ ਅਤੇ ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਤੋਂ ਜਾਣੂ ਕਰਵਾਉਣਾ ਹੈ।

### 1.1 ਜਾਣ-ਪਛਾਣ

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੀ ਪੰਜਵੀਂ 'ਨਾਨਕ ਜੋਤ' ਹਨ। ਆਪ ਜੀ ਦਾ ਪ੍ਰਕਾਸ਼ 1563 ਈ. ਨੂੰ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁਖੋਂ ਬਿਆਸ ਦਰਿਆ ਦੇ ਐਨ ਕੰਢੇ ਤੇ ਵਸੇ ਮਹਾਨ ਨਗਰ ਗੋਇੰਦਵਾਲ ਸਾਹਿਬ ਦੇ ਸਥਾਨ 'ਤੇ ਹੋਇਆ । ਆਪ ਜੀ ਦਾ ਬਚਪਨ ਬਿਆਸ ਦਰਿਆ ਦੇ ਕੰਢੇ 'ਤੇ ਖੇਡਦਿਆਂ ਬਤੀਤ ਹੋਇਆ। ਬਾਬਾ ਬੁੱਢਾ ਜੀ ਤੋਂ ਆਪ ਨੇ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਗ੍ਰਹਿਣ ਕੀਤੀ। ਗੁਰੂ ਪਾਤਸ਼ਾਹ ਬਚਪਨ ਤੋਂ ਹੀ ਬਹੁਤ ਚੇਤੰਨ ਬੁੱਧੀ ਦੇ ਮਾਲਕ ਸਨ। ਬਾਣੀ ਰਚਨ ਦਾ ਹੁਨਰ ਆਪ ਜੀ ਨੂੰ ਵਿਰਸੇ ਤੋਂ ਹੀ ਪ੍ਰਾਪਤ ਹੋਇਆ ਸੀ। ਆਪ ਦੀ ਇਸ ਯੋਗਤਾ ਨੂੰ ਵੇਖਦੇ ਹੋਏ ਹੀ ਆਪ ਦੇ ਨਾਨਾ ਅਤੇ ਤੀਸਰੇ ਪਾਤਸ਼ਾਹ ਹਜ਼ੂਰ ਗੁਰੂ ਅਮਰਦਾਸ ਜੀ ਨੇ ਇਹ ਬਚਨ ਕੀਤੇ ਸਨ :

ਦੋਹਿਤਾ ਬਾਣੀ ਦਾ ਬੋਹਿਥਾ ਹੋਵੇਗਾ,

ਆਪ ਵੀ ਤਾਰੇਗਾ ਅਤੇ ਦੂਜਿਆਂ ਨੂੰ ਵੀ ਤਾਰੇਗਾ।

ਗੁਰੂ ਪਾਤਸ਼ਾਹ ਦੇ ਇਹ ਸ਼ਬਦ ਨਿਸ਼ਚੇ ਹੀ ਅਰਜਨ ਦੇਵ ਜੀ ਦੀ ਬਣਨ ਵਾਲੀ ਗੁਰੂ ਪ੍ਰਤਿਭਾ ਦੀ ਪਛਾਣ ਚਿੰਨ੍ਹ ਵੱਲ ਇਸ਼ਾਰਾ ਹੀ ਪ੍ਰਵਾਨ ਕੀਤੇ ਜਾ ਸਕਦੇ ਹਨ ਕਿਉਂਕਿ ਬਚਪਨ ਤੋਂ ਹੀ ਜਿੱਥੇ ਆਪ ਨੂੰ ਅਧਿਆਤਮਿਕ ਪ੍ਰਬੀਨਤਾ ਹਾਸਲ ਸੀ, ਉਥੇ ਆਪ ਦੀ ਤੀਖਣ ਸੂਝ-ਬੂਝ ਸਾਰਿਆਂ ਨੂੰ ਹੈਰਾਨੀ ਵਿੱਚ ਪਾ ਦਿੰਦੀ ਸੀ। ਆਪ ਨੇ ਬਹੁਤ ਜਲਦੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਭਾਈ ਗੁਰਦਾਸ ਜੀ ਦੇ ਸੰਗ-ਸਾਥ ਨਾਲ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਸਿੰਧੀ ਅਤੇ ਫ਼ਾਰਸੀ ਨੂੰ ਪੂਰੀ ਤਰ੍ਹਾਂ ਸਿਖ ਲਿਆ ਸੀ। 1581 ਈ. ਵਿਚ ਗੁਰੂ ਅਰਜਨ ਸਾਹਿਬ ਨੇ ਗੁਰਿਆਈ ਦੀ ਜ਼ੁੰਮਿਵਾਰੀ ਸੰਭਾਲੀ ਅਤੇ ਗੁਰੂ ਨਿਵਾਸ ਰਾਮਦਾਸਪੁਰ ਬਣ ਗਿਆ।

ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿੱਚ ਜਿੱਥੇ ਕਈ ਮੀਲ-ਪੱਥਰ ਸਥਾਪਿਤ ਕੀਤੇ, ਉਥੇ 1606 ਈ. ਵਿੱਚ ਆਪ ਜੀ ਨੇ ਸ਼ਹਾਦਤ ਦੇ ਕੇ ਸਿੱਖ ਧਰਮ ਵਿੱਚ ਸ਼ਹਾਦਤ ਦੀ ਪਰੰਪਰਾ ਦਾ ਮੁੱਢ ਵੀ ਬੰਨਿਆ।

## 1.2 ਸਿੱਖ ਧਰਮ ਦਾ ਪ੍ਰਚਾਰ ਅਤੇ ਪਸਾਰ

ਗੁਰੂ ਨਾਨਕ ਪਾਤਸ਼ਾਹ ਨੇ ਹਿੰਦੁਸਤਾਨ ਦੀ ਧਰਤੀ ਤੇ ੧ ਦਾ ਦੈਵੀ ਨਾਂਦ ਗੁੰਜਾ ਕੇ ਇਥੋਂ ਦੀ ਲੋਕਾਈ ਨੂੰ ਇਹ ਅਹਿਸਾਸ ਕਰਾਇਆ ਕਿ ਤੁਸੀਂ ਵੀ ਉਸ ਅਕਾਲ ਪੁਰਖ ਦੀ ਸੰਤਾਨ ਹੋ। ਅਕਾਲ ਪੁਰਖ ਇਕ ਅਤੇ ਉਸ ਦੀ ਸਿਰਜੀ ਕਿਰਤ ਵੀ ਇਕ ਦਾ, ਅਜਿਹਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦੀ ਲੋਕਾਈ ਦੀਆਂ ਨਾੜਾਂ ਵਿਚ ਸਦੀਆਂ ਤੋਂ ਜਖ ਹੋਏ ਖੂਨ ਨੇ ਰੁਮਕਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸੀ ਅਤੇ ਉਹ ਉਸ ਦੇ "ਬੰਦੇ। ਦੂਰ ਦਰਾਜ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ ਹੋਣ ਲਗੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਨਕਾਰੀਆਂ ਦੀ ਧੱਕੇਸ਼ਾਹੀ ਵਿਰੁੱਧ ਪਾਠ ਪੜਾਉਣ ਲਈ ਪੂਰੀ ਦੁਨੀਆਂ ਦਾ ਭਰਮਣ ਕੀਤਾ। ਬਰਾਬਰੀ, ਮਨੁੱਖੀ ਸਨਮਾਨ ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੇ ਅਤੇ ਭੂਤ , ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ ਤੇ ਰਹਿਮਤੇ ਬਾਰਸ਼ ਸਿੱਧ ਹੋਏ, ਗੁਲਾਮ ਜ਼ਹਿਨੀਅਤ ਦੇ ਕਾਲੇ ਬੱਦਲ ਛੰਡਣ ਲਗੇ ਅਤੇ ਇਨ੍ਹਾਂ ਵਿਚੋਂ ਨਵੇਂ-ਨਵੇਲੇ ਸੂਰਜ ਦੇ ਲਿਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਂਣ ਲਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿਚ ਤਬਦੀਲ ਕਰਦਿਆਂ ਸਿਰਲੱਥ ਸੂਰਮਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿਤੀ ਜੋ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦੇ ਸੰਕਲਪ ਨਾਲ ਸਰਸਾਰ ਹੋਈ ਪਈ ਸੀ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਂ ਹਿੰਦੂ ਮੁਸਲਮਾਨ ਦਾ ਫਰਕ ਸੀ, ਨਾ ਹੀ ਊਚ ਨੀਚ ਅਤੇ ਔਰਤ ਮਰਦ ਦਾ। ਗੁਰੂ ਨਾਨਕ ਸਾਹਿਬ ਦਾ ਸੰਗੀ-ਸਾਥੀ ਭਾਈ ਮਰਦਾਨਾ, ਜੋ ਗੁਰੂ ਸਾਹਿਬ ਨਾਲ ਅੰਤਮ ਸੁਆਸ ਤੱਕ ਨਿਬਹਿਆ ਮੁਸਲਮਾਨ ਸੀ ਅਤੇ ਭਾਈ ਲਾਲੋਂ ਅਖੌਤੀ ਹਿੰਦੂ ਨੀਵੀਂ ਮੰਨੀ ਜਾਂਦੀ ਸ਼੍ਰੇਣੀ ਤਰਖਾਣ ਜਾਤ ਦਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਅਨਿੰਨ ਸਿੱਖ ਭਾਈ ਲਹਿਣੇ ਨੂੰ ਗੁਰੂ ਅੰਗਦ ਵਜੋਂ ਗੁਰ ਗੱਦੀ ਤੇ ਸੁਸ਼ੋਭਿਤ ਕਰ ਇਕ ਨਿਵੇਕਲਾ ਪ੍ਰਸੰਗ ਸਥਾਪਤ ਕਰ ਇਹ ਵੀ ਅਹਿਸਾਸ ਕਰਵਾ ਦਿਤਾ ਸੀ ਕਿ ਨਾਨਕ ਘਰ ਵਿਚ ਯੋਗਤਾ ਆਧਾਰ ਹੈ ਜਨਮ ਨਹੀਂ। ਗੁਰੂ ਅੰਗਦ ਪਾਤਸ਼ਾਹ ਨੇ ਗੁਰਗੱਦੀ ਤੇ ਬੈਠਦੇ ਹੀ, ਗੁਰੂ ਨਾਨਕ ਪਾਤਸ਼ਾਹ ਵੱਲੋਂ ਦਿਤੇ ਸਿਧਾਂਤਾਂ ਨੂੰ ਅਮਲ ਵਿਚ ਢਾਲਣ ਦਾ ਕਾਰਜ ਜਾਰੀ ਰੱਖਿਆ ਅਤੇ ਸਭ ਤੋਂ ਪਹਿਲਾਂ ਆਪਣੀ ਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਮੁਖੀਆਂ ਸਥਾਪਤ ਕਰ ਔਰਤ ਦੇ ਸਨਮਾਨ ਨੂੰ ਸਿਖਰ ਉੱਤੇ ਪਹੁੰਚਾ ਦਿੱਤਾ ਸੀ। ਔਰਤ ਦੇ ਇਸ ਸਥਾਨ ਦੀ ਉਸ ਵੇਲੇ ਦੇ ਹਾਲਾਤਾਂ ਵਿਚ ਕਿਆਸ ਕਰਨਾ ਵੀ ਮੁਸ਼ਕਲ ਸੀ। ਗੁਰਮੁਖੀ ਲਿੱਪੀ ਵਿਚ ਸੁਧਾਰ ਕਰ ਸਿੱਖਾਂ ਦੀ ਆਪਣੀ ਲਿੱਪੀ ਸਥਾਪਤ ਕਰ ਦਿੱਤੀ ਅਤੇ ਹੰਮਾਯੂ ਦੇ ਹਉਮੈਂ ਨੂੰ ਤੋੜ ਕੇ ਇਹ ਸਥਾਪਤ ਕਰ ਦਿੱਤਾ ਕਿ ਗੁਰੂ ਘਰ ਵਿਚ ਅਕਾਲ ਪੁਰਖ ਦੇ ਭੈਅ ਨੂੰ ਨਮੋਂ ਹੈ ਪਰ ਤਖਤ ਦੇ ਭੈਅ ਨੂੰ ਕਬੂਲ ਕਰਨ ਦਾ ਕੋਈ ਸਥਾਨ ਹੀ ਨਹੀਂ ਹੈ। ਅਮਰਦਾਸ ਨਾਨਕ ਘਰ ਦੀ ਨਿਰਖਾਂ ਪਰਖਾਂ ਵਿਚ ਪਾਸ ਹੋਏ ਅਤੇ ਤੀਸਰੇ ਗੁਰੂ ਪਾਤਸ਼ਾਹ ਵਜੋਂ ਗੁਰਗੱਦੀ ਤੇ ਸਸ਼ੋਭਤ ਹੋਈ। ਗੁਰਗੱਦੀ ਤੇ ਬੈਠਦੇ ਹੀ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਆਉਣ ਵਾਲਾ ਸਮਾਂ ਵੰਗਾਰਾਂ ਦਾ ਭਰਿਆ

ਹੋਇਆ ਹੈ। ਇਨ੍ਹਾਂ ਵੰਗਾਰਾਂ ਦਾ ਟਾਕਰਾ ਕਰਨ ਲਈ ਭਾਰਤੀ ਮਾਨਸਿਕਤਾ ਦੇ ਅੰਦਰ ਪਏ ਡਰ ਨੂੰ ਦੂਰ ਕਰ ਸੂਰਬੀਰ ਮਾਨਸਿਕਤਾ ਨੂੰ ਉਜਾਗਰ ਕਰਨਾ ਹੈ। ਇਸ ਵਾਸਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਹਿਤ ਬਾਈ ਮੰਜੀਆਂ ਦੀ ਸਥਾਪਤੀ ਕਰ ਦਿੱਤੀ ਤਾਂ ਕਿ 'ਪਤ ਸੇਤੀ' ਜ਼ਿੰਦਗੀ ਜਿਊਣ ਵਾਲਿਆਂ ਨੂੰ ਤਿਆਰ ਕੀਤਾ ਜਾਵੇ ਦੂਸਰਾ ਮੰਜੀਆਂ ਦੀ ਗਿਣਤੀ ਅਕਬਰ ਦੇ ਬਾਈ ਸੂਬਿਆਂ ਦੀ ਗਿਣਤੀ ਤੇ ਬਰਾਬਰ ਰੱਖ ਕੇ ਡਰੀ ਹੋਈ ਲੋਕਾਈ ਨੂੰ ਅਹਿਸਾਸ ਕਰਾਇਆ ਕਿ ਇਨ੍ਹਾਂ ਸੂਬਿਆਂ ਦਾ ਭੈਅ ਮਨ ਵਿਚੋਂ ਕੱਢ ਦਿੱਤਾ ਜਾਵੇ ਅਤੇ ਇਨ੍ਹਾਂ ਮੰਜੀਆਂ ਨੂੰ ਉਨ੍ਹਾਂ ਨੇ ਸੂਬਿਆਂ ਦਾ ਨਾਮ ਵੀ ਦਿੱਤਾ। ਇਨ੍ਹਾਂ ਮੰਜੀਆਂ ਉਪਰੰਤ ਬਵੰਜਾ ਪੀੜ੍ਹਿਆਂ ਦੀ ਸਥਾਪਤੀ ਕੀਤੀ ਇਹ ਗਿਣਤੀ ਵੀ ਅਚੰਭੇ ਵਾਲੀ ਸੀ ਕਿਉਂਕਿ ਅਕਬਰ ਦੇ ਸੁਰੱਖਿਆ ਅਮਲੇ ਦੀ ਗਿਣਤੀ ਵੀ ਬਵੰਜਾ ਹੀ ਸੀ । ਇਸ ਤੋਂ ਉਪਰੰਤ ਗੁਰੂ ਪਾਤਸ਼ਾਹ ਦੇ ਦੀਦਾਰ ਕਰਨ ਤੋਂ ਪਹਿਲਾਂ ਲੰਗਰ ਛਕਣਾ ਲਾਜ਼ਮੀ ਕਰਾਰ ਦੇ ਕੇ ਮਨੁੱਖੀ ਹਕੂਕ ਦੀ ਬਰਾਬਰੀ ਦਾ ਨਵਾਂ ਥੰਮ ਖੜਾ ਕਰ ਦਿੱਤਾ ਸੀ । ਇਤਿਹਾਸ ਗਵਾਹ ਹੈ ਕਿ ਅਕਬਰ ਵੀ ਗੁਰੂ ਪਾਤਸ਼ਾਹ ਦੇ ਦਰਸ਼ਨ ਸੰਗਤ ਵਿਚ ਲੰਗਰ ਛਕਣ ਉਪਰੰਤ ਹੀ ਕਰ ਸਕਿਆ ਸੀ । ਤੀਜੇ ਪਾਤਸ਼ਾਹ ਤੋਂ ਬਾਅਦ ਚੌਥੇ ਨਾਨਕ ਵਜੋਂ ਗੁਰੂ ਰਾਮਦਾਸ ਜੀ ਗੁਰਗੱਦੀ ਤੋਂ ਸਸ਼ੋਭਿਤ ਹੋਵੇਂ । ਉਨ੍ਹਾਂ ਦੁਆਰਾ ਅੰਮ੍ਰਿਤਸਰ ਅਤੇ ਸੰਤੋਖਸਰ ਸਰੋਵਰਾਂ ਦੀ ਉਸਾਰੀ ਕਰ ਕਿਸੇ ਵੱਡੇ ਕੇਂਦਰੀ ਅਸਥਾਨ ਵਲ ਇਸ਼ਾਰਾ ਕਰ ਦਿੱਤਾ ਸੀ । ਜਿਸ ਨੇ ਆਉਣ ਵਾਲੇ ਸਮੇਂ ਵਿੱਚ ਸਿੱਖਾਂ ਦੇ ਮੱਕੇ ਵਜੋਂ ਸਥਾਨ ਹਿਣ ਕਰਨਾ ਸੀ । ਸਿੱਖ ਧਰਮ ਦਾ ਇਹ ਪ੍ਰਚਾਰ ਅਤੇ ਪਸਾਰ ਹਕੂਮਤ ਅਤੇ ਹੋਰ ਵਿਰੋਧੀਆਂ ਦੇ ਅੰਦਰ ਝਰ ਦੀ ਭਾਵਨਾ ਪੈਦਾ ਕਰ ਰਿਹਾ ਸੀ । ਇਹ ਡਰ ਉਨ੍ਹਾਂ ਨੂੰ ਸਿੱਖ ਧਰਮ ਵਿਰੁੱਧ ਲਾਮਬੰਦ ਕਰ ਰਿਹਾ ਸੀ ਅਤੇ ਇਸੇ ਲਾਮਬੰਦੀ ਵਿਚੋਂ ਹੀ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਸਾਹਮਣੇ ਆਈ ।

## 1.3 ਗੁਰੂ ਅਰਜਨ ਪਾਤਸ਼ਾਹ ਦੇ ਕਾਰਜ

ਗੁਰੂ ਰਾਮਦਾਸ ਜੀ ਦੀਆਂ ਨਿਰਖਾਂ ਪਰਖਾਂ ਵਿਚ ਅਰਜਨ ਦੇਵ ਪੂਰੇ ਉਤਰੇ । ਇਸ ਲਈ ਚੌਥੇ ਪਾਤਸ਼ਾਹ ਨੇ ਪਰੰਪਰਕ ਢੰਗ ਨਾਲ ਉਨ੍ਹਾਂ ਨੂੰ ਪੰਜਵੇਂ ਨਾਨਕ ਵਜੋਂ ਸਥਾਪਤ ਕਰ ਦਿੱਤਾ । ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ਤੇ ਬੈਠਦੇ ਹੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਨੂੰ ਨਾਨਕ ਸਿਧਾਂਤ ਅਨੁਸਾਰ ਅਗੇ ਚਲਾਇਆ । ਉਨ੍ਹਾਂ ਨੇ ਸਭ ਤੋਂ ਪਹਿਲਾਂ 1589 ਈ . ਨੂੰ ਗੁਰੂ ਪਿਤਾ ਰਾਮਦਾਸ ਜੀ ਵਲੋਂ ਤਿਆਰ ਕੀਤੇ ਅੰਮ੍ਰਿਤ – ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਦੀ ਸਥਾਪਨਾ ਕੀਤੀ ਅਤੇ ਪਵਿੱਤਰ ਹਰਿਮੰਦਰ ਦੀ ਨੀਂਹ ਸਾਈ ਮੀਆਂ ਮੀਰ ਕੋਲੋਂ ਰਖਵਾਈ । ਸਾਈਂ ਮੀਆਂ ਮੀਰ ਗੁਰੂ ਅਰਜਨ ਪਾਤਸ਼ਾਹ ਦੇ ਬਹੁਤ ਪ੍ਰਸ਼ੰਸਕ ਸਨ ਅਤੇ ਪ੍ਰਸਿੱਧ ਸੂਫ਼ੀ ਸਿਲਸਿਲੇ ਕਾਦਰੀ ਦੇ ਮੁਖੀ ਵੀ ਸਨ । ਗੁਰੂ ਸਾਹਿਬ ਦਾ ਇਹ ਕਦਮ ਜਿਥੇ ਧਰਮ ਦੇ ਨਾਮ ' ਤੇ ਧਾਰਮਿਕ ਅਸਥਾਨਾਂ ਦੁਆਲੇ ਲਗਾਈਆਂ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਤੋੜਨ ਵਾਲਾ ਸੀ , ਉਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ – ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁੱਖਤਾ ਦੀ ਲੁੱਟ ਲਈ ਵੰਗਾਰ ਵੀ ਸੀ । ਹਰਿਮੰਦਰ ਦੇ ਚਾਰੇ ਪਾਸੇ ਦਰਵਾਜ਼ੇ ਇਸ ਗੱਲ ਦੇ ਸੂਚਕ ਸਨ ਕਿ ਏਥੇ ਬਿਨਾ ਰੰਗ – ਜਾਤ ਭੇਦ ਤੋਂ ਸਭ ਨੂੰ ਗਲੇ ਲਗਾਇਆ ਜਾਵੇਗਾ । ਸਿੱਟੇ ਵਜੋਂ ਆਮ ਭਾਰਤੀ ਪੀੜਤ ਜਨਤਾ ਨੂੰ ਪਹਿਲੀ ਵਾਰ ਇਹ ਅਹਿਸਾਸ ਜਾਗਿਆ ਕਿ ਉਹ ਮਨੁੱਖ ਹੋਣ ਦੇ ਨਾਤੇ ਧਾਰਮਿਕ ਅਸਥਾਨ ' ਤੇ ਵੀ ਜਾ ਸਕਦੇ ਹਨ ਅਤੇ ਪਰਮੇਸ਼ਵਰ ਦਾ ਨਾਮ ਜਪਣ ਦੇ ਅਧਿਕਾਰੀ ਵੀ ਹਨ ਕਿਉਂਕਿ ਭਾਰਤੀ ਧਰਮ ਪ੍ਰੀਰਾ ਨੇ ਹੇਠਲੇ ਵਰਣਾਂ ਦੇ ਲੋਕਾਂ ਨੂੰ ਇਸ ਅਧਿਕਾਰ ਤੋਂ ਸਖਣਾ ਹੀ ਨਹੀਂ ਸੀ ਰਖਿਆ , ਸਗੋਂ ਪਰਮਾਤਮਾ ਦਾ ਨਾਮ ਜਪਣ ਦੀ ਕੁਤਾਹੀ ਕਰਨ ਜਾਂ ਧਰਮ ਗ੍ਰੰਥਾਂ ਦੇ ਦਰਸ਼ਨ ਕਰਨ ' ਤੇ ਸਖ਼ਤ ਸਜ਼ਾਵਾਂ ਦਾ ਭਾਗੀ ਵੀ ਬਣਾ ਦਿੱਤਾ ਸੀ ।

ਗੁਰੂ ਪਾਤਸ਼ਾਹ ਦਾ ਅਗਲਾ ਵਿਲੱਖਣ ਕੰਮ ਆਦਿ ਗ੍ਰੰਥ ਦੀ ਸੰਪਾਦਨਾ ਸੀ । ਕਿਸੇ ਵੀ ਧਰਮ ਜਾਂ ਕੌਮ ਦੀ ਪਹਿਲੀ ਨਿਸ਼ਾਨੀ ਉਸ ਦਾ ਆਪਣਾ ਪਵਿੱਤਰ ਧਰਮ ਗ੍ਰੰਥ ਹੁੰਦੀ ਹੈ । ਸਿੱਖ ਧਰਮ ਕੋਈ ਸੁਧਾਰਕ ਲਹਿਰ ਨਹੀਂ ਸੀ ਕਿ ਇਹ ਹਿੰਦੁਸਤਾਨੀ ਧਰਮਾਂ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਤੱਕ ਸੀਮਿਤ ਰਹਿੰਦੀ । ਗੁਰੂ ਨਾਨਕ ਪਾਤਸ਼ਾਹ ਇਕ ਅਜਿਹੇ ਧਰਮ ਦੀ ਸਥਾਪਨਾ ਕਰ ਰਹੇ ਸਨ ਜਿਹੜਾ ਹਿੰਦੁਸਤਾਨ ਦੀ ਸਮੁੱਚੀ ਲੋਕਾਈ ਨੂੰ ਕਲਾਵੇ ਵਿਚ ਲੈਂਦਿਆਂ ਹੋਇਆ ਸ਼ੋਸ਼ਤਿ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜੇ ਅਤੇ ਹਿੰਦੂ ਮੁਸਲਿਮ ਦੋਹਾਂ ਧਰਮਾਂ ਤੋਂ ਨਿਆਰਾ ਵੀ ਹੋਵੇ । ਨਾਲ ਹੀ

ਇਸ ਗੱਲ ਦਾ ਅਹਿਸਾਸ ਵੀ ਕਰਾਏ ਕਿ ਰੱਬ ਦੀ ਪਾਰਖੂ ਨਜ਼ਰ ਵਿਚ ਹਿੰਦੂ ਜਾਂ ਮੁਸਲਮਾਨ ਹੋਣਾ ਕੋਈ ਅਹਿਮੀਅਤ ਨਹੀਂ ਰੱਖਦਾ । ਉਸ ਦੀ ਨਜ਼ਰ ਵਿਚ ਮਨੁੱਖ ਦਾ ਯੋਗ ਅਤੇ ਧਰਮੀ ਹੋਣਾ ਕਬੂਲ ਹੁੰਦਾ ਹੈ । ਇਸੇ ਕਰਕੇ ਪੰਚਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਯੋਗਦਾਨੀਆਂ ਦਾ ਨਾ ਧਰਮ ਵੇਖਿਆ ਅਤੇ ਨਾ ਹੀ ਜਾਤ - ਪਾਤ ਨੂੰ । ਪੈਮਾਨਾ ਇਕ ਹੀ ਸੀ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ॥

ਅੰਮ੍ਰਿਤਸਰ ਦੀ ਸਿੱਖ ਧਾਰਮਿਕ ਕੇਂਦਰ ਵਜੋਂ ਸਥਾਪਨਾ ਨਾਲ ਸਿੱਖਾਂ ਖਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਸਾਂਝਾ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ । ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਧਿਆਨ ਵਿਚ ਰਖੇ ਪੈਮਾਨੇ ਨੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝੇ ਸਮਾਜ ਲਈ ਜਿਥੇ ਇਕ ਚੁਣੌਤੀ ਖੜੀ ਕਰ ਦਿੱਤੀ ਸੀ , ਉਥੇ ਸਰਬੱਤ ਦੇ ਭਲੇ ਦਾ ਅਨੋਖਾ ਅਤੇ ਨਿਵੇਕਲਾ ਅਧਿਆਤਮਕ ਮਾਡਲ ਵੀ ਸਾਹਮਣੇ ਲੈ ਆਂਦਾ ਸੀ । ਨਤੀਜੇ ਵਜੋਂ ਸਿੱਖ ਧਰਮ ਲੋਕ - ਮਾਨਸਿਕਤਾ ਵਿਚ ਇਸ ਤਰ੍ਹਾਂ ਉਤਰਿਆ ਕਿ ਹੋਲੀ - ਹੋਲੀ ਸਿੱਖ ਧਰਮ ਇਕ ਲੋਕ ਲਹਿਰ ਬਣ ਗਿਆ । ਲੋਕ ਲਹਿਰ ਹਮੇਸ਼ਾ ਹੀ ਸਮੇਂ ਦੀਆਂ ਹਕੂਮਤਾਂ ਦੀ ਨਜ਼ਰਾਂ ਵਿਚ ਰੜਕਨੀ ਸ਼ੁਰੂ ਹੋ ਜਾਂਦੀ ਹੈ ਅਤੇ ਲੋਕ ਲਹਿਰ ਦੇ ਨਾਇਕ ਬਾਗੀ ਰੂਪ ਵਜੋਂ ਮਾਨਤਾ ਪ੍ਰਾਪਤ ਕਰ ਲੈਂਦੇ ਹਨ । ਇਸੇ ਵਿਚੋਂ ਸ਼ਹਾਦਤ ਦੇ ਸੋਮੇ ਫੁੱਟਣੇ ਸੁਭਾਵਕ ਗੱਲ ਬਣ ਜਾਂਦੀ ਹੈ।

## 1.4 ਪ੍ਰਿਥੀਚੰਦ ਦੀ ਵਿਰੋਧਤਾ

ਗੁਰੂ ਅਰਜਨ ਦੇਵ ਜੀ ਦੋਵੇਂ ਵੱਡੇ ਭਰਾ ਪ੍ਰਿਥੀਚੰਦ ਅਤੇ ਮਹਾਂਦੇਵ ਜੀ ਨੂੰ ਬੇਹੱਦ ਪਿਆਰ ਅਤੇ ਸਤਿਕਾਰ ਦਿੰਦੇ ਸਨ , ਪਰ ਉਹ ਦੋਵੇਂ ਪਿਆਰ ਅਤੇ ਸਤਿਕਾਰ ਨੂੰ ਅਖੋਂ ਓਹਲੇ ਕਰ ਇਨ੍ਹਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਅ ਕਰਦੇ ਰਹਿੰਦੇ । ਪ੍ਰਿਥੀਚੰਦ ਅੰਦਰੋਂ ਲੋਭ ਲਾਲਚ ਵਿਚ ਸਿਆ ਹੋਇਆ ਸੀ । ਜਿਥੇ ਉੱਹ ਸੰਸਾਰੀ ਵਸਤਾਂ ਤੇ ਮਾਇਆ ਦੀ ਪਕੜ ਵਿਚ ਸੀ , ਉਥੇ ਚੌਥੇ ਗੁਰੂ ਪਾਤਸ਼ਾਹ ਦਾ ਵੱਡਾ ਪੁੱਤਰ ਹੋਣ ਦੀ ਹਾਉਮੈ ਨੂੰ ਪਾਲੀ ਬੈਠਾ ਸੀ ਗੁਰੂ ਗੱਦੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਤੇ ਉਸ ਅੰਦਰ ਈਰਖਾ ਦੇ ਭਾਂਬੜ ਬਲ ਉਠੇ ਈਰਖਾ ਦੀ ਅਗਨੀ ਹੋਰ ਵਧੀ ਜਦੋਂ ਗੁਰੂ ਰਾਮਦਾਸ ਜੀ ਦੇ ਭੋਗ ਤੇ ਬਾਬਾ ਸ੍ਰੀ ਚੰਦ ਵਲੋਂ ਦੋ ਪੱਗਾਂ ਭੇਜੀਆਂ । ਇਸ ਗੱਲ ਦਾ ਪ੍ਰਗਟਾ ਬੰਸਾਵਲੀ ਨਾਂਮੇ ਵਿਚ ਇਸ ਤਰ੍ਹਾਂ ਕੀਤਾ ਹੋਇਆ ਹੈ :

ਸਿਰੀ ਚੰਦ ਸਾਹਿਬ ਜੀ ਪੱਗ ਭਿਜਵਾਈ
ਇਕ ਪ੍ਰਿਥੀ ਨੂੰ , ਇਕ ਅਰਜਨ ਨੂੰ ਆਈ
ਮਰਨੇ ਕੀ ਪੱਗ ਪਿਏ ਬੱਧੀ ,
ਗੁਰਿਆਈ ਪੱਗ ਗੁਰੂ ਅਰਜਨ ਬੱਧੀ ।

ਪ੍ਰਿਥੀ ਚੰਦ ਨੇ ਗੁਰਗੱਦੀ ਹਾਸਲ ਕਰਨ ਲਈ ਹਰ ਤਰੀਕਾ ਵਰਤਿਆ ਮਸੰਦਾ , ਗੁਰੂਆਂ ਦੋਖੀਆ ਅਤੇ ਰਾਜ ਦੇ ਕਰਮਚਾਰੀਆਂ ਨੂੰ ਲਾਲਚ ਦੇ ਕੇ ਆਪਣੇ ਹੱਕ ਵਿਚ ਕਰਨ ਲਈ ਹਰ ਹਰਬਾ ਵਰਤਿਆ , ਪਰ ਸਫਲਤਾ ਨਾ ਮਿਲੀ । ਗੁਰੂ ਅਰਜਨ ਪਾਤਸ਼ਾਹ ਵਲ ਸਿੱਖਾਂ ਨੇ ਵਹੀਰਾਂ ਘੱਤ ਲਈਆਂ । ਪ੍ਰਿਥੀ ਚੰਦ ਦਾ ਵਿਰੋਧ ਹੋਰ ਵੀ ਤੇਜ ਹੋ ਗਿਆ । ਪ੍ਰਿਥੀ ਚੰਦ ਨੇ ਸੁਲਹੀ ਖਾਨ ਜੋ ਉਸਦਾ ਦੋਸਤ ਅਤੇ ਬਾਦਸ਼ਾਹ ਅਕਬਰ ਦਾ ਮੁਲਾਜ਼ਮ ਸੀ ਨੂੰ ਬੇਰੂ ਅਰਜਨ ਦੇਵ ਜੀ ਨੂੰ ਡਰਾਉਣ ਲਈ ਮਨਾ ਲਿਆ । ਉਹ ਪ੍ਰਿਥੀ ਚੰਦ ਦੇ ਚੁਕਣ ਉਤੇ ਕਰ ਵਸੂਲਣ ਦੇ ਬਹਾਨੇ ਅੰਮ੍ਰਿਤਸਰ ਵਲ ਵਧਿਆ । ਰਾਤ ਉਹ ਪ੍ਰਿਥੀ ਚੰਦ ਕੋਲ ਰੁਕ ਗਿਆ । ਪਰ ਸਵੇਰੇ ਪ੍ਰਿਥੀ ਚੰਦ ਦੇ ਆਇਆਂ ਦੀ ਅੱਗ ਵਿਚ ਸੜਕੇ ਮਰ ਗਿਆ । ਸੁਲਹੀ ਖਾਨ ਦੇ ਮਰਨ ਨਾਲ ਪ੍ਰਿਥੀ ਚੰਦ ਨੂੰ ਬਹੁਤ ਤਕੜਾ ਧੱਕਾ ਵਜਿਆ । ਪਰ ਇਸ ਧੱਕੇ ਨੂੰ ਉਹ ਇਸ ਆਸ ਤੇ ਸਹਿਨ ਕਰ ਗਿਆ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਸੰਤਾਨ ਨਹੀਂ ਸੀ ਇਸ ਕਰਕੇ ਗੁਰ - ਗੱਦੀ ਮੁੜ ਕੇ ਉਸ ਦੇ ਘਰ ਵਿਚ ਆ ਜਾਣ ਦੀ ਆਸ ਸੀ ਕਿਉਂਕਿ ਗੁਰੂ ਅਰਜਨ ਦੇਵ ਜੀ ਉਸ ਦੇ ਬੇਟੇ ਮਿਹਰਬਾਨ ਨੂੰ ਬਹੁਤ ਪਿਆਰ ਕਰਦੇ ਸਨ । ਪਰ ਉਸ ਦੀ ਇਸ ਆਸ ਤੋਂ ਉਸ ਵੇਲੇ ਬੂਰ ਝੜ ਗਿਆ ਜਦੋਂ 1595 ਈਸਵੀਂ ਬਾਲ ਹਰਿਗੋਬਿੰਦ ਦਾ ਜਨਮ ਹੋ ਗਿਆਥੀ ਚੰਦ ਲਈ ਇਹ ਅਸਹਿ ਸਦਮਾ ਸੀ । ਜਦੋਂ ਉਸ ਨੂੰ ਪਤਾ ਲਗਾ ਕਿ ਬਾਲ ਹਰਿਗੋਬਿੰਦ ਨੂੰ

ਖਤਰਨਾਕ ਬਿਮਾਰੀਆਂ ਨੇ ਘੇਰ ਲਿਆਂ ਹੈ ਜੋ ਮੌਤ ਦਾ ਕਾਰਣ ਬਣ ਸਕਦੀਆਂ ਹਨ ਤਾਂ ਉਸਦੀ ਖੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ । ਪਰ ਅਕਾਲ ਪੁਰਖ ਦੀ ਕ੍ਰਿਪਾ ਨਾਲ ਬਾਲ ਨੌ ਬਰ ਨੌ ਹੋ ਗਿਆ ।

ਪ੍ਰਿਥੀ ਚੰਦ ਨੇ ਹੁਣ ਹਾਰੇ ਹੋਏ ਜੁਆਰੀਏ ਵਾਂਗ ਅੰਤਮ ਦਾਅ ਖੇਡਦਿਆਂ , ਦਾਈ ਰਾਹੀਂ ਬੱਚੇ ਨੂੰ ਜ਼ਹਿਰ ਦੇਣ ਦੀ ਕੋਸ਼ਸ਼ਿ ਕੀਤੀ , ਪਰ ਉਸ ਦੀ ਜਾਲ ਪੂਰੀ ਨਾਂ ਹੋਈ । ਸੱਪ ਤੋਂ ਡਸਾਉਣ ਦੀ ਕੋਸ਼ਸ਼ਿ ਵੀ ਅਸਫਲ ਰਹੀ । ਦਹੀਂ ਵਿਚ ਜ਼ਹਿਰ ਪਾ ਕੇ ਖਵਾਉਣ ਲਈ ਰਸੋਈਏ ਨੂੰ ਵੱਦੀ ਦਿੱਤੀ ਪਰ ਬੱਚੇ ਨੂੰ ਕੋਈ ਹਾਨੀ ਨਾ ਹੋਈ , ਸਗੋਂ ਰਸੋਈਆਂ ਸੂਲ ਹੋ ਕੇ ਮਰ ਗਿਆ । ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਸਿੱਖ ਸੰਗਤ ਨੂੰ ਲਗ ਗਿਆ ਅਤੇ ਉਹ ਪ੍ਰਿਥੀ ਚੰਦ ਨੂੰ ਨਵੇਂਰਤ ਕਰਨ ਲਗੇ ਪਰ ਪ੍ਰਿਥੀ ਚੰਦ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਇਆ ਅਤੇ ਲਗਾਤਾਰ ਗੁਰੂ ਪਾਤਸ਼ਾਹ ਦੀ ਸ਼ਕਾਇਤ ਮੁਗਲ ਦਰਬਾਰੇ ਭੇਜਦਾ ਰਿਹਾ । ਅਕਬਰ ਤਕ ਉਸਦੀ ਕੋਈ ਚਾਲ ਸਫ਼ਲ ਨਾਂ ਹੋਈ ਪਰ ਜਹਾਂਗੀਰ ਦੇ ਗੱਦੀ ਤੇ ਬੈਠਣ ਨਾਲ ਸਮਾਂ ਉਸ ਵਲ ਤਬਦੀਲ ਹੋਣ ਲੱਗਾ ।

## 1.5 ਜਹਾਂਗੀਰ ਦੀ ਧਾਰਮਿਕ ਕਟੜਤਾ

ਅਕਬਰ ਬਾਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੀ ਸ਼ਹਿਨਸ਼ੀਲਤਾ ਦੀ ਨੀਤੀ ਵੀ ਉਸ ਦੀ ਕਬਰ ਵਿਚ ਦਫਨ ਕਰ ਦਿੱਤੀ ਗਈ । ਉਸ ਦਾ ਵੱਡਾ ਬੇਟਾ ਸਲੀਮ ਜਹਾਂਗੀਰ ਦੇ ਲਕਬ ਨਾਲ ਰਾਜ ਗੱਦੀ ਤੇ ਬੈਠਾ । ਉਹ ਕੱਟੜ ਸੁੰਨੀ ਮੁਸਲਮਾਨ ਸੀ ਅਤੇ ਗੈਰ ਧੋਰਮੀਆਂ ਨੂੰ ਸਖਤ ਨਫ਼ਰਤ ਕਰਦਾ ਸੀ । ਪਿਤਾ ਦੀ ਨਿਮਰਤਾ ਅਤੇ ਮਾਤਾ ਦੇ ਗੁਣ ਉਸਨੇ ਹਿਣ ਨਹੀਂ ਸਨ ਕੀਤੇ ਜਾਂ ਕਟੜਪੰਥੀ ਮੁਸਲਮਾਨਾਂ ਨੇ ਹਿਣ ਕਰਨ ਨਹੀਂ ਸਨ ਦਿੱਤੇ । ਉਸ ਦੇ ਮਨ ਵਿਚ ਕੁਟ ਕੁਟ ਕੇ ਕਾਫਰਾਂ ਪ੍ਰਤੀ ਨਫ਼ਰਤ ਭਰ ਦਿੱਤੀ ਸੀ । ਇਸ ਲਈ ਉਸਨੇ ਆਪਣੀ ਧਾਰਮਿਕ ਨੀਤੀ ਅਜਿਹੀ ਬਣਾਈ ਜਿਹੜੀ ਗੈਰ ਮੁਸਲਿਮ ਧਰਮੀਆਂ ਲਈ ਸਮੱਸਿਆ ਬਣਨੀ ਹੀ ਸੀ ਅਤੇ ਇਸ ਗੱਲ ਦਾ ਪ੍ਰਗਟਾਵਾ ਉਸ ਨੇ ਖੁਦ ਆਪਣੀ ਸਵੈ - ਜੀਵਨੀ ਤੁਜ਼ਕੇ - ਜਹਾਂਗੀਰੀ ਵਿਚ ਕੀਤਾ ਹੋਇਆ ਹੈ । ਉਹ ਲਿਖਦਾ ਹੈ :

" ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ ਤੇ ਹੈ, ਪੀਰ ਦਾ ਭੇਸ ਧਾਰਕੇ ਅਰਜਨ ਮਲ ਨਾਂ ਦਾ ਇਕ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ - ਤਰੀਕਿਆਂ ਨਾਲ ਬਹੁਤ ਸਾਰੇ ਹਿੰਦੂਆਂ ਅਤੇ ਇਸਲਾਮ ਦੇ ਜਾਹਲ ਤੇ ਮੂਰਖ ਲੋਕਾ ਉਤੇ ਡੋਰੇ ਪਾ ਰਖੇ ਹਨ । ਉਸ ਨੇ ਮਹਾਨ ਅਧਿਆਤਮਕ ਅਤੇ ਸੰਸਾਰਿਕ ਨੇਤਾ ਹੋਣ ਦਾ ਢੋਂਗ ਰਚਾ ਰਖਿਆ ਹੈ । ਉਹ ਉਸਨੂੰ ਗੁਰੂ ਕਹਿੰਦੇ ਹਨ ਅਤੇ ਹਰ ਪਾਸੇ ਤੋਂ ਮੂਰਖ ਲੋਕ ਉਸ ਦੀ ਪੂਜਾ ਕਰਨ ਲਈ ਆਉਂਦੇ ਹਨ ਤੇ ਉਸ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ । ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਝੂਠ ਦੀ ਦੁਕਾਨ ਸਰਗਰਮ ਹੈ । ਬਹੁਤ ਚਿਰ ਤੋਂ ਮੇਰੇ ਮਨ ਵਿਚ ਇਹ ਵਿਚਾਰ ਆ ਰਿਹਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਇਸਲਾਮ ਦੇ ਝੰਡੇ ਥੱਲੇ ਲੈ ਆਵਾਂ।"

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਜੀ ਦਾ ਅਸਰ ਰਸੂਖ ਬਹੁਤ ਵਧ ਰਿਹਾ ਸੀ । ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਿੱਖ ਬਣ ਰਹੇ ਸਨ । ਇਸਲਾਮੀ ਰਾਜ ਵਿਚ ਮੁਸਲਮਾਨ ਦਾ ਧਰਮ ਬਦਲਣਾ ਬਹੁਤ ਵੱਡਾ ਗੁਨਾਹ ਹੈ , ਇਹ ਗੁਨਾਹ ਭਾਵੇਂ ਛੋਟੇ ਪੈਮਾਨੇ ਉਤੇ ਹੀ ਹੋਵੇ , ਗੁਰੂ ਪਾਤਸ਼ਾਹ ਕਰ ਰਹੇ ਸਨ ਇਸ ਕਰਕੇ ਜਹਾਂਗੀਰ ਇਸ "ਦੁਕਾਨ" ਨੂੰ ਬੰਦ ਕਰਨਾ ਚਾਹੁੰਦਾ ਸੀ, ਉਹ ਕੇਵਲ ਗੁਰੂ ਅਰਜਨ ਜੀ ਨੂੰ ਹੀ ਘਿਣਾ ਨਹੀਂ ਸੀ ਕਰਦਾ, ਸਗੋਂ ਚਾਰ ਪੀੜੀਆਂ ਤੋਂ ਚਲੀ ਆ ਰਹੀ ਗੁਰ ਗੱਦੀ ਨੂੰ ਵੀ " ਊਠ ਦੀ ਦੁਕਾਨ " ਸਮਝਦਾ ਸੀ । ਜਹਾਂਗੀਰ ਕਦੇ ਗੁਰੂ ਅਰਜਨ ਦੇਵ ਜੀ ਜਾਂ ਉਸ ਤੋਂ ਪਹਿਲੇ ਕਿਸੇ ਗੁਰੂ ਸਾਹਿਬ ਨੂੰ ਨਹੀਂ ਮਿਲਿਆ ਸੀ । ਪਰ ਉਸ ਨੇ ਆਪਣੀ ਇਹ ਰਾਏ ਮੁਲਾਂ ਮੁਲਾਣਿਆਂ ਜਾਂ ਗੁਰੂ - ਨਿੰਦਕਾਂ ਤੋਂ ਸੁਣ ਸੁਣ ਕੇ ਹੀ ਬਣਾਈ ਸੀ । ਉਹ ਇਨ੍ਹਾਂ ਦੀਆਂ ਗੱਲਾਂ ਵਿਚ ਆਉਣ ਕਾਰਣ ਅੱਗ - ਬਬੂਲਾ ਹੋਈ ਫਿਰਦਾ ਸੀ ਅਤੇ ਅਜਿਹੇ ਮੌਕੇ ਦੀ ਉਡੀਕ ਵਿਚ ਸੀ ਜਦੋਂ ਉਹ ਗੁਰੂ ਸਾਹਿਬ ਨੂੰ ਇਸ ਦੀ ਬਣਦੀ ਸਜ਼ਾ ਦੇ ਸਕੇ ।

## 1.6 ਨਕਸ਼ਬੰਦੀ ਸਿਲਸਿਲਾ

ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰ ਵਰਗੇ ਸੰਦੇਸ਼ ਜਦੋਂ ਇਸਲਾਮੀ ਕੱਟੜਤਾ ਦੀ ਭੇਟ ਚੜ ਗਏ ਤਾਂ ਇਸ ਦੇ ਵਿਰੋਧ ਵਿਚ ਸੂਫ਼ੀਵਾਦ ਨਾਂ ਦੀ ਇਕ ਲਹਿਰ ਚਲੀ , ਜਿਸ ਨੇ ਕੱਟੜਤਾ ਦੀ ਹਨੇਰੀ ਨੂੰ ਢਲ ਪਾਉਣ ਦਾ ਯਤਨ ਕੀਤਾ । ਇਸ ਲਹਿਰ ਦਾ ਬਾਨੀ ਅਬੂ ਹਾਸ਼ਮ ਕੂਫੀ ਸੀ ਜੋ ਕੂਫ ਸ਼ਹਿਰ ਦਾ ਵਸਨੀਕ ਸੀ । ਇਸ ਲਹਿਰ ਦੇ

ਪੈਰੋਕਾਰ ਹਰ ਮਜ਼ਹਬ , ਹਰ ਬੰਦੇ ਵਿਚ ਅੱਲਾਹ ਦੇ ਦੀਦਾਰੇ ਕਰਦੇ । ਹਿੰਦੁਸਤਾਨ ਦੀ ਧਰਤੀ ਤੇ ਇਹ ਲਹਿਰ ਨਵੀਂ ਸਦੀ ਤਕ ਪਹੁੰਚੀ । ਪਰ ਇਥੇ ਪਹੁੰਚਣ ਤਕ ਇਹ ਲਹਿਰ ਕਈ ਹਿਸਿਆਂ ਵਿਚ ਵੰਡੀ ਗਈ ਸੀ । ਜਿੰਨ੍ਹਾਂ ਨੂੰ ਸਿਲਸਿਲੇ ਦਾ ਨਾਮ ਦਿੱਤਾ ਗਿਆ ਸੀ । ਇਨ੍ਹਾਂ ਵਿਚ ਪ੍ਰਮੁਖ ਸਿਲਸਿਲੇ ਸਨ ਸੁਹਰਾਵਰਦੀ , ਚਿਸ਼ਤੀ , ਕਾਦਰੀ ਅਤੇ ਨਕਸ਼ਬੰਦੀ । ਇਨ੍ਹਾਂ ਸਿਲਸਿਲਿਆਂ ਦੇ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਸੰਬੰਧ ਰਹੇ ਹਨ । ਚਿਸ਼ਤੀ ਸਿਲਸਿਲੇ ਦੇ ਦੈਵੀ ਫਕੀਰ ਬਾਬਾ ਫਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ । ਕਾਦਰੀ ਸਿਲਸਿਲੇ ਦੇ ਫਕੀਰ ਸਾਈ ਮੀਆਂ ਨੇ ਗੁਰੂ ਪੰਚਮ ਪਾਤਸ਼ਾਹ ਦੇ ਹੁਕਮਾਂ ਨਾਲ ਹਰਿਮੰਦਰ ਦੀ ਨੀਂਹ ਹੀ ਨਹੀਂ ਸੀ ਰੱਖੀ ਸਗੋਂ ਜਹਾਂਗੀਰ ਦੁਆਰਾ ਗੁਰੂ ਅਰਜਨ ਪਾਤਸ਼ਾਹ ਤੇ ਕੀਤੇ ਜੁਲਮਾਂ ਕਰਕੇ ਉਸਨੂੰ ਹਮੇਸ਼ਾ ਹਮੇਸ਼ਾ ਲਈ ਦੁਰਕਾਰ ਵੀ ਦਿੱਤਾ ਸੀ । ਪਰ ਨਕਸ਼ਬੰਦੀ ਸਿਲਸਿਲੇ ਦਾ ਰੋਲ ਬਹੁਤ ਹੀ ਨਾਂਹ ਪੱਖੀ ਸੀ ਅਤੇ ਇਸ ਸਿਲਸਿਲੇ ਨੇ ਪੰਚਮ ਪਾਤਸ਼ਾਹ ਹਜ਼ੂਰ ਅਤੇ ਨੌਵੇਂ ਪਾਤਸ਼ਾਹ ਹਜ਼ੂਰ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾ ਕੇ , ਸਿਖ ਇਤਿਹਾਸ ਵਿਚ ਆਪਣੇ ਆਪ ਨੂੰ ਹਮੇਸ਼ਾ ਲਈ ਕਲੰਕਤ ਕਰ ਲਿਆ ਸੀ ਸਮੁੱਚੀ ਸਿੱਖ ਕੌਮੀਅਤ ਅਜ ਬਾਬਾ ਫਰੀਦ ਅਤੇ ਸਾਈਂ ਮੀਆਂ ਮੀਰ ਨੂੰ ਨਤਮਸਤਕ ਕਰਦੀ ਹੈ ਪਰ ਨਕਸ਼ ਬੰਦੀ ਸਿਲਸਿਲੇ ਪ੍ਰਤੀ ਨਫ਼ਰਤ ਉਨ੍ਹਾਂ ਦੇ ਮਨ ਦਾ ਹਿੱਸਾ ਹੋ ਚੁੱਕੀ ਹੈ ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ ਪਿਆਰ ਦੇ ਗੁਣਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕੱਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ ਸੀ । ਆਪਣੀ ਕੱਟੜਤਾ ਦੇ ਇਸ ਅਗਨੀ ਵਿਚ ਉਹ ਕੁਲ ' ਕਾਫਰਾਂ ਨੂੰ ਫਨਾਹ ਕਰਨ ਹਿਤ ਤਾਕਤ ਲਈ ਅੱਲਾਹ ਅਗੇ ਅਰਜੋਈਆ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗੈਰ ਧਰਮੀਆਂ ਖਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ । ਨਫਰਤ ਦੇ ਇਸ ਕਰਮ ਦਾ ਸਿਖਰ ਸ਼ੇਖ ਅਹਿਮਦ ਸਰਹਿੰਦੀ ਦਾ ਵੇਲਾ ਸੀ । ਉਹ ਮੁਜੱਦਦ ਅਲਵਿਸਾਨੀ ਹਜਾਰਾਂ ਯੁਗਾਂ ਦਾ ਸੁਧਾਰਕ ) ਦਾ ਖਿਤਾਬ ਧਾਰਨ ਕਰਕੇ ਪਿਛਾਹ ਖਿਚੂ ਸ਼ਕਤੀਆਂ ਦਾ ਆਗੂ ਬਣ ਬੈਠਾ ਸੀ । ਉਸ ਦੀ ਇਛਾ ਸੀ ਕਿ ਸਭ ਰਾਜਨੀਤਿਕ , ਸਮਾਜਿਕ ਅਤੇ ਧਾਰਮਿਕ ਮੁਆਮਲਿਆਂ ਦਾ ਨਿਪਟਾਰਾ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ । ਅਕਬਰ ਦਾ ਦੀਨਿ - ਈਲਾਹੀ , ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨ੍ਹਾਂ ਦੇ ਤਿਥਾਂ ਤਿਉਹਾਰਾਂ ਵਿਚ ਉਸ ਦੀ ਸਮੂਲੀਅਤ ਨੂੰ ਉਹ ਇਸਲਾਮ ਵਾਸਤੇ ਖਤਰਾ ਤਸੱਵਰ ਕਰਦਾ ਸੀ । ਇਕ ਅਜਿਹਾ ਖਤਰਾ ਜੋ ਇਸਲਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖਤਮ ਕਰ ਸਕਦਾ ਸੀ । ਸ਼ੇਖ ਅਹਿਮਦ ਸਰਹਿੰਦੀ ਲਿਖਦਾ ਹੈ :

ਕਾਫਰਾਂ ਨੂੰ ਸਮਾਜ ਵਿਚ ਸ਼ਾਮਿਲ ਕਰਨਾ , ਆਪਣੇ ਨਾਲ ਬਠਾਉਣਾ , ਤੇ ਇਨ੍ਹਾਂ ਨਾਲ ਗਲਬਾਤ ਕਰਨਾ ਵੀ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਇਜ਼ਤ ਕਰਨਾ ਦੇ ਞੁੱਲ ਹੈ , ਜੋ ਨਹੀਂ ਹੋਣੀ ਚਾਹੀਦੀ । ਸੱਚ ਤਾਂ ਇਹ ਹੈ ਕਿ ਇਨ੍ਹਾਂ ਕਾਫਰਾਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ ਦੂਰੇ ਕਰਦੇ ਰਹਿਣਾ ਚਾਹੀਦਾ ਹੈ ।

ਗੁਰੂ ਅਰਜਨ ਪਾਤਸ਼ਾਹ ਵੇਲੇ ਪੰਜਾਬ ਦੀ ਸਾਰੀ ਧਰਤੀ ਤੇ " ਗੁਰੂ ਮਹਿਮਾ ਦਾ ਗਾਇਨ ਸੀ ਸਿੱਖ ਧਰਮ ਦਾ ਪ੍ਰਭਾਵ ਇਥੋਂ ਤਕ ਵਧ ਗਿਆ ਕਿ ਪੰਜਾਬੀ ਮਾਨਸਿਕਤਾ ਨੇ ਗੁਰੂ ਅਰਜਨ ਦੇਵ ਜੀ ਨੂੰ " ਸੱਚੇ ਪਾਤਸ਼ਾਹ ਵਜੋਂ ਪ੍ਰਵਾਨ ਕਰ ਲਿਆ ਸੀ । ਇਹ ਸਮਾਂ ਸੀ ਜਦੋਂ ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧਣ ਲਗ ਪਈ । ਇਸ ਲੋਕ ਪਿਆਰ ਨੇ ਗੁਰੂ - ਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਵੀ ਭਰ ਦਿੱਤੀ ਸੀ । ਇਸਲਾਮੀ ਰਾਜ ਵਿਚ ਕਾਫਰ ਧਰਮ ਦਾ ਪ੍ਰਕਾਸ਼ ਨਕਸ਼ਬੰਦੀਆਂ ਲਈ ਕਿਆਮਤ ਦੇ ਦਿਨਾਂ ਵਰਗਾ ਸੀ । ਪਰ ਅਕਬਰ ਦੀ ਨੀਤੀ ਕਾਰਣ ਉਹ ਕੁਝ ਵੀ ਕਰਨ ਤੋਂ ਅਸਮਰਥ ਸਨ 1605 ਈਸਵੀ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਮੌਤ ਹੋ ਜਾਂਦੀ ਹੈ ਅਤੇ ਜਹਾਂਗੀਰ ਗੱਦੀ - ਨਸ਼ੀਨ ਹੁੰਦਾ ਹੈ । ਜਹਾਂਗੀਰ ਨਕਸ਼ ਬੰਦੀਆਂ ਦੇ ਪ੍ਰਭਾਵ ਹੇਠ ਸੀ ਕਿਉਂਕਿ ਗੱਦੀ ਹਾਸਲ ਕਰਨ ਵਿਚ ਨਕਸ਼ਬੰਦੀਆਂ ਨੇ ਅਹਿਮ ਰੋਲ ਅਦਾ ਕੀਤਾ ਸੀ । ਇਸ ਲਈ ਇਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਿਆਂ ਉਸਨੇ ਕੱਟੜ ਪੁਣੇ ਦੀ ਤਲਵਾਰ ਨੂੰ ਤੇਜ਼ ਕਰ ਦਿਤਾ । ਸਿਟੇ ਵਜੋਂ ਉਨ੍ਹਾਂ ਸਾਰੇ ਲੋਕਾਂ ਦੇ ਚਿਹਰੇ ਤੇ ਮੁਸਕਾਨ ਆ ਗਈ ਸੀ ਜਿਹੜੇ ਸਿੱਖ ਧਰਮ ਦੀ ਵਧਦੀ ਲਹਿਰ ਦੇ ਵਿਰੋਧੀ ਸਨ ਅਤੇ ਇਨ੍ਹਾਂ ਵਿਚ ਸਭ ਤੋਂ ਵੱਡੀ ਭੂਮਿਕਾ ਨਕਸ਼ਬੰਦੀ ਸਿਲਸਿਲਾ ਨਿਭਾ ਰਿਹਾ ਸੀ । ਉਸ ਨੇ ਹੁਣ ਸਿੱਖ ਧਰਮ ਨੂੰ ਤਕੜੇ ਹੱਥੀਂ ਨਜਿੱਠਣ ਦਾ ਮਨ ਬਣਾਇਆ

ਅਤੇ ਇਸਲਾਮਕ ਫਤਵਿਆ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫੁਰਮਾਨ ਵਜੋਂ ਜ਼ਾਰੀ ਕਰਵਾਉਣ ਵਿਚ ਸਫਲ ਹੋ ਗਿਆ । ਇਕ ਫਤਵਾ ਉਦਾਹਰਣ ਲਈ ਪੇਸ਼ ਹੈ :

ਅੱਲਾਹ ਬਿਨਾਂ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਸਾਹਿਬ ਹੀ ਅੱਲਾਹ ਦਾ ਸੁਨੇਹਾ ਦੇਣ ਵਾਲਾ ਪੈਗੰਬਰ ਹੈ। ਇਸ ਕਲਮੇ ਤੇ ਯਕੀਨ ਰੱਖਣ ਵਾਲਾ ਮੋਮਿਨ ( ਇਮਾਨ ਵਾਲਾ ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ । ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫ਼ਰਾਂ ਦੀ ਹਥਿਆਰ ਬੰਦ ਦਾਰੁਲਾ ਹਰਬ ) ਦੁਨੀਆ ਨੂੰ ਸ਼ਾਂਤੀ ਦੀ ਦੁਨੀਆਂ ( ਦਾਰੁਲ – ਇਸਲਾਮ ) ਵਿਚ ਤਬਦੀਲ ਕਰਨ ਲਈ ਧਰਮ ਯੁੱਧ ਜਹਾਦੀ ਨੇ ॥

ਸਪਸ਼ਟ ਹੈ ਕਿ ਸਿੱਖ ਧਰਮ ਦੀ ਹਰਮਨ ਪਿਆਰਤਾ ਉਸ ਲਈ ਕਿਵੇਂ ਅਸਹਿ ਹੋ ਰਹੀ ਸੀ । ਇਥੋਂ ਤਕ ਕਿ ਉਹ ਕਾਦਰੀ ਸਿਲਸਿਲੇ ਦੇ ਉਸ ਵੇਲੇ ਦੇ ਮੁਖੀ ਨੂੰ ਵੀ ਸਖਤ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਰੱਬੀ ਰੂਹ ਦੇ ਤੌਰ ਤੇ ਮਾਨਤਾ ਦਿੰਦਾ ਸੀ । ਜਹਾਂਗੀਰ ਨਕਸ਼ਬੰਦੀ ਸਕੂਲ ਦੇ ਬੇਹੱਦ ਪ੍ਰਭਾਵ ਵਿਚ ਸੀ । ਇਸ ਕਰਕੇ ਸਪਸ਼ਟ ਸੀ ਕਿ ਨਕਸ਼ਬੰਦੀ ਸਿਲਸਿਲਾ ਹੁਣ ਸਿੱਖ ਧਰਮ ਲਈ ਸਮੱਸਿਆਵਾਂ ਖੜੀਆਂ ਕਰਨ ਦੀ ਕੋਸ਼ਸ਼ਿ ਕਰੇਗਾ ।

## 1.7 ਖੁਸਰੋਂ ਦੀ ਬਗਾਵਤ

ਖੁਸਰੋਂ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ ਸੀ ਅਤੇ ਆਪਣੇ ਦਾਦੇ ਅਕਬਰ ਵਾਂਗ ਬੇਹੱਦ ਸ਼ਹਿਨਸੀਲ ਮਨੁੱਖ ਸੀ। ਪਰ ਇਹ ਸ਼ਹਿਣਸ਼ੀਲਤਾ ਉਸ ਲਈ ਸਮੱਸਿਆ ਬਣ ਗਈ , ਅਕਬਰ ਜਦੋਂ ਬਿਮਾਰੀ ਦੀ ਹਾਲਤ ਵਿਚ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ ਤਾਂ ਉਸਦੀ ਪ੍ਰਬਲ ਇਛਾ ਸੀ ਕਿ ਰਾਜਗੱਦੀ ਉਸ ਦੇ ਪੁੱਤਰ ਦੀ ਥਾਂ ਪੋਤੇ ਨੂੰ ਦਿੱਤੀ ਜਾਵੇ , ਕਿਉਂਕਿ ਉਹ ਜਹਾਂਗੀਰ ਦੇ ਹਠੀ ਸੁਭਾਅ ਅਤੇ ਉਸ ਨਾਲ ਜੁੜੇ ਹੋਏ ਕਟੜਪੰਥੀ ਟੋਲੇ ਦੀਆਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝਦਾ ਸੀ । ਉਸ ਦਾ ਇਹ ਅਟੱਲ ਵਿਸ਼ਵਾਸ ਸੀ ਹਿੰਦੋਸਤਾਨ ਵਿਚ ਸਦਾ ਲਈ ਮੁਗਲਈ ਹਕੂਮਤ ਦੀ ਸਥਾਪਨਾ ਲਈ ਸਖਤੀ ਦੀ ਨਹੀਂ ਪਿਆਰ ਦੀ ਲੋੜ ਹੈ ਅਤੇ ਅਜਿਹੇ ਪਿਆਰ ਦੀ ਠੰਡੀ ਹਵਾ ਖੁਸਰੋ ਵਰਗਾ ਰਹਿਮ ਦਿਲ ਮਨੁੱਖ ਹੀ ਦੇ ਸਕਦਾ ਸੀ , ਜਹਾਂਗੀਰ ਨਹੀਂ । ਅਕਬਰ ਦੇ ਦਰਬਾਰ ਵਿਚ ਦੋ ਧਿਰਾਂ ਖੜੀਆਂ ਹੋ ਗਈਆਂ । ਜਿੰਨਾਂ ਵਿਚੋਂ ਕੁਝ ਜਹਾਂਗੀਰ ਦੀ ਪਿਠ ਤੇ ਸਨ ਅਤੇ ਕੁਝ ਖੁਸਰੋ ਦੀ ਤੇ । ਕੱਟੜਪੰਥੀਆਂ ਦੀ ਜਿੱਤ ਹੋਈ ਅਕਬਰ ਦੀ ਮੌਤ ਦੇ ਨਾਲ ਹੀ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਤਿ ਕਰ ਦਿੱਤਾ । ਤਖਤ ਤੇ ਬੈਠਦਿਆਂ ਹੀ ਜਹਾਂਗੀਰ ਨੇ ਖੁਸਰੋ ਨੂੰ ਬਾਗੀ ਗਰਦਾਨ ਕੇ ਆਗਰੇ ਵਿਚ ਜੇਲ ਦੀਆਂ ਸਲਾਖਾਂ ਪਿਛੇ ਡਕ ਦਿੱਤਾ । ਇਕ ਦਿਨ ਖੁਸਰੋ ਨੇ ਬੇਨਤੀ ਕੀਤੀ ਕਿ ਉਹ ਆਪਣੇ ਦਾਦੇ ਦੀ ਕਬਰ ਤੇ ਸਿਜਦਾ ਕਰਨਾ ਚਾਹੁੰਦਾ ਹੈ । ਬੇਨਤੀ ਪਰਵਾਨ ਕਰ ਲਈ ਗਈ । ਖੁਸਰੋ ਜੇਲ ਵਿਚੋਂ ਬਾਹਰ ਆਇਆ ਅਤੇ ਆਪਣੇ ਪਿਤਾ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ । ਪਰ ਸਾਧਨਾਂ ਦੀ ਅਣਹੋਂਦ ਉਸ ਦੇ ਰਾਹ ਦਾ ਅੜਿੱਕਾ ਸੀ । ਉਸਨੇ ਮਨ ਬਣਾਇਆ ਕਿ ਅਫਗਾਨਿਸਤਾਨ ਪਹੁੰਚ ਕੇ ਤਾਕਤ ਇਕੱਠੀ ਕੀਤੀ ਜਾਵੇ ਤੇ ਜਹਾਂਗੀਰ ਬਾਦਸ਼ਾਹ ਨੂੰ ਗੱਦੀ ਤੋਂ ਲਾਹਕੇ ਅਕਬਰ ਵਰਗੇ ਉੱਦਾਰ ਸ਼ਾਸਨ ਦੀ ਬਹਾਲੀ ਕੀਤੀ ਜਾਵੇ । ਅਫ਼ਗਾਨਿਸਤਾਨ ਵਲ ਜਾਂਦੇ ਹੋਏ ਰਸਤੇ ਵਿਚ ਉਹ ਗੋਇੰਦਵਾਲ ਰੁਕਿਆ । ਗੁਰੂ ਸਾਹਿਬ ਕੋਲੋਂ ਅਸ਼ੀਰਵਾਦ ਲਿਆ , ਲੰਗਰ ਛਕਿਆ ਅਤੇ ਅੱਗੇ ਚਲ ਪਿਆ । ਪਰ ਜਲਦੀ ਹੀ ਜਹਾਂਗੀਰ ਦੀਆਂ ਫੌਜਾਂ ਨੇ ਉਸਨੂੰ ਘੇਰ ਲਿਆ , ਗ੍ਰਿਫ਼ਤਾਰ ਕੀਤਾ ਅਤੇ ਉਸਦੇ ਪਿਤਾ ਦੇ ਸਨਮੁਖ ਪੇਸ਼ ਕਰ ਦਿੱਤਾ । ਜਹਾਂਗੀਰ ਨੇ ਉਸਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਖੁਸਰੋ ਨੂੰ ਅੰਨਿਆ ਕਰ ਹਮੇਸ਼ਾ ਹਮੇਸ਼ਾ ਲਈ ਆਗਰੇ ਦੇ ਕਿਲੇ ਵਿਚ ਸੁੱਟ ਦੇਣ ਦਾ ਹੁਕਮ ਕੀਤਾ ।

ਜਹਾਂਗੀਰ ਨੂੰ ਜਦੋਂ ਇਸ ਗੱਲ ਦਾ ਪਤਾ ਲਗਾ ਕਿ ਖੁਸਰੋ ਗੋਇੰਦਵਾਲ ਰੁਕਿਆ ਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਸੀ , ਤਾਂ ਉਸ ਦੇ ਗੁੱਸੇ ਦੀ ਸੀਮਾਂ ਸਾਰੀਆਂ ਹੱਦਾਂ ਪਾਰ ਕਰ ਗਈ । ਉਸਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ । ਇਸ ਗੱਲ ਦਾ ਪ੍ਰਗਟਾਵਾ ਉਹ ਖੁਦ ਆਪਣੀ ਸਵੈ – ਜੀਵਨ ਕਰਦਾ ਲਿਖਦਾ ਹੈ :

ਉਹ ਹਕੀਰ ਮਨੁੱਖ ਨੇ ਖੁਸਰੋ ਨੂੰ ਪਨਾਹ ਦਿੱਤੀ । ਉਸਨੂੰ ਪੰਜ ਹਜ਼ਾਰ ਰੁਪਇਆ ਸਹਾਇਤਾ ਵਜੋਂ ਦਿੱਤਾ ਅਤੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਗਾਇਆ , ਜਿਸਨੂੰ ਹਿੰਦੁਸਤਾਨ ਦੀ ਧਰਤੀ ਤੇ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ । ਮੈਂ ਮੁਰਤਜ਼ਾ ਖਾਨ ਨੂੰ ਹੁਕਮ ਦਿੱਤਾ ਕਿ ਉਸਨੂੰ ਗ੍ਰਿਫ਼ਤਾਰ ਕਰਕੇ ਲਹੌਰ ਲਿਆਂਦਾ ਜਾਵੇ ਉਸਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਉਸਨੂੰ ਤਸੀਹੇ ਦੇ ਕੇ ਮਾਰ ਦਿਤਾ ਜਾਵੇ ।

## 1.8 ਸ਼ਹਾਦਤ

ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਠਾਉਣ , ਸਿਰ ਉਪਰ ਰੇਤ ਪਾਉਣ ਆਦਿ ਦੀਆਂ ਸਖਤ ਸਜ਼ਾਵਾਂ ਦਿੱਤੀਆਂ ਗਈਆਂ । ਜਹਾਂਗੀਰ ਦੇ ਅਹਿਲਕਾਰਾਂ ਦੀਆਂ ਸਖਤੀਆਂ ਨੂੰ ਖਿੜੇ ਮੱਥੇ ਸਹਾਰਦੇ ਹੋਏ ਗੁਰ ਪਾਤਸ਼ਾਹ 1606 ਈਸਵੀ ਨੂੰ ਸ਼ਹਾਦਤ ਦਾ ਜਾਮ ਪੀ ਗਏ । ਉਨ੍ਹਾਂ ਨੇ ਆਪਣੀ ਇਸ ਸ਼ਹਾਦਤ ਲੋਕ ਮੁਕਤੀ ਅਤੇ ਹਿੰਦੁਸਤਾਨੀਆਂ ਨੂੰ " ਪਤ ਸੇਤੀ ' ਜ਼ੰਦਿਗੀ ਅਤੇ ਜ਼ੁਲਮ ਵਿਰੁਧ ਦਰਸਾਇਆ । ਜ਼ਬਰ ਅਤੇ ਜ਼ੁਲਮ ਵਿਰੁਧ ਅਵਾਜ਼ ਉਠਾਉਣ ਦੇ ਇਸ ਅਨੋਖੇ ਤਰੀਕੇ ਨੇ ਆਉਣ ਵਾਲੇ ਸਮੇਂ ਵਿਚ ਹਿੰਦੋਸਤਾਨ ਦੀ ਤਕਦੀਰ ਤੇ ਨਵੇਂ ਪੂਰਨੇ ਪਾ ਦਿੱਤੇ ।

## 1.9 ਸ਼ਹਾਦਤ ਦੇ ਕੌਮੀ ਪ੍ਰਭਾਵ

1 . ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਾਲ ਸਿੱਖ ਧਰਮ ਵਿਚ ਸ਼ਹਾਦਤ ਦਾ ਦੌਰ ਸ਼ੁਰੂ ਹੋ ਗਿਆ ਅਤੇ ਸਿੱਖਾਂ ਵਿਚ ਇਕ ਨਵੀਂ ਚੇਤਨਾ ਪੈਦਾ ਹੋ ਗਈ । ਉਹ ਚੇਤਨਾ ਸਵਾਲ ਵੀ ਸੀ ਤੇ ਜਵਾਬ ਵੀ ਕਿ ਸ਼ਹਾਦਤਾਂ ਦੇ ਅੱਗੇ ਤੋਂ ਰੂਪ ਕੀ ਹੋਵੇਗਾ ।

2 . ਜ਼ੁਲਮ ਨੂੰ ਬੁਜ਼ਦਿਲਾਂ ਵਾਂਗ ਸਹਿਣ ਦੀ ਆਗਿਆ ਸਿੱਖ ਚਿੰਤਨ ਵਿਚ ਨਹੀਂ ਹੈ । ਇਸ ਗੱਲ ਦਾ ਪ੍ਰਗਟਾਅ ਖੁਦ ਪੰਚਮ ਪਾਤੰਸ਼ਾਹ ਨੇ ਆਪਣੀ ਸ਼ਹਾਦਤ ਦੇ ਕੇ ਕਰ ਦਿੱਤਾ । ਉਨ੍ਹਾਂ ਦੀ ਸ਼ਹਾਦਤ ਨੇ ਲੋਕ ਮਨਾਂ ਵਿਚ ਜੋ ਪ੍ਰਸ਼ਨ ਪੈਦਾ ਕਰ ਦਿੱਤੇ ਸਨ , ਉਨ੍ਹਾਂ ਦਾ ਉੱਤਰ ਹੀ ਸਿੱਖ ਧਰਮ ' ਚ ਅਗੇ ਤੋਂ ਹੋਈ ਹਥਿਆਰਬੰਦ ਜਦੋ - ਜਹਿਦ ਪ੍ਰਵਾਨ ਕੀਤਾ ਜਾ ਸਕਦਾ ਹੈ ।

3 . ਜੀਵਨ ਦੇ ਅਖੀਰਲੇ ਵਕਤ ਆਪਣੇ ਜਾਨਸ਼ੀਨ ਨੂੰ ਗੁਰੂ ਪਾਤਸ਼ਾਹ ਨੇ ਜੋ ਸੁਨੇਹਾ ਭੇਜਿਆ , ਉਹ ਨਵਾਂ ਰੰਗ ਲਿਆਇਆ । ਉਹ ਸੁਨੇਹਾ ਸਿੱਖ ਮਾਨਸਿਕਤਾ ਨੇ ਇਸ ਤਰ੍ਹਾਂ ਸੰਭਾਲ ਕੇ ਰੱਖਿਆ ਹੈ :

ਮੈਂ ਆਪਣੇ ਨਿਸ਼ਾਨੇ ਦੀ ਪੂਰਤੀ ਹਿਤ ਕੁਰਬਾਨ ਹੋਣ ਜਾ ਰਿਹਾ ਹਾਂ । ਮੇਰੀ ਮੌਤ ' ਤੇ ਅਫ਼ਸੋਸ ਨਹੀਂ ਕਰਨਾ , ਰੱਬੀ ਬਾਣੀ ਦਾ ਧਿਆਨ ਕਰਨਾ ਅਤੇ ਆਪਣੇ ਤਖ਼ਤ ' ਤੇ ਹਥਿਆਰਬੰਦ ਹੋ ਕੇ ਬੈਠਣਾ ਤੇ ਵੱਧ ਤੋਂ ਵੱਧ ਸਮਰਥਾ ਨਾਲ ਫੋਜ ਰੱਖਣਾ।

4 . ਗੁਰੂ ਸਾਹਿਬ ਦੇ ਹੁਕਮ ਨਾਲ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ' ਤੇ ਬਿਰਾਜਮਾਨ ਹੁੰਦੇ ਹਨ ਅਤੇ ਉਨ੍ਹਾਂ ਦੀ ਅਗਵਾਈ ਵਿਚ ਇਕ ਅਜਿਹੀ ਹਥਿਆਰਬੰਦ ਲੋਕ - ਲਹਿਰ ਤਿਆਰ ਹੋਈ ਜਿਸ ਨੇ ਆਉਣ ਵਾਲੇ ਸਮੇਂ ਵਿਚ ਨਵਾਂ ਇਤਿਹਾਸ ਸਿਰਜ ਦੇ ਰੱਖ ਦਿੱਤਾ ।

5. ਗੁਰੂ ਆਸ਼ੇ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰੰਪਰਾਗਤ ਚਿੰਨ੍ਹਾਂ ਨਾਲ ਗੁਰਿਆਈ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ . ਸੈਂਲੀ , ਟਿੱਪੀ , ਮਾਲਾ , ਮੰਜੀ ਨੂੰ ਤੋਸ਼ੇਖਾਨੇ ਵਿਚ ਰੱਖਣ ਦਾ ਹੁਕਮ ਦੇ ਕੇ ਐਲਾਨ ਕੀਤਾ ਕਿ ਉਹ ਸ਼ਾਹੀ ਠਾਠ ਨਾਲ ਦੋ ਤਲਾਵਾਰਾਂ ਧਾਰਨ ਕਰਨਗੇ , ਕਲਗੀ ਲਾਉਣਗੇ ਅਤੇ ਫੌਜ ਰੱਖਣਗੇ । ਬਾਬਾ ਬੁੱਢਾ ਜੀ ਦੇ ਹੱਥੀਂ ਗੁਰਿਆਈ ਧਾਰਨ ਕਰਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ ਜੋ ਸਿੱਖ ਇਤਿਹਾਸ ਵਿਚ ਮੀਰੀ - ਪੀਰੀ ਦੇ ਸੰਕਲਪ ਨਾਲ ਹਮੇਸ਼ਾ - ਹਮੇਸ਼ਾ ਲਈ ਰੂਪਮਾਨ ਹੋ ਗਈਆਂ ।

6. ਗੁਰੂ ਅਰਜਨ ਪਾਤਸ਼ਾਹ ਦਾ ਹੁਕਮ , ਤਖ਼ਤ ' ਤੇ ਬੈਠਣ ਦਾ ਸੀ । ਇਸ ਲਈ ਗੁਰਿਆਈ ਤੋਂ ਅਗਲੇ ਦਿਨ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਤਖ਼ਤ ਦੀ ਉਸਾਰੀ ਸ਼ੁਰੂ ਕਰ ਦਿੱਤੀ । ਗੁਰੂ ਮਹਾਰਾਜ ਨੇ ਇਸ ਤਖ਼ਤ ਦੀ ਉਚਾਈ 12 ਫੁਟ ਰਖੀ । ਕਿਉਂਕਿ ਜਿਸ ਤਖ਼ਤ ' ਤੇ ਮੁਗਲ ਬਾਦਸ਼ਾਹ ਬੈਠਦਾ ਸੀ , ਉਸਦੀ ਉਚਾਈ ਵੀ 12 ਫੁਟ ਸੀ ਅਤੇ ਇਸ ਦੇ ਬਰਾਬਰ ਦਾ ਤਖ਼ਤ ਉਸਾਰਨ ਦੀ ਸਜ਼ਾ ਮੁਗਲੀਆ ਹਕੂਮਤ ਨੇ ਮੌਤ

ਨਿਸ਼ਚਿਤ ਕੀਤੀ ਸੀ । ਪਰ ਗੁਰੂ ਸਾਹਿਬ ਨੇ 12 ਫੁੱਟ ਉੱਚਾ ਤਖ਼ਤ ਉਸਾਰ ਕੇ ਮੁਗਲ ਹਕੂਮਤ ਲਈ ਚੁਣੌਤੀ ਖੜੀ ਕਰ ਦਿੱਤੀ ਸੀ ।

7. ਤਖ਼ਤ ਤੋਂ ਪਹਿਲੇ ਹੁਕਮਨਾਮੇ ਵਿਚ ਗੁਰੂ ਘਰ ਲਈ ਘੋੜੇ , ਹਥਿਆਰ ਅਤੇ ਨੌਜੁਆਨਾਂ ਦੀ ਮੰਗ ਕੀਤੀ ਅਤੇ ਦੂਸਰੇ ਹੁਕਮਨਾਮੇ ਵਿਚ ਅਕਾਲ ਤਖ਼ਤ ’ਤੇ ਇਕੱਤਰ ਹੋਣ ਦਾ ਹੁਕਮ ਸੀ, ਜਿਸ ਵਿਚ ਅਨੰਦਪੁਰ ਸਾਹਿਬ ਦੀ ਧਰਤੀ ਵਿਚ ਵਾਪਰੇ ਕੌਤਕ ਵਰਗਾ ਵਰਤਾਰਾ ਕਰਦਿਆਂ ਪੰਜ ਸਿੱਖ – ਭਾਈ ਪਰਾਗਾ, ਜੇਠਾ, ਲੰਗਾਹ, ਮੋਖਾ ਅਤੇ ਬਿਧੀ ਚੰਦ ਜੀ ਨੂੰ ਚੁਣਦਿਆਂ ਉਨ੍ਹਾਂ ਹਰੇਕ ਦੇ ਅਧੀਨ 100 ਸਿੱਖਾਂ ਦਾ ਜੱਥਾ ਸਥਾਪਤ ਕਰ ਦਿੱਤਾ ਅਤੇ ਸ਼ਹੀਦੀ ਦਾ ਨਵਾਂ ਰੂਪ ਕਿਸ ਤਰ੍ਹਾਂ ਦਾ ਹੋਵੇਗਾ , ਇਹ ਇਤਿਹਾਸ ਦੇ ਵਰਕੇ ’ਤੇ ਲਿਖ ਦਿੱਤਾ।

8. ਮੁਗਲੀਆ ਹਕੂਮਤ ਦਾ ਇਸ ਨੂੰ ਇਕ ਵੰਗਾਰ ਤਸਲੀਮ ਕਰਨਾ ਕੁਦਰਤੀ ਸੀ । ਸਿੱਟੇ ਵਜੋਂ ਗੁਰੂ ਮਹਾਰਾਜ ਅਤੇ ਮੁਗਲੀਆ ਫੌਜਾਂ ਵਿਚ ਚਾਰ ਵੱਡੇ ਯੁੱਧ ਹੋਏ । ਇਨ੍ਹਾਂ ਚਾਰੇ ਯੁੱਧਾਂ ਵਿਚ ਸਿੱਖਾਂ ਦੀ ਜਿੱਤ ਨਾਲ ਪੂਰੇ ਹਿੰਦੁਸਤਾਨ ਵਿਚ ਉਨ੍ਹਾਂ ਦੀ ਜੈ – ਜੈ ਕਾਰ ਹੋ ਗਈ ਕਿਉਂਕਿ ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਪਹਿਲੀ ਵਾਰ ਭਾਰਤੀ ਖਲਕਤ ਦੇ ਅੰਦਰ ਨਵਾਂ ਅਹਿਸਾਸ ਜਾਗਿਆ ਕਿ ਉਹ ਕੇਵਲ ਲੜ ਹੀ ਨਹੀਂ ਸਕਦੇ, ਸਗੋਂ ਸ਼ਕਤੀਸ਼ਾਲੀ ਹਕੂਮਾਂ ਨੂੰ ਤਹਿਸ ਨਹਿਸ ਵੀ ਕਰ ਸਕਦੇ ਹਨ ।

## 1.10 ਸਾਰ

ਪੰਜਵੇਂ ਪਾਤਸ਼ਾਹ ਸਿੱਖ ਪੰਥ ਦੇ ਪਹਿਲੇ ਗੁਰੂ ਸਨ ਜਿਨ੍ਹਾਂ ਧਰਮ ਖ਼ਾਤਰ ਸ਼ਹੀਦੀ ਦਿੱਤੀ। ਆਪ ਅਨੇਕਾਂ ਤਸੀਹੇ ਝੱਲ ਕੇ ਵੀ ਸ਼ਾਂਤ ਅਤੇ ਅਡੋਲ ਰਹੇ। ਆਪ ਜੀ ਨੂੰ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੇ ਸਿਰਤਾਜ ਵਜੋਂ ਜਾਣਿਆ ਜਾਂਦਾ ਹੈ। ਗੁਰੂ ਅਰਜਨ ਪਾਤਸ਼ਾਹ ਦਾ ਸਮਾਂ ਸਿੱਖ ਇਤਿਹਾਸ ਲਈ ਅਜਿਹਾ ਸਮਾਂ ਸੀ ਜਦੋਂ ਸਿੱਖ ਪੰਥ ਵਿਚ ਇਕ ਨਵੀਂ ਸਦ ਚੇਤਨਾ ਦਾ ਆਰੰਭ ਹੋਇਆ। ਜਿਸਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਹੇਠ ਜਬਰ ਅਤੇ ਜ਼ੁਲਮ ਦੇ ਖਿਲਾਫ਼ ਡੱਟ ਕੇ ਵਿਰੋਧ ਕਰਨ ਦਾ ਫ਼ੈਸਲਾ ਕੀਤਾ।

## 1.11 ਸੰਬੰਧਿਤ ਪੁਸਤਕਾਂ


- Teja Singh, Ganda Singh, A Short History of the Sikhs, Publication Bureau, Punjabi University , Patiala.
- G. S. Nayyar, Sikh Polity and Political Institutions, New Delhi
- S. M. Latif, History of the Punjab, Ludhiana.
- G.C. Narang, Transformation of Sikhism, New Book Society, Lahore
- ਡਾ. ਜਸਬੀਰ ਕੌਰ (ਸੰਪ.), ਸ੍ਰੀ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦਾ ਯੁੱਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀਵਨ ਅਤੇ ਬਾਣੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ONE YEAR DIPLOMA IN SIKH THEOLOGY

### SEMESTER II

### COURSE: THEOLOGICAL DEVELOPMENT OF SIKHISM

### UNIT 2: GURU HARGOBIND SAHIB

**STRUCTURE**

2.0 ਉਦੇਸ਼

2.1 ਜਾਣ-ਪਛਾਣ

2.1. ਭਾਈ ਗੁਰਦਾਸ ਜੀ ਦੇ ਗੁਰੂ ਸਾਹਿਬ ਬਾਰੇ ਵਿਚਾਰ

2.2 ਜਨਮ ਤੇ ਬਾਲਪਨ

2.3 ਸ਼ਾਸਤਰ ਤੇ ਸ਼ਸ਼ਤਰ ਵਿਦਿਆ

2.4 ਗ੍ਰਹਿਸਥ ਜੀਵਨ

2.5 ਗੁਰਿਆਈ

2.5.1 ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅੰਤਿਮ ਉਪਦੇਸ਼

2.5.2 ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

2.6 ਸਿੱਖ ਧਰਮ ਵਿਚ ਯੋਗਦਾਨ

2.6.1 ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ

2.6.2 ਸਿੱਖਾਂ ਦੀ ਸ਼ਸ਼ਤਰ ਸਿੱਖਿਆ

2.6.3 ਉਪਹਾਰਾਂ ਦੀ ਕਿਸਮ ਵਿਚ ਤਦਬੀਲੀ

2.6.4 ਬੀਰ ਕਾਵਿ ਨੂੰ ਉਤਸ਼ਾਹਿਤ ਕਰਨਾ

2.6.5 ਅਕਾਲ ਤਖਤ ਦੀ ਸਥਾਪਨਾ

**2.6.6 ਨਿਤਨੇਮ**

**2.6.7 ਲੋਹਗੜ੍ਹ ਦੀ ਉਸਾਰੀ**

**2.6.8 ਗਵਾਲੀਅਰ ਵਿਖੇ ਨਜ਼ਰਬੰਦੀ**

**2.6.9 ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ**

**2.7 ਸਿੱਖ-ਮੁਗ਼ਲ ਯੁੱਧ**

**2.7.1 ਸ਼ਾਹਜਹਾਨ ਦੀ ਧਾਰਮਿਕ ਕੱਟੜਤਾ ਦੀ ਨੀਤੀ**

**2.7.2 ਅੰਮ੍ਰਿਤਸਰ ਦੀ ਜੰਗ**

**2.7.3 ਹਰਿਗੋਬਿੰਦਪੁਰ ਦੀ ਜੰਗ**

**2.7.4 ਮਹਿਰਾਜ ਦੀ ਜੰਗ**

**2.7.5 ਕਰਤਾਰਪੁਰ ਦੀ ਜੰਗ**

**2.8 ਜੋਤੀ-ਜੋਤਿ ਸਮਾਉਣਾ**

**2.9 ਸਾਰ**

**2.10 ਪੜ੍ਹਣਯੋਗ ਪੁਸਤਕਾਂ**

## 2.0 ਉਦੇਸ਼

ਇਸ ਅਧਿਆਇ ਦਾ ਉਦੇਸ਼ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਅਤੇ ਸਿੱਖ ਧਰਮ ਵਿਚ ਪਾਏ ਯੋਗਦਾਨ ਦਾ ਵਰਣਨ ਕਰਨਾ ਹੈ।

## 2.1 ਜਾਣ-ਪਛਾਣ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਛੇਵੇਂ ਜਾਮੇ ਵਿਚ ਸਿੱਖ ਪੰਥ ਦੀ ਅਗਵਾਈ ਅਤਿ ਬਿਖੜੇ ਸਮੇਂ ਵਿਚ ਸੰਭਾਲੀ। ਗੁਰੂ ਸਾਹਿਬ ਨੇ ਆਪਣੇ ਪਿਤਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਅਤੇ ਮਹਾਨ ਸ਼ਹਾਦਤ ਉਪਰੰਤ ਆਪਣੇ ਤੇਜ, ਗੌਰਵ, ਪ੍ਰਤਿਭਾ ਅਤੇ ਬਹਾਦਰੀ ਨਾਲ ਸਮੁੱਚੇ ਜਨ-ਸਧਾਰਨ ਨੂੰ ਮੁਸੀਬਤਾਂ ਨਾਲ ਟਕਰਾਉਣ ਦਾ ਸਾਹਸ ਬਖਸ਼ਿਆ। ਗੁਰੂ ਜੀ ਸਿੱਖ ਧਰਮ ਵਿਚ ਆਪਣੀ ਵਿਲੱਖਣ ਪ੍ਰਤਿਭਾ ਅਤੇ ਇਤਿਹਾਸਕ ਯੋਗਦਾਨ ਸਦਕਾ ਇਕ ਯੁੱਗ ਪੁਰਖ ਦੇ ਰੂਪ ਵਿਚ ਜਾਣੇ ਜਾਂਦੇ ਹਨ। ਆਪ ਜੀ ਦੁਆਰਾ ਮੀਰੀ ਅਤੇ ਪੀਰੀ ਦੀਆਂ ਧਾਰਨ ਕੀਤੀਆਂ ਗਈਆਂ ਦੋ ਤਲਵਾਰਾਂ ਆਪ ਜੀ ਦੀ ਸ਼ਾਨਦਾਰ ਲੌਕਿਕ ਅਤੇ ਅਧਿਆਤਮਕ ਪ੍ਰਭੂਤਾ ਸੰਪੰਨ ਸ਼ਖ਼ਸੀਅਤ ਵਿਚ ਅਜਿਹਾ ਵਾਧਾ

ਕਰਦੀਆਂ ਹਨ ਕਿ ਕੁਦਰਤ ਵੀ ਇਹ ਕਹਿ ਕੇ ਆਪ ਜੀ ਤੋਂ ਬਲਿਹਾਰ ਜਾਂਦੀ ਹੈ– 'ਇਹੀ ਅਸਲ ਮਰਦ ਹੈ।'(KIRPAL SINGH& KHARAK SINGH, (ED.), HISTORY OF THE SIKHS AND THEIR RELIGION, VOL. 1, NANAK VI GURU HARGOBIND, P. 169)

**ਭਾਈ ਗੁਰਦਾਸ ਜੀ ਦੇ ਗੁਰੂ ਸਾਹਿਬ ਬਾਰੇ ਵਿਚਾਰ–**

ਗੁਰੂ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਉਨ੍ਹਾਂ ਦੇ ਸਮਕਾਲੀ ਭਾਈ ਗੁਰਦਾਸ ਜੀ ਬਹੁਤ ਕਲਾਸਕੀ ਤੇ ਸੰਜਮ ਭਰਪੂਰ, ਪ੍ਰੌੜਤਾ ਅਤੇ ਗੌਰਵਸ਼ਾਲੀ ਸ਼ਬਦਾਵਲੀ ਰਾਹੀਂ ਬਿਆਨ ਕਰਦੇ ਹਨ–

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰ ਬੈਠਾ ਗੁਰੁ ਭਾਰੀ।

ਅਰਜਨ ਕਾਇਆ ਪਲਟਿ ਕੈ ਮੂਰਤਿ ਹਰ ਗੋਬਿੰਦ ਸਵਾਰੀ।।

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।।( ਵਾਰਾਂ ਭਾਈ ਗੁਰਦਾਸ, 48:1)

## 2.2 ਜਨਮ ਤੇ ਬਾਲਪਨ

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥੇ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ 21 ਹਾੜ, ਸੰਮਤ 1652 ਅਨੁਸਾਰ 19 ਜੂਨ 1595 ਈਸਵੀ ਵਿਚ ਅੰਮ੍ਰਿਤਸਰ ਦੇ ਇਕ ਪਿੰਡ ਵਡਾਲੀ ਵਿਖੇ ਹੋਇਆ, ਜਿਸ ਨੂੰ ਅੱਜ-ਕੱਲ 'ਗੁਰੂ ਕੀ ਵਡਾਲੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮਿਤੀ ਕਵੀ ਸੋਹਨ ਦੁਆਰਾ ਦਿੱਤੀ ਗਈ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਨੇ ਵੀ ਆਪਣੀਆ ਲਿਖਤਾਂ ਦਾ ਅਧਾਰ ਬਣਾਇਆ ਹੈ। ਦੂਸਰੇ ਪਾਸੇ ਭੱਟ ਵਹੀ ਮੁਲਤਾਨੀ ਸਿੰਧੀ ਦੇ ਹਵਾਲੇ ਅਨੁਸਾਰ ਕੇਸਰ ਸਿੰਘ ਛਿੱਬਰ (ਬੰਸਾਵਲੀ ਨਾਮਾ) ਅਤੇ ਸਰੂਪ ਸਿੰਘ ਕੌਸ਼ਿਸ਼ ( ਗੁਰੂ ਕੀਆਂ ਸਾਖੀਆਂ) ਨੇ ਗੁਰੂ ਸਾਹਿਬ ਦੀ ਜਨਮ ਤਿਥੀ 21 ਹਾੜ, ਸੰਮਤ 1647 ਬਿਕਰਮੀ, 18 ਜੂਨ 1590 ਈਸਵੀ ਨੂੰ ਤਸਦੀਕ ਕੀਤਾ ਹੈ। ਛੇਵੇਂ ਪਾਤਸ਼ਾਹ ਦਾ ਬਚਪਨ ਆਪਣੇ ਤਾਏ ਪ੍ਰਿਥੀ ਚੰਦ ਅਤੇ ਉਸ ਦੀ ਪਤਨੀ ਕਰਮੋ ਦੇ ਈਰਖਾਲੂ ਸੁਭਾਅ ਕਾਰਨ ਬਹੁਤ ਔਕੜਾਂ ਭਰਪੂਰ ਰਿਹਾ ਹੈ। ਪ੍ਰਿਥੀ ਚੰਦ ਨੇ ਆਪਣੇ ਪੁੱਤਰ ਮੇਹਰਬਾਨ ਦੇ ਗੁਰਗੱਦੀ ਦੇ ਹੱਕ ਨੂੰ ਹਾਸਿਲ ਕਰਨ ਲਈ ਅਨੇਕਾਂ ਕੋਝੀਆਂ ਚਾਲਾਂ ਚੱਲੀਆਂ, ਜਿਹਨਾਂ ਵਿਚ ਦਾਈ ਦੁਆਰਾ ਦੁੱਧ ਰਾਹੀਂ ਜ਼ਹਿਰ ਦੇਣ, ਜ਼ਹਿਰੀਲੇ ਸੱਪ ਦੁਆਰਾ ਡਸਵਾਉਣ ਦੀ ਕੋਸ਼ਿਸ਼, ਖਿਡਾਵੇ ਬ੍ਰਾਹਮਣ ਦੁਆਰਾ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਵਰਗੀਆਂ ਘਟੀਆ ਚਾਲਾਂ ਸ਼ਾਮਿਲ ਸਨ। ਪ੍ਰਤੂੰ ਇਹ ਸਭ ਦੀ ਜਾਣਕਾਰੀ ਹੋਣ ਉਪਰੰਤ ਸਿੱਖ ਸੰਗਤ ਵਿਚ ਪ੍ਰਿਥੀ ਚੰਦ ਦੀ ਬਹੁਤ ਬੇਇੱਜਤੀ ਹੋਈ ਅਤੇ ਬਾਲ ਗੁਰੂ ਉਪਰ ਕੋਈ ਆਂਚ ਨਾ ਆਈ। ਚੇਚਕ ਵਰਗੀ ਭਿਆਨਕ ਬਿਮਾਰੀ ਦੇ ਪ੍ਰਕੋਪ ਤੋਂ ਵੀ ਅਕਾਲ ਪੁਰਖ ਨੇ ਆਪ ਜੀ ਦਾ ਬਚਾਅ ਕੀਤਾ। ਚੇਚਕ ਦੀ ਬਿਮਾਰੀ ਤੋਂ ਰਾਜ਼ੀ ਹੋਣ ਉਪਰੰਤ ਪੰਚਮ ਪਾਤਸ਼ਾਹ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ–

ਸੀਤਲਾ ਤੇ ਰਖਿਆ ਬਿਹਾਰੀ।।

ਇਸ ਤਰ੍ਹਾਂ ਹਰਿਗੋਬਿੰਦ ਜੀ ਹਰ ਕਿਸਮ ਦੀ ਸਾਜਿਸ਼ ਅਤੇ ਰੋਗ ਵਿਚੋਂ ਅਕਾਲ ਪੁਰਖ ਦੀ ਮਿਹਰ ਸਦਕਾ ਤੰਦਰੁਸਤ ਹੋ ਕੇ ਨਿਕਲੇ। ਪਿਤਾ ਗੁਰੂ ਅਰਜਨ ਦੇਵ ਜੀ ਦੀ ਨਿਰਮਲ ਪਵਿੱਤਰ ਜੋਤ ਦੇ ਚਾਨਣ ਵਿਚ ਹਰਿਗੋਬਿੰਦ ਜੀ ਜਿਉਂ-ਜਿਉਂ ਵੱਡੇ ਹੋਏ, ਉਨ੍ਹਾਂ ਦਾ ਤਨ-ਮਨ ਹੋਰ ਨਿਖਰਦਾ ਗਿਆ।

## 2.3 ਸ਼ਾਸਤਰ ਤੇ ਸ਼ਸ਼ਤਰ ਵਿਦਿਆ

ਪੰਚਮ ਪਾਤਸ਼ਾਹ ਕੁਝ ਸਮਾਂ ਵਡਾਲੀ ਵਿਖੇ ਬਿਤਾਉਣ ਉਪਰੰਤ ਅੰਮ੍ਰਿਤਸਰ ਆ ਗਏ, ਜਿਥੇ ਉਨ੍ਹਾਂ ਨੇ ਹਰਿਗੋਬਿੰਦ ਸਾਹਿਬ ਦੀ ਸਿਖਲਾਈ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪਿਆ। ਗੁਰੂ ਅਰਜਨ ਦੇਵ ਜੀ ਨੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਸਮਝਦੇ ਹੋਏ ਬਾਬਾ ਬੁੱਢਾ ਜੀ ਨੂੰ ਆਪਣੇ ਸਪੁੱਤਰ ਨੂੰ ਸਰੀਰਕ ਅਤੇ ਆਤਮਿਕ ਦੋਨਾਂ ਪੱਖਾਂ ਤੋਂ ਮਜ਼ਬੂਤ ਬਣਾਉਣ ਲਈ ਕਿਹਾ। ਗੁਰੂ ਪਿਤਾ ਦੀ ਆਗਿਆ ਮੂਜਬ ਆਪ ਜੀ ਨੇ ਅੱਖਰੀ ਗਿਆਨ ਬਾਬਾ ਬੁੱਢਾ ਜੀ ਪਾਸੋਂ ਸਿਖਿਆ, ਭਾਈ ਜੇਠਾ ਜੀ ਨੇ ਯੁੱਧ ਦੇ ਦਾਅ-ਪੇਚ ਸਮਝਾਏ ਅਤੇ ਸ਼ਸਤਰ ਵਿਦਿਆ ਦੀ ਜਿੰਮੇਵਾਰੀ ਭਾਈ ਪਰਾਗਾ ਜੀ ਨੂੰ ਦਿੱਤੀ ਗਈ। ਇੰਜ ਹਰਿਗੋਬਿੰਦ ਜੀ ਜਿਥੇ ਧਰਮ ਸ਼ਾਸ਼ਤਰਾਂ ਦੇ ਗਿਆਤਾ ਬਣੇ, ਉਥੇ ਤਲਵਾਰਬਾਜ਼ੀ, ਤੀਰ ਅੰਦਾਜ਼ੀ, ਨੇਜ਼ਾ-ਬਾਜ਼ੀ ਅਤੇ ਘੋੜ ਸਵਾਰੀ ਸਿੱਖ ਕੇ ਯੁੱਧ ਕਲਾ ਵਿਚ ਵੀ ਪ੍ਰਬੀਨ ਹੋ ਗਏ। ਇੰਜ ਘੋੜ ਸਵਾਰੀ, ਕੁਸ਼ਤੀ, ਸ਼ਿਕਾਰ ਆਦਿ ਵਿਚ ਨਿਪੁੰਨ ਹੋਣ ਦੇ ਨਾਲ-ਨਾਲ ਆਪ ਜੀ ਨੇ ਅਧਿਆਤਮਕ ਸਿੱਖਿਆ ਵੀ ਹਾਸਿਲ ਕੀਤੀ ਅਤੇ ਆਤਮ ਰੱਖਿਆ ਲਈ ਹਥਿਆਰਾਂ ਦੀ ਵਰਤੋਂ ਦੀ ਜਾਚ ਵੀ ਸਿੱਖੀ। ਉਨ੍ਹਾਂ ਦੀ ਸਰਵ-ਪੱਖੀ ਸਿੱਖਿਆ ਬਾਰੇ ਗੁਰ ਬਿਲਾਸ ਵਿਚ ਇਵੇਂ ਅੰਕਿਤ ਹੋਇਆ ਮਿਲਦਾ ਹੈ-

ਚੌਂਸਠ ਵਿਦਿਆ ਸਭ ਪੜ੍ਹ ਲਈ।ਯਾ ਮੈ ਬਹੁਤ ਅਵਧ ਨਹੀਂ ਪਈ।

ਵਿਦਿਆ ਸਭ ਇਨ ਉਤਪਤ ਕਰੀ।ਕੌਣ ਸਿਖਾਵੇ ਇਨ ਕੋ ਨਰੀ।......

ਸ਼ਾਸਤ੍ਰ ਸ਼ਸਤਰ ਕੀ ਵਿਦਿਆ ਪਾਈ।ਹਰਿਗੋਬਿੰਦ ਮਨ ਅਤਿ ਹਰਖਾਈ।

( ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਇੰਦਰ ਸਿੰਘ ਗਿੱਲ, (ਸੰ.), ਪੰ. 58-59)

## 2.4 ਗ੍ਰਹਿਸਥ ਜੀਵਨ

ਬਾਰਾਂ ਸਾਲ ਦੀ ਉਮਰ ਤੱਕ ਹਰਿਗੋਬਿੰਦ ਜੀ ਸ਼ਾਸਤਰ ਵਿਦਿਆ, ਸ਼ਸਤਰ ਵਿਦਿਆ, ਘੋੜ-ਸਵਾਰੀ, ਤਲਵਾਰ ਬਾਜ਼ੀ ਭਾਵ ਹਰ ਪੱਖੋਂ ਮੁਕੰਮਲ ਰੂਪ ਵਿਚ ਸਿੱਖਿਅਤ ਹੋ ਗਏ। ਬਚਪਨ ਦੀ ਦਹਿਲੀਜ਼ ਨੂੰ ਪਾਰ ਕਰਦਿਆਂ ਆਪ ਜੀ ਲਈ ਰਿਸ਼ਤੇ ਆਉਣੇ ਸ਼ੁਰੂ ਹੋ ਗਏ। ਦਿੱਲੀ ਦਰਬਾਰ ਦੇ ਸ਼ਾਹੀ ਅਹਿਲਕਾਰ ਦੀਵਾਨ ਚੰਦੂ ਵੀ ਆਪਣੀ ਪੁੱਤਰੀ ਲਈ ਯੋਗ ਵਰ ਦੀ ਤਲਾਸ਼ ਕਰ ਰਿਹਾ ਸੀ। ਉਸ ਦੇ ਲਾਗੀਆਂ ਨੇ ਗੁਰੂ ਦਰਬਾਰ ਦੀ ਠਾਠ-ਬਾਠ ਨੂੰ ਦੇਖਦੇ ਹੋਏ ਇਥੇ ਰਿਸ਼ਤੇ ਦੀ ਗੱਲ ਤੋਰ ਦਿੱਤੀ। ਜਦੋਂ ਚੰਦੂ ਨੂੰ ਇਸ ਦੀ ਖਬਰ ਮਿਲੀ ਤਾਂ ਉਸ ਨੇ ਇਹ ਕਹਿੰਦੇ ਹੋਏ ਰਿਸ਼ਤਾ ਸਵੀਕਾਰ ਕੀਤਾ ਕਿ ਉਹ (ਲਾਗੀ) ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹਨ-

ਚੁਬਾਰੇ ਇਟ ਮੋਰੀ ਨਹਿ ਸੋਹੈ।ਜੋ ਤੁਮ ਕਰਹੁ, ਮਨੀ ਹਮ ਓਹੈ।( ਉਹੀ, ਪੰ. 139)

ਉਧਰ ਦਿੱਲੀ ਦੀ ਸੰਗਤ ਨੇ ਚੰਦੂ ਦੀ ਇਸ ਗੱਲ ਦਾ ਪਤਾ ਲੱਗਣ ਤੇ ਬਹੁਤ ਬੁਰਾ ਮਨਾਇਆ ਅਤੇ ਗੁਰੂ ਜੀ ਪਾਸ ਚੰਦੂ ਦੀ ਬੇਟੀ ਦਾ ਰਿਸ਼ਤਾ ਅਪ੍ਰਵਾਨ ਕਰਨ ਦਾ ਸੁਨੇਹਾ ਭੇਜ ਦਿੱਤਾ। ਇਧਰ ਚੰਦੂ ਦੇ ਲਾਗੀਆਂ ਦਾ ਸ਼ਗਨ ਗੁਰੂ ਸਾਹਿਬ ਨੇ ਸੰਗਤ ਦੀ ਬੇਨਤੀ ਤੇ ਅਪ੍ਰਵਾਨ ਕਰ ਦਿੱਤਾ, ਜਿਸ ਉਪਰ ਚੰਦੂ ਬਹੁਤ ਕ੍ਰੋਧਿਤ ਹੋਇਆ। ਬਾਅਦ ਵਿਚ ਇਹੀ ਚੰਦੂ ਗੁਰੂ ਸਾਹਿਬ ਦੀ ਸ਼ਹੀਦੀ ਸਮੇਂ ਦਿੱਤੇ ਗਏ ਅਕਹਿ ਤਸੀਹਿਆਂ ਦਾ ਕਾਰਨ ਬਣਿਆ। ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਨਰਾਇਣ ਦਾਸ ਦੀ ਪੁੱਤਰੀ ਬੀਬੀ ਦਮੋਦਰੀ ਦਾ ਰਿਸ਼ਤਾ ਪ੍ਰਵਾਨ ਕੀਤਾ। ਸਿੱਖ ਪਰੰਪਰਾ ਅਤੇ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ ਛੇਵੇਂ ਪਾਤਸ਼ਾਹ ਦੇ ਤਿੰਨ ਵਿਆਹਾਂ ਦਾ ਜ਼ਿਕਰ ਮਿਲਦਾ ਹੈ- ਬੀਬੀ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਦੇਵੀ ਜਾਂ ਮਰਵਾਹੀ ਜੀ। ਆਪ ਜੀ ਦੇ ਪੰਜ ਪੁੱਤਰ ਅਤੇ ਇਕ ਪੁੱਤਰੀ ਸੀ, ਜਿਹਨਾਂ ਦੇ ਨਾਂ ਕ੍ਰਮਵਾਰ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਜੀ, ਤਿਆਗ ਮੱਲ (ਗੁਰੂ ਤੇਗ਼ ਬਹਾਦਰ ਜੀ) ਅਤੇ ਬੀਬੀ ਵੀਰੋ ਜੀ ਸਨ।

## 2.5 ਗੁਰਿਆਈ

ਮੁਗ਼ਲ ਸਾਮਰਾਜ ਦੀ ਗੱਦੀ ਅਕਬਰ ਬਾਦਸ਼ਾਹ ਦੇ ਮਰਨ ਉਪਰੰਤ ਉਸ ਦੇ ਬੇਟੇ ਜਹਾਂਗੀਰ ਦੇ ਹੱਥ ਆਈ। ਉਸ ਨੇ ਆਪਣੇ ਵਿਰੁੱਧ ਬਗਾਵਤ ਤੇ ਉਤਰੇ ਆਪਣੇ ਭਰਾ ਖੁਸਰੋ ਨੂੰ ਕਤਲ ਕਰਨ ਦਾ ਹੁਕਮ ਜਾਰੀ ਕੀਤਾ ਅਤੇ ਉਸ ਦੇ ਮਦਦਗਾਰਾਂ ਨਾਲ ਵੀ ਉਹੀ ਸਲੂਕ ਕਰਨ ਦੀ ਇਜ਼ਾਜਤ ਦਿੱਤੀ। ਜਹਾਂਗੀਰ ਇਕ ਕੱਟੜ ਬਾਦਸ਼ਾਹ ਸੀ। ਗੁਰੂ ਘਰ ਦੇ ਦੋਖੀਆਂ ਅਤੇ ਇਸਲਾਮ ਦੇ ਅਖੌਤੀ ਦਾਅਵੇਦਾਰਾਂ ਨੇ ਆਪਣੀ ਈਰਖਾ ਵੱਸ ਪੰਜਵੇਂ ਗੁਰੂ ਜੀ ਨੂੰ ਇਸਲਾਮ ਲਈ ਖਤਰਾ ਦੱਸਦੇ ਹੋਏ ਬਾਦਸ਼ਾਹ ਦੇ ਕੰਨ ਭਰੇ, ਜਿਸ ਦੇ ਅਸਰ ਵਜੋਂ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸ਼ਹੀਦ ਕਰਨ ਦੇ ਆਦੇਸ਼ ਜਾਰੀ ਕੀਤੇ।

### 2.5.1 ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅੰਤਿਮ ਉਪਦੇਸ਼

ਇਧਰ ਗੁਰੂ ਸਾਹਿਬ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣਦੇ ਹੋਏ ਅਗਲੀ ਗੁਰਿਆਈ ਹਰਿਗੋਬਿੰਦ ਜੀ ਨੂੰ ਦੇਣ ਬਾਰੇ ਬਾਬਾ ਬੁੱਢਾ ਜੀ ਨੂੰ ਨਿਮਨਲਿਖਤ ਤਾਕੀਦ ਕੀਤੀ–

ਲਾਹੌਰ ਸੀਸ ਦੇਣੇ ਹਮ ਜਾਹੀ।ਊਹਾਂ ਤੇ ਹਮ ਆਵਣ ਨਾਹੀਂ।

ਤਾਂ ਤੇ ਅਬ ਹੀ ਮਾਥ ਟਿਕਾਵੋ।ਤੁਮ ਇਨ ਮਸਤਕ ਤਿਲਕ ਲਗਾਵੋ।( ਉਹੀ, ਪੰ. 202)

ਤਿਲਕ ਲਗਾਉਣ ਉਪਰੰਤ ਗੁਰੂ ਜੀ ਆਪਣੇ ਪੁੱਤਰ ਨੂੰ ਸਮੇਂ ਦੀ ਨਜ਼ਾਕਤ ਅਨੁਸਾਰ ਮੁਖਾਤਿਬ ਹੋ ਕੇ ਕਹਿੰਦੇ ਹਨ–

ਤੁਮ ਨੇ ਕਰਨੇ ਯੁਧ ਅਨੇਕ।ਬਦਲਾ ਲੇਵਨਿ ਤੁਰਕਨਿ ਛੇਕ।...

ਤੁਮ ਪਰ ਕਾਹੂ ਕੀ ਜਯ ਨਾਹੀ।ਨਿਰਭਉ ਰਹੇ ਸਦਾ ਮਨ ਮਾਹੀਂ।( ਉਹੀ)

ਮੈਕਾਲਿਫ਼ ਅਨੁਸਾਰ ਗੁਰੂ ਸਾਹਿਬ ਆਪਣੀ ਸ਼ਹੀਦੀ ਤੋਂ ਪਹਿਲਾਂ ਹੀ ਆਪਣੇ ਪੁੱਤਰ ਲਈ ਇਹ ਸੰਦੇਸ਼ ਛੱਡ ਗਏ ਸਨ ਕਿ ਉਹ ਪੂਰਨ ਰੂਪ ਵਿਚ ਹਥਿਆਰਬੰਦ ਹੋ ਕੇ ਗੱਦੀ ਉਪਰ ਬਿਰਾਜਮਾਨ ਹੋਣ ਅਤੇ ਆਪਣੀ ਫੌਜੀ ਸ਼ਕਤੀ ਨੂੰ ਵਧਾਉਣ ਲਈ ਸੈਨਾ ਰੱਖਣ।( M.A. Macauliff, The Sikh Religion, VOL. VIII, p. 99) ਇਹ ਸਮੇਂ ਦੀ ਮੰਗ ਸੀ। ਗੁਰੂ ਜੀ ਨੂੰ ਇਹ ਭਲੀ-ਭਾਂਤ ਗਿਆਨ ਹੋ ਗਿਆ ਸੀ ਕਿ ਸਿੱਖਾਂ ਨੂੰ ਆਪਣੇ ਬਚਾਅ ਲਈ ਸ਼ਸਤਰਧਾਰੀ ਹੋਣਾ ਪਵੇਗਾ। ਬਦਲਦੇ ਹਾਲਾਤਾਂ ਨੂੰ ਸਮਝਦੇ ਹੋਏ ਗੁਰੂ ਸਾਹਿਬ ਨੇ ਛੇਵੇਂ ਪਾਤਸ਼ਾਹ ਨੂੰ ਬਚਪਨ ਵਿਚ ਹੀ ਜੰਗੀ ਤਰਬੀਅਤ ਦੇ ਦਿੱਤੀ ਸੀ। ਇਸ ਲਈ ਜ਼ੁਲਮ ਦੇ ਖਿਲਾਫ਼ ਸ਼ਾਂਤਮਈ ਟੱਕਰ ਦੀ ਸਿਖਰ ਉਪਰੰਤ ਸਿੱਖ ਲਹਿਰ ਨੂੰ ਹਥਿਆਰਬੰਦ ਸੰਘਰਸ਼ ਵੱਲ ਤੋਰਨ ਦੇ ਛੇਵੇਂ ਪਾਤਸ਼ਾਹ ਜੀ ਦੇ ਫੈਸਲੇ ਨੂੰ ਗੁਰੂ ਅਰਜਨ ਦੇਵ ਜੀ ਦਾ ਦਿਸ਼ਾ ਨਿਰਦੇਸ਼, ਆਸ਼ੀਰਵਾਦ ਅਤੇ ਸਹਿਮਤੀ ਪ੍ਰਾਪਤ ਹੋਣੀ ਸੁਭਾਵਿਕ ਸੀ।

### 2.5.2 ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਪੰਜਵੇਂ ਪਾਤਸ਼ਾਹ ਸਰਕਾਰੀ ਹੁਕਮ ਮਿਲਣ ਉਪਰੰਤ ਸਿੱਖ ਲਹਿਰ ਦੇ ਭਵਿੱਖ ਦਾ ਨਿਰਣਾ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਕੇ ਪੰਜ ਸਿੱਖਾਂ ਸਮੇਤ ਲਾਹੌਰ ਵੱਲ ਰਵਾਨਾ ਹੋਏ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਤੱਕ ਛੱਡਣ ਆਏ। ਸਿੱਖੀ ਦਾ ਪ੍ਰਚਾਰ ਕਰਦੇ ਅਤੇ ਸੰਗਤਾਂ ਦੇ ਹਿਰਦੇ ਠਾਰਦੇ ਹੋਏ ਦੋ ਦਿਨ ਬਾਅਦ ਗੁਰੂ ਜੀ ਲਾਹੌਰ ਪੁੱਜੇ, ਜਿਥੇ ਉਨ੍ਹਾਂ ਨੂੰ ਲਾਹੌਰ ਦੇ ਹਾਕਮ ਮੁਰਤਜਾ ਖਾਨ ਨੇ ਚੰਦੂ ਦੇ ਹਵਾਲੇ ਕਰ ਦਿੱਤਾ। ਚੰਦੂ ਨੇ

ਬੜੀ ਬੇਰਹਿਮੀ ਨਾਲ ਗੁਰੂ ਜੀ ਨੂੰ ਤੱਤੀ ਤਵੀ ਉਪਰ ਬਿਠਾਇਆ, ਸੀਸ ਵਿਚ ਤੱਤੀ ਰੇਤ ਪਾਈ ਗਈ। ਉਪਰੰਤ ਉਬਲਦੀ ਦੇਗ ਵਿਚ ਬਿਠਾਇਆ ਗਿਆ, ਜਿਸ ਨਾਲ ਸਾਰਾ ਸਰੀਰ ਛਾਲਿਆਂ ਨਾਲ ਝੁਲਸ ਗਿਆ। ਇਹ ਦਰਦਨਾਕ ਤਸੀਹੇ ਵੇਖ ਕੇ ਦੋ ਸਿੱਖ ਭਾਈ ਸੀਗਾਰੂ ਅਤੇ ਭਾਈ ਜੈਤਾ ਜੀ ਭੜਕ ਉੱਠੇ ਪਰ ਉਹਨਾਂ ਨੂੰ ਸ਼ਾਂਤ ਕਰਦੇ ਹੋਏ ਗੁਰੂ ਪਾਤਸ਼ਾਹ ਜੀ ਨੇ ਕਿਹਾ-

> ਅਸਾਂ ਜੋ ਸ਼ਸ਼ਤਰ ਪਕੜਨੇ ਹੈਨਿ, ਸੋ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਣੇ ਹੈਨਿ। ਸਮਾਂ ਕਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿਚ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।(ਭਾਈ ਮਨੀ ਸਿੰਘ, ਸਿਖਾਂ ਦੀ ਭਗਤ ਮਾਲਾ, ਭਾਈ ਵੀਰ ਸਿੰਘ, (ਸੰ.), ਪਉੜੀ 28, ਸਾਖੀ 94, ਪੰ. 121-122)

ਇਸ ਪ੍ਰਕਾਰ ਪੰਚਮ ਪਾਤਸ਼ਾਹ ਜੀ ਨੇ ਬੜੀ ਧੀਰਜ ਅਤੇ ਸ਼ਾਂਤੀਪੂਰਵਕ 30 ਮਈ 1606 ਈ. ਨੂੰ ਰਾਵੀ ਵਿਚ ਇਸ਼ਨਾਨ ਕਰਨ ਉਪਰੰਤ ਆਪਣਾ ਸਰੀਰ ਤਿਆਗ ਦਿੱਤਾ। ਗੁਰੂ ਸਾਹਿਬ ਦੀ ਸ਼ਾਂਤਮਈ ਅਤੇ ਬੇਮਿਸਾਲ ਸ਼ਹਾਦਤ ਨੇ ਸਿੱਖ ਲਹਿਰ ਵਿਚ ਇਕ ਨਵੇਂ ਯੁਗ ਅਤੇ ਨਵੇਂ ਮੋੜ ਦਾ ਆਰੰਭ ਕੀਤਾ ਅਤੇ ਸ਼ਾਂਤਮਈ ਸਿਖਰ ਤੋਂ ਬਾਅਦ ਇਸ ਨਵੇਂ ਮੋੜ ਦਾ ਦਿਸ਼ਾ-ਨਿਰਦੇਸ਼ ਗੁਰੂ ਅਰਜਨ ਦੇਵ ਜੀ ਪਹਿਲਾਂ ਹੀ ਦੇ ਚੁੱਕੇ ਸਨ। ਇਸ ਸ਼ਹਾਦਤ ਨੇ ਸਿੱਖ ਹਿਰਦਿਆਂ ਨੂੰ ਬੁਰੀ ਤਰ੍ਹਾਂ ਵਲੂੰਧਰ ਕੇ ਰੱਖ ਦਿੱਤਾ। ਇਸ ਖਬਰ ਨੂੰ ਸੁਣ ਕੇ ਛੇਵੇਂ ਪਾਤਸ਼ਾਹ ਨੇ ਸੰਗਤਾਂ ਨੂੰ ਗੁਰਬਾਣੀ ਪੜ੍ਹਨ, ਸੁਣਨ ਅਤੇ ਧੀਰਜ ਰੱਖਣ ਦਾ ਸੰਦੇਸ਼ ਦਿੱਤਾ।

## 2.6 ਸਿੱਖ ਧਰਮ ਵਿਚ ਯੋਗਦਾਨ

### 2.6.1 ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ

ਗੁਰਗੱਦੀ ਤੇ ਬੈਠਣ ਸਮੇਂ ਗੁਰੂ ਜੀ ਨੇ ਪਰੰਪਰਾਗਤ ਸੇਲੀ ਟੋਪੀ ਨੂੰ ਤਿਆਗਦੇ ਹੋਏ ਦੋ ਤਲਵਾਰਾਂ ਧਾਰਨ ਕਰਨ ਦੀ ਆਗਿਆ ਕੀਤੀ। ਆਗਿਆ ਮੁਜਬ ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਮੀਰੀ ਅਤੇ ਪੀਰੀ ਨਾਮਕ ਦੋ ਤਲਵਾਰਾਂ ਧਾਰਨ ਕਰਵਾਈਆਂ। ਇਹਨਾਂ ਵਿਚੋਂ ਇਕ ਤਲਵਾਰ ਅਜ਼ਮਤ ਦੀ ਅਤੇ ਦੂਜੀ ਜ਼ੁਲਮ ਖਿਲਾਫ਼ ਸੰਘਰਸ਼ ਦੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਫੁਰਮਾਇਆ ਕਿ ਗੁਰੂ ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ (ਪੀਰੀ) ਅਤੇ ਸਿਪਾਹੀ (ਰਾਜਸੀ ਤਾਕਤ-ਮੀਰੀ) ਇਕੱਠੇ ਹੀ ਕੰਮ ਕਰਨਗੇ। ਉਨ੍ਹਾਂ ਅਨੁਸਾਰ ਇਕ ਚੰਗਾ ਚੰਗਾ ਸੰਤ ਹੀ ਚੰਗਾ ਸਿਪਾਹੀ ਬਣ ਸਕਦਾ ਹੈ ਅਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਸ ਬਾਬਤ ਢਾਡੀ ਨੱਥ ਮੱਲ ਅਤੇ ਮੀਰ ਅਬਦੁੱਲਾ ਨੇ ਇੰਜ ਸਿਫਤ ਕੀਤੀ ਹੈ-

> ਦੋ ਤਲਵਾਰਾਂ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।
>
> ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਫਕੀਰ ਦੀ।...
>
> ਪਗ ਤੇਰੀ ਕੀ ਜਹਾਂਗੀਰ ਦੀ।
>
> (ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਇੰਦਰ ਸਿੰਘ ਗਿੱਲ, (ਸੰ.), ਪੰ. 227)

### 2.6.2 ਸਿੱਖਾਂ ਦੀ ਸ਼ਸ਼ਤਰ ਸਿਖਲਾਈ

ਗੁਰੂ ਸਾਹਿਬ ਨੇ ਤਖਤ ਨਸ਼ੀਨੀ ਸਮੇਂ ਸੰਗਤਾਂ ਨੂੰ ਘੋੜ-ਸਵਾਰੀ ਸਿੱਖਣ, ਕੁਸ਼ਤੀਆਂ-ਗਤਕੇ ਅਤੇ ਵਰਜਿਸ਼ ਕਰਨ ਦੇ ਹੁਕਮ ਦਿੰਦੇ ਹੋਏ ਨੌਜਵਾਨਾਂ ਨੂੰ ਆਪਣੀ ਜਵਾਨੀ ਗੁਰੂ ਦੇ ਸਨਮੁੱਖ ਅਰਪਣ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਗੁਰੂ ਸਾਹਿਬ ਨੇ ਫੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ। ਹੁਣ ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਜਰੂਰੀ ਕਰ ਦਿੱਤਾ ਗਿਆ।

### 2.6.3 ਉਪਹਾਰਾਂ ਦੀ ਕਿਸਮ ਵਿਚ ਤਬਦੀਲੀ

ਗੁਰੂ ਸਾਹਿਬ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੂੰ ਵਧੀਆ ਘੋੜਿਆਂ ਅਤੇ ਸ਼ਸਤਰਾਂ ਦੀ ਭੇਟਾ ਲਿਆਉਣ ਦੇ ਹੁਕਮ ਦਿੱਤੇ। ਸਿੱਖਾਂ ਨੂੰ ਹਥਿਆਰਬੰਦ ਸੰਤ ਬਣਾਉਣ ਲਈ ਇਹ ਸਮੇਂ ਦੀ ਮੰਗ ਸੀ। ਇਸ ਮੰਗ ਨੂੰ ਸਿੱਖਾਂ ਨੇ ਬੜ੍ਹੇ ਉਤਸ਼ਾਹ ਨਾਲ ਪੂਰਾ ਕੀਤਾ। ਗੁਰੂ ਜੀ ਨੇ ਕਿਹਾ ਕਿ ਅੱਗੇ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਣਗੇ, ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਸਗੋਂ ਧਰਮ ਤੋਂ ਸੇਧ ਲੈ ਕੇ ਹੀ ਰਾਜਨੀਤੀ ਕੀਤੀ ਜਾਵੇਗੀ। ਮੌਜੂਦਾ ਸਮੇਂ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੇ ਵਿਚਕਾਰ ਲੱਗੇ ਦੋ ਨਿਸ਼ਾਨ ਸਾਹਿਬਾਂ ਵਿਚੋਂ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਦੂਸਰੇ ਨਾਲੋਂ ਜਰਾ ਕੁ ਵੱਧ ਹੋਣੀ ਇਸੇ ਗੱਲ ਦਾ ਪ੍ਰਤੀਕ ਹੈ ਕਿ ਧਰਮ ਦਾ ਸਥਾਨ ਰਾਜਨੀਤੀ ਨਾਲੋਂ ਉੱਚਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਨੂੰ ਇਕ ਨਵਾਂ ਸਿਧਾਂਤ ਦਿੱਤਾ।

### 2.6.4 ਬੀਰ ਕਾਵਿ ਨੂੰ ਉਤਸ਼ਾਹਿਤ ਕਰਨਾ

ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਕਵੀਆਂ ਅਤੇ ਢਾਡੀਆਂ ਨੂੰ ਵੰਗਾਰਦੇ ਹੋਏ ਕੌਮ ਨੂੰ ਸੂਰਬੀਰਾਂ ਦੇ ਇਤਿਹਾਸ ਨਾਲ ਜੋੜ ਕੇ ਅਜਿਹੀਆਂ ਰਚਨਾਵਾਂ ਲਿਖਣ ਲਈ ਪ੍ਰੇਰਿਆ ਜਿਸ ਨਾਲ ਲੋਕਾਂ ਦਾ ਖ਼ੂਨ ਖੌਲ ਉਠੇ, ਜਵਾਨੀ ਜਾਗ ਉਠੇ ਅਤੇ ਢਾਡੀਆਂ ਦੀਆਂ ਜੋਸ਼ ਭਰਪੂਰ ਸੁਰਾਂ ਨਾਲ ਸੰਗਤਾਂ ਵਿਚ ਜੂਝ ਮਰਨ ਦਾ ਚਾਅ ਪੈਦਾ ਹੋ ਜਾਵੇ। ਗੁਰੂ ਜੀ ਦੀ ਇਸ ਵੰਗਾਰ ਸਦਕਾ ਪਹਿਲਾਂ 52 ਸੂਰਮਿਆਂ ਨੇ ਆਪਣੀ ਜਵਾਨੀ ਅਰਪਿਤ ਕੀਤੀ। ਇਹਨਾਂ ਨੂੰ ਗੁਰੂ ਸਾਹਿਬ ਨੇ ਆਪਣੇ ਅੰਗ ਰੱਖਿਅਕਾਂ ਦੇ ਰੂਪ ਵਿਚ ਨਿੱਜੀ ਨਿਗਰਾਨੀ ਵਿਚ ਰੱਖ ਲਿਆ। ਹੌਲੀ-ਹੌਲੀ 400 ਹੋਰ ਸੂਰਬੀਰਾਂ ਨੇ ਖੁਦ ਨੂੰ ਗੁਰੂ ਜੀ ਦੇ ਸਮਰਪਿਤ ਕਰ ਦਿੱਤਾ। ਇਹਨਾਂ ਦੇ 100-100 ਦੇ ਚਾਰ ਜਥੇ ਬਣਾ ਕੇ ਭਾਈ ਪਿਰਾਗਾ, ਭਾਈ ਬਿਧੀ ਚੰਦ, ਭਾਈ ਪੈੜਾ ਅਤੇ ਭਾਈ ਜੇਠਾ ਜੀ ਨੂੰ ਇਹਨਾਂ ਜਥਿਆਂ ਦੇ ਸੈਨਾਪਤੀ ਬਣਾਇਆ। ਇਹ ਸਿੱਖ ਸੈਨਾ ਦੇ ਪਹਿਲੇ ਚਾਰ ਸੈਨਾਪਤੀ ਬਣੇ-

ਬਿਧੀਆ ਪੈੜਾ ਔਰ ਪਿਰਾਣਾ।ਚੌਥਾ ਜੇਠਾ ਕਹੋ ਬਖਾਣਾ।

ਸਹਸ ਸਹਸ ਤਾਬਿਆ ਇਨ ਦੀਏ।ਚਾਰੋਂ ਸਿਖ ਸੈਨਾਪਤਿ ਕੀਏ।

( ਸਤਿਬੀਰ ਸਿੰਘ, ਕਥਾ ਪੁਰਾਤਨ ਇਉਂ ਸੁਣੀ, ਪੰ. 59)

### 2.6.5 ਅਕਾਲ ਤਖਤ ਦੀ ਸਥਾਪਨਾ

ਛੇਵੇਂ ਪਾਤਸ਼ਾਹ ਨੇ ਸਿੱਖ ਸੰਗਤਾਂ ਨੂੰ ਦੁਨਿਆਵੀ ਤਖਤ ਨੂੰ ਤਿਆਗ ਕੇ ਕੇਵਲ ਸੱਚੇ ਤਖਤ ਅੱਗੇ ਸਿਰ ਝੁਕਾਉਣ ਦੀ ਤਾਕੀਦ ਕਰਦੇ ਹੋਏ 1606 ਈ. ਵਿਚ ਅਕਾਲ ਤਖਤ ਦੀ ਨੀਂਹ ਰੱਖੀ, ਜਿਸ ਦੀ ਉਸਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ-

ਕਿਸੀ ਰਾਜ ਨਹਿ ਹਾਥ ਲਗਾਇਓ।

ਇਸ ਤਖਤ ਦੀ ਸਥਾਪਨਾ ਵੀਹ ਦਿਨਾਂ ਵਿਚ ਹੋ ਗਈ। ਪਾਤਸ਼ਾਹ ਆਪ ਢਾਲ, ਤਲਵਾਰਾਂ, ਕਲਗੀ ਅਤੇ ਬਾਜ਼ੂ ਬੰਦ ਆਦਿ ਸਜਾ ਕੇ ਇਥੇ ਬਿਰਾਜਦੇ। ਇਸ ਤਖਤ ਦੀ ਸੰਭਾਲ ਅਤੇ ਮਰਿਆਦਾ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਜੀ ਨੂੰ ਸੌਂਪੀ ਗਈ।

### 2.6.6 ਨਿਤਨੇਮ

ਗੁਰੂ ਜੀ ਦੇ ਰੋਜ਼ਾਨਾ ਦੇ ਪ੍ਰੋਗਰਾਮ ਵਿਚ ਭਗਤੀ ਅਤੇ ਸ਼ਕਤੀ ਦੋਹਾਂ ਦਾ ਸੁੰਦਰ ਸੁਮੇਲ ਸੀ। ਗੁਰੂ ਸਾਹਿਬ ਸ਼ਾਹਾਨਾ ਠਾਠ-ਬਾਠ ਅਤੇ ਤਾਕਤ ਦੇ ਪ੍ਰਤੀਕ ਬਾਜ਼ ਨਾਲ ਤਖਤ ਉਪਰ ਬਿਰਾਜਦੇ। ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ ਰਸੀ ਵਾਰਾਂ ਸੁਣਦੇ। ਇਹਨਾਂ ਬੀਰ ਰਸੀ ਵਾਰਾਂ ਦੀਆਂ ਧੁਨੀਆਂ ਨੂੰ ਪੰਜਵੇਂ ਪਾਤਸ਼ਾਹ ਨੇ ਪਹਿਲਾਂ ਹੀ ਆਦਿ ਗ੍ਰੰਥ ਸਾਹਿਬ ਦੀਆਂ ਵਾਰਾਂ ਉਪਰ ਅੰਕਿਤ ਕਰਵਾ ਦਿੱਤਾ ਸੀ, ਪਰ ਇਹਨਾਂ ਬੀਰ ਰਸੀ ਧੁਨੀਆਂ ਨੂੰ ਗਾਉਣ ਅਤੇ ਸੁਣਨ ਦੀ ਪਿਰਤ ਛੇਵੇਂ ਪਾਤਸ਼ਾਹ ਨੇ ਪਾਈ। ਆਦਿ ਗ੍ਰੰਥ ਵਿਚ ਅੰਕਿਤ ਵਾਰਾਂ ਨੂੰ ਬੀਰ ਰਸੀ ਢੰਗ ਨਾਲ ਗਾਉਣ ਕਰਕੇ ਜਿਥੇ ਸੰਗਤਾਂ ਆਤਮਿਕ ਰੰਗ ਵਿਚ ਰੰਗੀਆਂ ਜਾਂਦੀਆਂ, ਉਥੇ ਉਹਨਾਂ ਵਿਚ ਧਰਮ ਯੁੱਧ ਲਈ ਜੋਸ਼ ਵੀ ਪੈਦਾ ਹੋ ਜਾਂਦਾ। ਧਰਮ ਦੀ ਰੱਖਿਆ ਲਈ ਸ਼ਸਤਰ ਅਤੇ ਸਿਆਸਤ ਨੂੰ ਵਰਤਣ ਦੀ ਰੀਤ ਛੇਵੇਂ ਪਾਤਸ਼ਾਹ ਜੀ ਨੇ ਤੋਰੀ। ਗੁਰੂ ਜੀ ਸੰਗਤਾਂ ਨੂੰ ਨਿਤ ਇਹੀ ਹੁਕਮ ਦਿੰਦੇ ਅਤੇ ਦੇਸ਼-ਵਿਦੇਸ਼ ਵਿਚ ਵੀ ਇਹੀ ਸੰਦੇਸ਼ ਭੇਜਦੇ ਕਿ ਉਹ ਸ਼ਸਤਰਾਂ, ਘੋੜਿਆਂ ਜਾਂ ਅਜਿਹੇ ਸਮਾਨ ਨੂੰ ਗੁਰੂ ਘਰ ਵਿਚ ਭੇਟ ਕਰਨ ਜੋ ਬਦਲਦੇ ਹਾਲਾਤਾਂ ਵਿਚ ਵਰਤਿਆ ਜਾ ਸਕੇ। ਆਪ ਹਮੇਸ਼ਾਂ ਸੰਗਤਾਂ ਵਿਚ ਇਹੀ ਪ੍ਰਚਾਰ ਕਰਦੇ ਕਿ "ਗੁਲਾਮੀ ਦੀ ਜ਼ਿੰਦਗੀ ਨਾਲੋਂ ਅਣਖ ਦੀ ਮੌਤ ਚੰਗੀ ਹੈ, ਸੋ ਧਰਮ ਦਾ ਪੱਲਾ ਫੜ੍ਹ ਕੇ ਹਮੇਸ਼ਾਂ ਅਧਰਮ ਦਾ ਨਾਸ ਕਰਨ ਲਈ ਤਿਆਰ ਰਹਿਣਾ ਹੈ। ਗੁਰਮਤਿ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ ਜੋ ਬਗਾਵਤ ਪੰਚਮ ਪਾਤਸ਼ਾਹ ਨੇ ਆਪਣੀ ਸ਼ਹੀਦੀ ਦੇ ਕੇ ਕੀਤੀ ਸੀ, ਉਸ ਨੂੰ ਜਾਰੀ ਰੱਖਣਾ ਹੈ।" ਗੁਰੂ ਸਾਹਿਬ ਦੇ ਇਹਨਾਂ ਸੰਦੇਸ਼ਾਂ ਦੀ ਚਰਚਾ ਗੁਰਬਿਲਾਸ ਵਿਚ ਬੜ੍ਹੇ ਵਿਸਥਾਰ ਵਿਚ ਹੋਈ ਮਿਲਦੀ ਹੈ। ਸਮਾਜ ਦੇ ਤ੍ਰਿਸਕਾਰਤ ਲੋਕ ਗੁਰੂ ਸਾਹਿਬ ਪਾਸ ਪਰਵਾਨਿਆਂ ਵਾਂਗ ਆ ਜੁੜੇ। ਸਿੱਖ ਸੂਰਮੇ ਨਿੱਤ ਗੁਰੂ ਜੀ ਦੀ ਸੁਯੋਗ ਅਗਵਾਈ ਹੇਠ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਅਤੇ ਸ਼ਿਕਾਰ ਖੇਡਦੇ। ਬਹੁਤ ਜਲਦ ਗੁਰੂ ਸਾਹਿਬ ਪਾਸ ਸ਼ਸਤਰਾਂ, ਘੋੜਿਆਂ ਅਤੇ ਸੈਨਿਕਾਂ ਦੀ ਭਰਮਾਰ ਹੋ ਗਈ। ਹਕੂਮਤ ਦਾ ਸਤਾਇਆ ਹਰ ਵਿਅਕਤੀ ਆਪ ਪਾਸ ਆ ਕੇ ਸੁਰੱਖਿਅਤ ਮਹਿਸੂਸ ਕਰਦਾ। ਜਹਾਂਗੀਰ ਤੋਂ ਤੰਗ ਆਇਆ ਜੈਸਲਮੇਰ ਦਾ ਰਾਜਪੂਤ ਰਾਜਾ ਰਾਮ ਪ੍ਰਤਾਪ ਇਸ ਦੀ ਮਿਸਾਲ ਹੈ, ਜੋ ਗੁਰੂ ਜੀ ਦੀ ਸ਼ਰਣ ਵਿਚ ਆ ਕੇ ਸਦਾ ਲਈ ਉਨ੍ਹਾਂ ਦਾ ਮੁਰੀਦ ਹੋ ਗਿਆ।

ਗੁਰੂ ਪਾਤਸ਼ਾਹ ਨੇ ਰਾਤ ਦੇ ਸਮੇਂ ਹਰਿਮੰਦਰ ਸਾਹਿਬ ਦੇ ਚੌਗਿਰਦੇ ਬਿਗਲਾਂ ਦੀ ਗੂੰਜ, ਜੋਤਾਂ ਦੀ ਚਮਕ ਅਤੇ ਉਤੇਜਿਤ ਕਰਨ ਵਾਲੀਆਂ ਧੁਨਾਂ ਵਿਚ ਸ਼ਬਦ ਗਾਇਣ ਦੀ ਪਰੰਪਰਾ ਆਰੰਭ ਕੀਤੀ। ਆਪ ਜੀ ਸਮੇਂ-ਸਮੇਂ ਅਕਾਲ ਤਖਤ ਦੇ ਸਾਹਮਣੇ ਸਿੱਖਾਂ ਦੇ ਸਰੀਰਕ ਬਲ ਨੂੰ ਪਰਖਣ ਲਈ ਮੁਕਾਬਲੇ ਕਰਵਾਉਂਦੇ, ਜਿਸ ਨਾਲ ਸਿੱਖ ਲਹਿਰ ਵਿਚ ਇਕ ਨਵੇਂ ਜੋਸ਼ ਦਾ ਸੰਚਾਰ ਹੋ ਗਿਆ। ਆਪ ਜੀ ਨਾਲ ਜੁੜਨ ਵਾਲੇ ਲੋਕਾਂ ਦੀ ਕੋਈ ਮੰਗ ਨਹੀਂ ਸੀ, ਉਹ ਤਾਂ ਆਪ ਜੀ ਦੇ ਪ੍ਰੇਮ ਅਤੇ ਮਿਹਰ ਦੀ ਨਜ਼ਰ ਉਪਰ ਹੀ ਸਭ ਕੁਝ ਨਿਛਾਵਰ ਕਰਨ ਲਈ ਤਤਪਰ ਰਹਿੰਦੇ ਸਨ। ਗੁਰੂ ਜੀ ਸਭ ਨੂੰ ਇਕ ਘੋੜਾ ਅਤੇ ਸ਼ਸਤਰ ਬਖਸ਼ਦੇ। ਗੁਰੂ ਸਾਹਿਬ ਦੇ ਅਜਿਹੇ ਕ੍ਰਾਂਤੀਕਾਰੀ ਕਦਮਾਂ ਸਦਕਾ ਅਰਾਮ ਪ੍ਰਸਤ ਮਸੰਦ ਭੈਅਭੀਤ ਹੋ ਗਏ ਅਤੇ ਮਾਤਾ ਗੰਗਾ ਜੀ ਪਾਸ ਪਹੁੰਚ ਗਏ। ਉਹਨਾਂ ਨੇ ਮਾਤਾ ਜੀ ਨੂੰ ਕਿਹਾ ਕਿ ਗੁਰੂ ਜੀ ਨੇ ਗੁਰੂ ਨਾਨਕ ਜੀ ਦੀਆਂ ਸਿੱਖਿਆਂਵਾਂ ਨੂੰ ਵਿਸਾਰ ਕੇ ਦੂਸਰਾ ਰਸਤਾ ਅਖਤਿਆਰ ਕਰ ਲਿਆ ਹੈ, ਜੋ ਕਿ ਠੀਕ ਨਹੀਂ। ਇਸ ਦੇ ਉਤਰ ਵਿਚ ਮਾਤਾ ਜੀ ਨੇ ਆਪਣੇ ਗੁਰੂ ਪੁੱਤਰ ਨਾਲ ਹੀ ਸਹਿਮਤੀ ਜਤਾਈ-

ਸੁਨਹੁ ਮਾਤਾ ਤੁਮ ਸੁਤ ਕਿਆ ਕਰੀ।ਰੀਤ ਗੁਰ ਨਾਨਕ ਨਹਿੰ ਧਰੀ।

ਮਾਤ ਕਹਾ ਇਸ ਨਰ ਨਹੀਂ ਜਾਨੋ।ਸਤਿ ਪਰਮੇਸਰ ਨਿਸਚੈ ਮਾਨੋ।( ਉਹੀ, ਪੰ. 223)

ਗੁਰੂ ਜੀ ਦੇ ਅਨੇਕਾਂ ਸਮਕਾਲੀ ਅਤੇ ਕਈ ਆਧੁਨਿਕ ਇਤਿਹਾਸਕਾਰ ਵੀ ਉਨ੍ਹਾਂ ਦੀ ਜੰਗੀ ਨੀਤੀ ਉਪਰ ਕਿੰਤੂ ਕਰਦੇ ਹਨ। ਅਸਲ ਵਿਚ ਉਹ ਗੁਰੂ ਜੀ ਦੀ ਪ੍ਰਤਿਭਾ ਨੂੰ ਸਹੀ ਰੂਪ ਵਿਚ ਸਮਝ ਨਹੀਂ ਸਕੇ। ਭਾਈ ਗੁਰਦਾਸ ਜੀ ਇਹਨਾਂ ਸ਼ੰਕਾਲੂਆਂ ਨੂੰ ਅਨੇਕਾਂ ਉਦਾਹਰਨਾਂ ਦਿੰਦੇ ਹੋਏ ਸਮਝਾਉਂਦੇ ਹਨ ਕਿ ਬੇਮੁੱਖਾਂ ਅਤੇ ਜ਼ਾਲਮਾਂ ਨੂੰ ਸੋਧਣ ਲਈ ਉਹਨਾਂ ਨਾਲ ਲੋਹਾ ਲੈਣਾ ਵੀ ਇਕ ਮਜਬੂਰੀ ਬਣ ਜਾਂਦੀ ਹੈ–

ਜਿਉਂ ਮਣਿ ਕਾਲੇ ਸਪੁ ਸਿਰ, ਹੱਸ ਦੇਇ ਨ ਜਾਣੀ।

ਸਮੇਂ ਦੇ ਬੀਤਣ ਨਾਲ ਇਹ ਸ਼ੰਕਾਲੂ ਵੀ ਗੁਰੂ ਸਾਹਿਬ ਦੀ ਨਵੀਂ ਨੀਤੀ ਦੇ ਸਮਰਥਕ ਬਣ ਗਏ। ਇਸ ਤਰ੍ਹਾਂ ਗੱਦੀ ਉਪਰ ਬਿਰਾਜਮਾਨ ਹੋਣ ਦੇ ਪਹਿਲੇ ਪੰਜ ਸਾਲਾਂ ਵਿਚ ਹੀ ਗੁਰੂ ਜੀ ਦੀ ਸ਼ਕਤੀ ਅਤੇ ਸ਼ਾਨ ਦੀਆਂ ਦੂਰ-ਦੂਰ ਤੱਕ ਧੁੰਮਾਂ ਪੈ ਗਈਆਂ।

### 2.6.7 ਲੋਹਗੜ੍ਹ ਦੀ ਉਸਾਰੀ

1609 ਈ. ਵਿਚ ਲੋਹਗੜ੍ਹ ਦੀ ਸਥਾਪਨਾ ਨਾਲ ਅੰਮ੍ਰਿਤਸਰ ਵਿਰੋਧੀਆਂ ਦੀ ਨਜ਼ਰ ਵਿਚ ਰੜਕਣ ਲੱਗ ਪਿਆ। ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖ ਲਹਿਰ ਦੀ ਚੜ੍ਹਤ ਦਿਨੋ-ਦਿਨ ਵੱਧ ਰਹੀ ਸੀ। ਇਧਰ ਜਹਾਂਗੀਰ ਨੇ 1610 ਈ. ਵਿਚ ਪੰਜਾਬ ਦਾ ਗਵਰਨਾਰ ਮੁੜ ਮੁਰਤਜ਼ਾ ਖਾਨ ਨੂੰ ਬਣਾ ਦਿੱਤਾ। ਗੁਰੂ ਘਰ ਦੇ ਵਿਰੋਧੀਆ ਨੇ ਉਸ ਕੋਲ ਗੁਰੂ ਘਰ ਦੀ ਵੱਧਦੀ ਸ਼ਕਤੀ ਨੂੰ ਮੁਜ਼ਲ ਹਕੂਮਤ ਲਈ ਨੁਕਸਾਨ ਦਾ ਇਕ ਦੱਸਦੇ ਹੋਏ ਖੂਬ ਭੜਕਾਇਆ।ਮੁਰਤਜ਼ਾ ਖਾਨ ਨੇ ਇਹ ਸਭ ਖਬਰਾਂ ਬਾਦਸ਼ਾਹ ਤੱਕ ਪੁਚਾਦਿੱਤੀਆਂ।ਬਾਦਸ਼ਾਹ ਜਹਾਂਗੀਰ ਦੇ ਇਕ ਨਿਕਟ ਅਹਿਲਕਾਰ ਵਜ਼ੀਰ ਖਾਨ ਨੇ ਬਾਦਸ਼ਾਹ ਨੂੰ ਸਮਝਾਉਂਦੇ ਹੋਏ ਗੁਰੂ ਸਾਹਿਬ ਪ੍ਰਤੀ ਪੈਦਾ ਹੋਈਆਂ ਗਲਤ ਫਹਿਮੀਆਂ ਨੂੰ ਦੂਰ ਕਰ ਦਿੱਤਾ। 1612 ਈ. ਵਿਚ ਗੁਰੂ ਸਾਹਿਬ ਨੇ ਲਾਹੌਰ ਵਿਚ ਪੰਜਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਅਸਥਾਨ ਉਪਰ ਯਾਦਗਾਰ ਦੀ ਨੀਂਹ ਰੱਖੀ, ਜਿਥੇ ਹੁਣ ਗੁਰਦੁਆਰਾ ਡੇਹਰਾ ਸਾਹਿਬ ਹੈ। ਇਥੇ ਹੀ ਮੀਆਂ ਮੀਰ ਜੀ ਨਾਲ ਮੁਲਾਕਤ ਵੀ ਕੀਤੀ। ਅਨੇਕਾਂ ਪ੍ਰਸਿੱਧ ਹਿੰਦੂ ਅਤੇ ਮੁਸਲਮਾਨ ਫਕੀਰਾਂ ਨੇ ਆਪ ਜੀ ਨਾਲ ਵਿਚਾਰ ਗੋਸ਼ਟੀ ਕਰਕੇ ਆਪ ਜੀ ਦੁਆਰਾ ਧਾਰਨ ਕੀਤੀਆਂ ਦੋ ਤਲਵਾਰਾਂ ਉਪਰ ਕਿੰਤੂ ਕੀਤਾ, ਪਰ ਆਪਨੇ ਸਭ ਨੂੰ ਸੰਤੁਸ਼ਟ ਕਰ ਦਿੱਤਾ। 1614 ਈ. ਵਿਚ ਦੁਆਬੇ ਦੀ ਫੇਰੀ ਸਮੇਂ ਆਪ ਜੀ ਨੇ ਸਿੱਖ ਲਹਿਰ ਨੂੰ ਸ਼ਸਤਰਧਾਰੀ ਅਤੇ ਸੰਤ ਸਿਪਾਹੀ ਸਰੂਪ ਵਿਚ ਢਾਲਣ ਦਾ ਆਪਣਾ ਮਨੋਰਥ ਦੱਸਦੇਹੋਏ ਸਿੱਖਾਂ ਨੂੰ ਸ਼ਸਤਰਧਾਰੀ ਸੰਤ ਸਿਪਾਹੀ ਬਣਾਇਆ।

### 2.6.8 ਗਵਾਲੀਅਰ ਵਿਖੇ ਨਜ਼ਰਬੰਦੀ

ਗੁਰੂ ਸਾਹਿਬ ਦੀ ਇੰਨੀ ਪ੍ਰਸਿੱਧੀ ਨੂੰ ਵੇਖ ਕੇ ਪ੍ਰਿਥੀ ਚੰਦ, ਮਿਹਰਬਾਨ ਅਤੇ ਚੰਦੂ ਨੇ ਆਪਣੀ ਈਰਖਾ ਵੱਸ ਬਾਦਸ਼ਾਹ ਦੇ ਅਜਿਹੇ ਕੰਨ ਭਰੇ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ ਦੇ ਸ਼ਰਧਾਲੂ ਵਜ਼ੀਰ ਖਾਨ ਨੇ ਗੁਰੂ ਜੀ ਨੂੰ ਬਾਦਸ਼ਾਹ ਦੀ ਮਨਸ਼ਾ ਤੋਂ ਜਾਣੂ ਕਰਵਾਉਂਦੇ ਹੋਏ ਖੁਦ ਬਾਦਸ਼ਾਹ ਦੇ ਸ਼ੰਕੇ ਨਿਵਿਰਤ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਅਕਾਲ ਤਖਤ ਦੀ ਸੇਵਾ ਭਾਈ ਗੁਰਦਾਸ ਜੀ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਸੌਂਪ ਕੇ ਅਨੇਕਾਂ ਥਾਵਾਂ ਤੇ ਪੜਾਅ ਕਰਦੇ ਹੋਏ ਦਿੱਲੀ ਪੁੱਜੇ। ਬਾਦਸ਼ਾਹ ਆਪ ਜੀ ਨੂੰ ਮਿਲ ਕੇ ਬਹੁਤ

ਪ੍ਰਭਾਵਿਤ ਹੋਇਆ, ਪ੍ਰੰਤੂ ਇਸ ਦੇ ਨਾਲ ਹੀ ਆਪ ਜੀ ਦੀ ਦਲੇਰੀ, ਹਿੰਮਤ, ਸ਼ਕਤੀ ਅਤੇ ਹਿੰਦੂ-ਮੁਸਲਮਾਨ ਤਬਕਿਆਂ ਵੱਲੋਂ ਮਿਲਦਾ ਸਤਿਕਾਰ ਵੇਖ ਕੇ ਭੈਅਭੀਤ ਹੋ ਗਿਆ ਅਤੇ ਉਸ ਨੇ ਆਪ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿੱਤਾ। ਗਵਾਲੀਅਰ ਦੀ ਨਜ਼ਰਬੰਦੀ ਬਾਰੇ ਵੱਖ-ਵੱਖ ਇਤਿਹਾਸਕਾਰਾਂ ਨੇ ਵਿਭਿੰਨ ਰਾਵਾਂ ਪ੍ਰਸਤੁਤ ਕੀਤੀਆਂ ਹਨ। ਇਹਨਾਂ ਵਿਚ ਦਬਸਤਾਨਿ ਮਜਾਹਿਬ ਦੇ ਕਰਤਾ ਮੁਹਸਿਨ ਫਾਨੀ ਨੇ 12 ਸਾਲਾਂ ਦੇ ਲੰਬੇ ਅਰਸੇ ਦਾ ਜ਼ਿਕਰ ਕੀਤਾ ਹੈ। ਅਠਾਰਵੀਂ ਸਦੀ ਵਿਚ ਭਾਰਤ ਆਏ ਫਾਰਸਟਰ ਨੇ ਇਸ ਨੂੰ ਥੋੜ੍ਹੇ ਸਮੇਂ ਦੀ ਨਜ਼ਰਬੰਦੀ ਕਿਹਾ ਹੈ। ਪ੍ਰੋ. ਸਤਿਬੀਰ ਸਿੰਘ ਆਪਣੀ ਰਚਨਾ ਗੁਰ ਭਾਰੀ ਵਿਚ ਇਸ ਨੂੰ 27 ਮਹੀਨੇ ਦੀ ਕੈਦ ਦੱਸਦਾ ਹੈ। ਭੱਟ ਵਹੀਆਂ ਗ੍ਰਿਫਤਾਰੀ ਦੀ ਮਿਤੀ ਨੂੰ ਤਾਂ ਬਿਆਨ ਨਹੀਂ ਕਰਦੀਆਂ, ਪਰ ਰਿਹਾਈ ਦੀ ਮਿਤੀ ਅਕਤੂਬਰ-ਨਵੰਬਰ 1619 ਈ. ਸਪੱਸ਼ਟ ਕਰਦੀਆਂ ਹਨ। ਤਵਾਰੀਖ ਗੁਰ ਖਾਲਸਾ ਅਤੇ ਸੂਰਜ ਪ੍ਰਕਾਸ਼ ਇਹ ਮਿਤੀ 1617 ਈ. ਬਿਆਨਦੇ ਹਨ। ਇਤਿਹਾਸਕ ਸਰੋਤਾਂ ਦੀ ਰੌਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਜ਼ਰਬੰਦੀ 6 ਤੋਂ ਅੱਠ ਮਹੀਨੇ ਤੱਕ ਦੀ ਹੋ ਸਕਦੀ ਹੈ। ਅੰਤ ਆਪਣੀ ਮਾਨਸਿਕ ਪ੍ਰੇਸ਼ਾਨੀ, ਬੇਚੈਨੀ ਦੀ ਬਿਮਾਰੀ ਤੋਂ ਬਚਣ ਲਈ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਉਨ੍ਹਾਂ ਦੀ ਸ਼ਰਤ ਅਨੁਸਾਰ 52 ਰਾਜਿਆਂ ਸਮੇਤ ਰਿਹਾ ਕਰ ਦਿੱਤਾ। ਗੁਰੂ ਸਾਹਿਬ ਨੇ ਬੰਦੀ ਰਾਜਿਆਂ ਨਾਲ ਬਾਦਸ਼ਾਹ ਦੀ ਸੁਲਹ ਕਰਵਾਉਂਦੇ ਹੋਏ ਉਹਨਾਂ ਦੇ ਰਾਜ-ਭਾਗ ਵੀ ਵਾਪਸ ਕਰਵਾਏ। ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਵਿਚ ਅੰਮ੍ਰਿਤਸਰ ਵਿਖੇ ਦੀਪਮਾਲਾ ਕੀਤੀ ਗਈ।

ਬਾਦਸ਼ਾਹ ਨੇ ਚੰਦੂ ਅਤੇ ਉਸ ਦੇ ਬੇਟੇ ਤੇ ਪਤਨੀ ਨੂੰ ਗੁਰੂ ਸਾਹਿਬ ਦੇ ਸਪੁਰਦ ਕਰ ਦਿੱਤਾ। ਗੁਰੂ ਜੀ ਨੇ ਇਸ ਪਾਪੀ ਚੰਦੂ ਨੂੰ ਭਾਈ ਬਿਧੀ ਚੰਦ ਦੇ ਹਵਾਲੇ ਕਰ ਦਿੱਤਾ ਪਰ ਉਸ ਦੀ ਪਤਨੀ ਅਤੇ ਬੇਟੇ ਨੂੰ ਨਿਰਦੋਸ਼ ਮੰਨਦੇ ਹੋਏ ਰਿਹਾਅ ਕਰ ਦਿੱਤਾ ਅਤੇ ਸੂਰਮਿਆਂ ਦੁਆਰਾ ਔਰਤਾਂ ਅਤੇ ਨਿਹੱਥਿਆਂ ਉਪਰ ਵਾਰ ਨਾ ਕਰਨ ਨੂੰ ਇੰਜ ਸਪੱਸ਼ਟ ਕੀਤਾ-

ਜੇ ਸੂਰਾ ਬਲਕਾਰ ਧਰਾਵੈ।

ਜਦੋਂ ਗੁਰੂ ਸਾਹਿਬ ਲਾਹੌਰ ਪੁੱਜੇ ਤਾਂ ਚੰਦੂ ਵੀ ਆਪ ਜੀ ਦੇ ਨਾਲ ਸੀ। ਸੰਗਤਾਂ ਨੂੰ ਉਸ ਉਪਰ ਬਹੁਤ ਰੋਸ ਸੀ, ਜਿਸ ਕਾਰਨ ਉਹਨਾਂ ਨੇ ਚੰਦੂ ਦੇ ਨੱਕ ਵਿਚ ਨਕੇਲ ਪਾ ਕੇ ਬਜ਼ਾਰਾਂ ਵਿਚ ਜਲੂਸ ਕੱਢਿਆ। ਇਸੇ ਦੌਰਾਨ ਪੰਚਮ ਪਾਤਸ਼ਾਹ ਦੇ ਸੀਸ ਵਿਚ ਚੰਦੂ ਦੇ ਕਹਿਣ ਤੇ ਤੱਤੀ ਰੇਤ ਪਾਉਣ ਵਾਲੇ ਗੁਰਦਿੱਤੇ ਭੜਭੂੰਜੇ ਨੇ ਚੰਦੂ ਦੇ ਸਿਰ ਵਿਚ ਕੜਛਾ ਮਾਰ ਕੇ ਉਸ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਅੰਮ੍ਰਿਤਸਰ ਪਹੁੰਚ ਕੇ ਗੁਰੂ ਜੀ ਨੇ ਸਿੱਖ ਲਹਿਰ ਨੂੰ ਸੰਗਠਿਤ ਕਰਨ ਦਾ ਕਾਰਜ ਤੇਜ਼ ਕਰ ਦਿੱਤਾ। ਗਵਾਲੀਅਰ ਦੀ ਘਟਨਾ ਤੋਂ ਬਾਅਦ ਬਾਦਸ਼ਾਹ ਗੁਰੂ ਸਾਹਿਬ ਨਾਲ ਦੋਸਤਾਨਾ ਰਿਸ਼ਤਾ ਚਾਹੁੰਦਾ ਸੀ ਅਤੇ ਉਸ ਨੇ ਗੁਰੂ ਜੀ ਦੇ ਕਿਸੇ ਕੰਮ ਵਿਚ ਦਖਲ ਦੇਣਾ ਉਚਿੱਤ ਨਾ ਸਮਝਿਆ, ਜਿਸ ਕਾਰਨ ਗੁਰੂ ਜੀ ਨੂੰ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਢੁੱਕਵਾਂ ਸਮਾਂ ਮਿਲ ਗਿਆ।

### 2.6.9 ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ

ਸਿੱਖੀ ਪ੍ਰਚਾਰ ਲਈ ਨਿਰਵਿਘਨ ਅਤੇ ਖੁੱਲ੍ਹਾ ਸਮਾਂ ਮਿਲਣ ਕਾਰਨ ਕਥਾ-ਕੀਰਤਨ, ਘੋੜ-ਸਵਾਰੀ, ਨੇਜ਼ਾ-ਬਾਜ਼ੀ, ਤਲਵਾਰਬਾਜ਼ੀ ਅਤੇ ਸ਼ਸਤਰ ਅਭਿਆਸ ਪਹਿਲਾਂ ਵਾਂਗ ਹੋਣ ਲੱਗਾ। ਗੁਰੂ ਜੀ ਨੇ ਖੁਦ ਮਾਝੇ, ਮਾਲਵੇ ਅਤੇ ਦੁਆਬੇ ਦੇ ਇਲਾਕਿਆਂ ਦਾ ਭ੍ਰਮਣ ਕਰਕੇ ਸੰਗਤਾਂ ਨੂੰ ਸਿੱਖੀ ਨਾਲ ਜੋੜਿਆ। ਗੁਰੂ ਜੀ ਨੇ ਅੰਮ੍ਰਿਤਸਰ ਨੂੰ ਸੁੰਦਰ ਅਤੇ ਮਜ਼ਬੂਤ ਬਣਾਉਣ ਦੀ ਮਨਸ਼ਾ ਹਿਤ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਪਰਿਕਰਮਾ, ਗੁਰੂ ਕੇ ਲੰਗਰ ਅਤੇ ਅਕਾਲ ਬੁੰਗੇ ਦੀ ਸੇਵਾ ਕਰਵਾਈ। ਅਕਾਲ ਬੁੰਗੇ ਕੋਲ ਇਕ ਚੌੜੇ ਖੂਹ ਦੀ ਖੁਦਵਾਈ ਵੀ ਕਰਵਾਈ। ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਬਿਬੇਕਸਰ, ਰਾਮਸਰ ਅਤੇ ਕੌਲਸਰ ਸਰੋਵਰਾਂ ਦੀ ਖੁਦਵਾਈ ਕਰਵਾਈ। ਦੁਸ਼ਮਣਾਂ ਤੋਂ ਸੁਰੱਖਿਆ ਦੇ ਨਜ਼ਰੀਏ ਤੋਂ ਸ਼ਹਿਰ ਦੇ ਚੌਗਿਰਦੇ ਇਕ ਚੌੜੀ ਅਤੇ ਉੱਚੀ ਕੰਧ ਦੀ ਉਸਾਰੀ ਕਰਵਾਈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਾਅਦ ਪਹਿਲੇ ਗੁਰੂ ਹੋਏ ਹਨ, ਜੋ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਦੌਰੇ ਕਰਨ ਲਈ ਗਏ। ਗੁਰੂ ਸਾਹਿਬ ਹਰਿਗੋਬਿੰਦਪੁਰ ਦੀ ਜੰਗ ਤੋਂ ਬਾਅਦ ਕਾਫੀ ਸਮਾਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਲੰਮੇ ਦੌਰਿਆਂ ਤੇ ਗਏ। ਉਨ੍ਹਾਂ ਨੇ ਅੰਮ੍ਰਿਤਸਰ ਤੋਂ ਸਿਆਲਕੋਟ, ਕਸ਼ਮੀਰ, ਸ਼੍ਰੀ ਨਗਰ, ਗੁਜਰਾਤ, ਹਾਫ਼ਜ਼ਾਬਾਦ, ਮੰਦਰਾਂ, ਭਾਈ ਕੇ ਮਟਵੀਂ, ਮੰਡਿਆਲੀ, ਰਾਇ ਭੋਇ ਦੀ ਤਲਵੰਡੀ, ਪੱਧਰੀ, ਲਾਹੌਰ, ਗੜ੍ਹ ਮੁਕਤੇਸ਼ਵਰ, ਮੁਰਾਦਾਬਾਦ, ਨਾਨਕ ਮਤੇ, ਥਾਨੇਸਰ, ਕੁਰੂਕਸ਼ੇਤਰ, ਡਰੋਲੀ ਆਦਿ ਸਥਾਨਾਂ ਉਪਰ ਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਹੋਰਨਾਂ ਮਤਾਂ ਦੇ ਸਾਧੂਆ, ਪੀਰਾਂ, ਫਕੀਰਾਂ ਦੇ ਸ਼ੰਕੇ ਨਿਵਿਰਤ ਕੀਤੇ।

## 2.7 ਸਿੱਖ-ਮੁਗ਼ਲ ਯੁੱਧ

ਗੁਰੂ ਸਾਹਿਬ ਦੇ ਸਮੇਂ ਦੋ ਮੁਗ਼ਲ ਬਾਦਸ਼ਾਹਾਂ ਨੇ ਰਾਜਗੱਦੀ ਸੰਭਾਲੀ। ਜਹਾਂਗੀਰ ਨੇ ਤਾਂ ਕੁੱਝ ਸਮੇਂ ਬਾਅਦ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਦੋਸਤਾਨਾ ਸੰਬੰਧ ਕਾਇਮ ਕਰ ਲਏ ਸਨ, ਪਰ ਉਸ ਦੀ ਮੌਤ ਉਪਰੰਤ ਉਸ ਦਾ ਪੁੱਤਰ ਸ਼ਾਹਜਾਨ ਗੱਦੀ ਤੇ ਬੈਠਾ ਜੋ ਧਾਰਮਿਕ ਪੱਖੋਂ ਸੰਕੀਰਣਤਾ ਦਾ ਦਾਰਨੀ ਸੀ।

### 2.7.1 ਸ਼ਾਹਜਹਾਨ ਦੀ ਧਾਰਮਿਕ ਕੱਟੜਤਾ

ਸਿੱਖੀ ਦੇ ਇਸ ਅਮਨ ਪੂਰਵਕ ਪ੍ਰਚਾਰ ਵਿਚ ਵਿਘਨ ਉਸ ਸਮੇਂ ਪੈਣਾ ਸ਼ੁਰੂ ਹੋਇਆ, ਜਦੋਂ ਬਾਦਸ਼ਾਹ ਜਹਾਂਗੀਰ ਦੀ ਮੌਤ ਤੋਂ ਬਾਅਦ ਉਸ ਦਾ ਸ਼ਹਿਜ਼ਾਦਾ ਸ਼ਾਹਜਹਾਨ ਗੱਦੀ ਤੇ ਬੈਠਾ ਜੋ ਸੰਪਰਦਾਇਕ ਕੱਟੜਤਾ ਦਾ ਧਾਰਨੀ ਸੀ, ਉਸ ਨੇ ਅਨੇਕਾਂ ਮੰਦਿਰਾਂ ਨੂੰ ਢਹਿ-ਢੇਰੀ ਕਰਵਾ ਦਿੱਤਾ ਅਤੇ ਨਵੇਂ ਮੰਦਿਰਾਂ ਦੇ ਨਿਰਮਾਣ ਤੇ ਰੋਕ ਲਗਾ ਦਿੱਤੀ। ਲਾਹੌਰ ਵਿਖੇ ਬਾਉਲੀ ਸਾਹਿਬ ਨੂੰ ਵੀ ਪੂਰ ਦਿੱਤਾ ਗਿਆ। ਇਸ ਤੋਂ ਅਗਲੇ ਖਤਰੇ ਦਾ ਅੰਦਾਜ਼ਾ ਲਗਾਉਂਦੇ ਹੋਏ ਗੁਰੂ ਸਾਹਿਬ ਨੇ ਸਿੱਖਾਂ ਨੂੰ ਸੁਚੇਤ ਅਤੇ ਤਿਆਰ ਰਹਿਣ ਦੀ ਤਾਕੀਦ ਕੀਤੀ। ਇਕ ਹੋਰ ਕਾਰਨ, ਜਿਸ ਨਾਲ ਸਿੱਖ-ਮੁਗ਼ਲ ਸੰਬੰਧ ਵਿਗੜਨੇ ਸ਼ੁਰੂ ਹੋ ਗਏ ਸਨ, ਉਹ ਸੀ, ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਕਨੀਜ਼ ਬੀਬੀ ਕੌਲਾਂ ਦਾ ਸਿੱਖ ਧਰਮ ਦੀ ਪਨਾਹ ਵਿਚ ਆ ਕੇ ਸ਼ਰ੍ਹਾ ਦੀ ਉਲੰਘਣਾ ਕਰਨਾ। ਉਸਨੂੰ ਸਾਈਂ ਮੀਆਂ ਮੀਰ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਨਾਹ ਵਿਚ ਭੇਜ ਦਿੱਤਾ, ਜਿਸ ਉਪਰ ਲਾਹੌਰ ਦਾ ਕਾਜ਼ੀ ਬਹੁਤ ਕ੍ਰੋਧਿਤ ਹੋ ਗਿਆ। ਉਸ ਨੇ ਸ਼ਾਹ ਜਹਾਨ ਪਾਸ ਇਹ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਮੁਸਲਮਾਨਾਂ ਦਾ ਧਰਮ ਪਰਿਵਰਤਨ ਕਰ ਰਹੇ ਹਨ। ਜਿਸ ਕਰਕੇ ਬਾਦਸ਼ਾਹ ਬਹੁਤ ਕ੍ਰੋਧਿਤ ਹੋ ਗਿਆ।

### 2.7.2 ਅੰਮ੍ਰਿਤਸਰ ਦੀ ਜੰਗ

ਇਸ ਦੇ ਨਾਲ ਹੀ ਜੋ ਘਟਨਾ ਸਿੱਖਾਂ ਦੀ ਮੁਗ਼ਲਾਂ ਨਾਲ ਪਹਿਲੀ ਜੰਗ ਦਾ ਕਾਰਨ ਬਣੀ, ਉਹ ਸੀ ਸਿੱਖਾਂ ਦੁਆਰਾ ਸ਼ਾਹੀ ਬਾਜ਼ ਵਾਪਿਸ ਨਾ ਕਰਨਾ। ਇਕ ਦਿਨ 1628 ਈ. ਵਿਚ ਗੁੰਮਟਾਲੇ (ਅੰਮ੍ਰਿਤਸਰ) ਪਾਸ ਸ਼ਿਕਾਰ ਖੇਡਦੇ ਸਮੇਂ ਮੁਗ਼ਲਾਂ ਦਾ ਸ਼ਾਹੀ ਬਾਜ਼ ਸਿੱਖਾਂ ਦੇ ਹੱਥ ਲੱਗਣ ਨਾਲ ਸਥਿਤੀ ਬਹੁਤ ਤਣਾਅਪੂਰਨ ਬਣ ਗਈ। ਮੁਗ਼ਲ ਸੈਨਿਕਾਂ ਦੇ ਅਹੰਕਾਰੀ ਸੁਭਾਅ ਕਾਰਨ ਸਿੱਖਾਂ ਨੇ ਬਾਜ਼ ਵਾਪਸ ਦੇਣ ਤੋਂ ਨਾਂਹ ਕਰ ਦਿੱਤੀ। ਸ਼ਾਹ ਜਹਾਨ ਕੋਲ ਇਹ ਖਬਰ ਪਹੁੰਚਣ ਤੇ ਉਸ ਦੇ ਹੁਕਮ ਤੇ ਲਾਹੌਰ ਦੇ ਗਵਰਨਰ ਕੁਲੀਜ ਖਾਂ ਨੇ ਮੁਖਲਿਸ ਖਾਂ ਨੂੰ ਸਿੱਖਾਂ ਵਿਰੁੱਧ ਨਿਪਟਣ ਦਾ ਹੁਕਮ ਦਿੱਤਾ। ਮੁਗ਼ਲ ਫ਼ੌਜ ਲੋਹਗੜ੍ਹ ਕਿਲ੍ਹੇ ਤੱਕ ਪਹੁੰਚ ਗਈ। ਗੁਰੂ ਸਾਹਿਬ ਨੇ ਆਪਣੀ ਬੇਟੀ ਬੀਬੀ ਵੀਰੋ ਦਾ ਵਿਆਹ ਦਾ ਸਥਾਨ ਬਦਲਦੇ ਹੋਏ ਪੂਰੇ ਪਰਿਵਾਰ ਅਤੇ ਬਾਕੀ ਸਿੱਖ ਸੰਗਤ ਨੂੰ ਅੰਮ੍ਰਿਤਸਰ ਤੋਂ ਬਾਹਰ ਸੁਰੱਖਿਅਤ ਭੇਜ ਦਿੱਤਾ। ਇਸ ਜੰਗ ਵਿਚ ਸਿਖ ਵਿਜਈ ਰਹੇ। ਪ੍ਰਸਿੱਧ ਸ਼ਰਧਾਲੂ ਸਿੱਖ ਭਾਈ ਭਾਨੂੰ, ਭਾਈ ਸੁੱਘਾ, ਭਾਈ ਗੋਪਾਲਾ, ਭਾਈ ਬੱਲੂ ਅਤੇ ਭਾਈ ਮੋਹਨ ਆਦਿ ਇਸ ਜੰਗ ਵਿਚ ਸ਼ਹਾਦਤ ਪ੍ਰਾਪਤ ਕਰ ਗਏ। ਮੁਖਲਿਸ ਖਾਂ ਗੁਰੂ ਸਾਹਿਬ ਹੱਥੋਂ ਮਾਰਿਆ ਗਿਆ। ਉਸ ਦੀ ਮੌਤ ਤੇ ਮੁਗ਼ਲ ਫ਼ੌਜ ਦੌੜ ਗਈ। ਇਸ ਹਾਰ ਤੇ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਬਹੁਤ ਕ੍ਰੋਧਿਤ ਹੋ ਗਿਆ। ਗੁਰੂ ਸਾਹਿਬ ਨੇ ਜੰਗ ਤੋਂ ਝਬਾਲ ਪਹੁੰਚ ਕੇ ਬੀਬੀ ਵੀਰੋ ਦੇ ਅਨੰਦ ਸੰਸਕਾਰ ਨੂੰ ਸੰਪੂਰਨ ਕਰਵਾਇਆ।

### 2.7.3 ਹਰਿਗੋਬਿੰਦਪੁਰ ਦੀ ਜੰਗ

ਸਿੱਖਾਂ ਦੀ ਦੂਸਰੀ ਜੰਗ ਹਰਿਗੋਬਿੰਦਪੁਰ ਦੇ ਸਥਾਨ ਤੇ ਹੋਈ। ਗੁਰੂ ਸਾਹਿਬ ਨੇ ਮੁਕੇਰੀਆਂ ਨੇੜੇ ਚੰਦੂ ਦੇ ਉਜੜੇ ਪਿੰਡ ਰੁਹੀਲਾ ਵਿਖੇ ਮੋੜੀ ਗੱਡ ਕੇ ਨਵਾਂ ਨਗਰ ਹਰਿਗੋਬਿੰਦਪੁਰ ਵਸਾਇਆ। ਇਸ ਨਗਰ ਵਿਚ ਧਰਮਸ਼ਾਲਾ ਅਤੇ ਮਸਜਿਦ ਦੀ ਉਸਾਰੀ ਕਰਵਾਉਣ ਉਪਰੰਤ ਇਸ ਨੂੰ ਯੁੱਧ ਨੀਤਕ ਪੱਖੋਂ ਮਜ਼ਬੂਤ ਕਰਨ ਦੇ ਇਰਾਦੇ ਤਹਿਤ ਜਦੋਂ ਗੁਰੂ ਜੀ ਫਸੀਲ ਬਣਵਾਉਣ ਲੱਗੇ ਤਾਂ ਚੰਦੂ ਦਾ ਰਿਸ਼ਤੇਦਾਰ ਭਗਵਾਨ ਦਾਸ ਘੇਰੜ ਸਿੱਖਾਂ ਨਾਲ ਉਲਝ ਪਿਆ। ਉਹ ਇਸ ਨਗਰ ਨੂੰ ਆਪਣੀ ਨਿੱਜੀ ਮਲਕੀਅਤ ਸਮਝਦਾ ਸੀ। ਜਦੋਂ ਉਸ ਨੇ ਗੁਰੂ ਸਾਹਿਬਾਨ ਵਿਰੁੱਧ ਮੰਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਤਾਂ ਸਿੱਖਾਂ ਨੇ ਗੁੱਸੇ ਵਿਚ ਆ ਕੇ ਉਸ ਨੂੰ ਮਾਰ ਦਿੱਤਾ। ਉਸ ਦੀ ਮੌਤ ਦੀ ਖਬਰ ਸੁਣ ਕੇ ਉਸ ਦੇ ਪੁੱਤਰ ਰਤਨ ਚੰਦ ਨੇ ਚੰਦੂ ਦੇ ਪੁੱਤਰ ਨੂੰ ਨਾਲ ਲੈ ਕੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖਾਨ ਕੋਲੋਂ ਮਦਦ ਮੰਗੀ। ਸੂਬੇਦਾਰ ਨੇ ਦਸ ਹਜ਼ਾਰ ਫੌਜ ਨਾਲ 1630 ਈ. ਵਿਚ ਹਰਗੋਬਿੰਦਪੁਰ ਉਤੇ ਚੜ੍ਹਾਈ ਕਰ ਦਿੱਤੀ। ਬੇਸ਼ੱਕ ਇਸ ਜੰਗ ਵਿਚ ਗੁਰੂ ਸਾਹਿਬ ਦੇ ਅਨੇਕਾਂ ਸ਼ਰਧਾਲੂ ਸਿੱਖ (ਜਿਹਨਾਂ ਵਿਚ ਭੱਟ ਭਿੱਖਾਂ ਦੇ ਪੁੱਤਰ ਮਥੁਰਾ ਭੱਟ ਵੀ ਸ਼ਾਮਿਲ ਸਨ) ਸ਼ਹੀਦ ਹੋ ਗਏ, ਪਰ ਫਿਰ ਵੀ ਜਿੱਤ ਸਿੱਖਾਂ ਦੀ ਹੋਈ। ਇਸ ਜੰਗ ਵਿਚ ਜਲੰਧਰ ਦੇ ਸੂਬੇਦਾਰ ਦੀ ਮੌਤ ਨਾਲ ਜਲੰਧਰ-ਦੁਆਬੇ ਵਿਚੋਂ ਅਨਿਆਂ ਅਤੇ ਜਬਰ ਦਾ ਖਾਤਮਾ ਹੋ ਗਿਆ। ਸਿੱਖਾਂ ਵਿਚ ਨਵੇਂ ਜੋਸ਼ ਅਤੇ ਉਤਸ਼ਾਹ ਦਾ ਸੰਚਾਰ ਹੋਇਆ। ਯੁੱਧ ਉਪਰੰਤ ਗੁਰੂ ਜੀ ਨੇ ਨਗਰ ਦੀ ਚਾਰ-ਦੀਵਾਰੀ ਮੁਕੰਮਲ ਕਰਵਾਈ। ਭਗਵਾਨ ਦਾਸ ਘੇਰੜ ਦੀ ਹਵੇਲੀ ਨੂੰ ਮਸੀਤ ਵਿਚ ਬਦਲ ਦਿੱਤਾ ਗਿਆ, ਜਿਸ ਨਾਲ ਨਗਰ ਵਿਚ ਦੋ ਮਸੀਤਾਂ ਹੋਣ ਕਾਰਨ ਮੁਸਲਮਾਨ ਗੁਰੂ ਜੀ ਦੀ ਨਿਆਂਸ਼ੀਲਤਾ ਅਤੇ ਉਦਾਰਤਾ ਦੇ ਕਾਇਲ ਹੋ ਗਏ।

### 2.7.4 ਮਹਿਰਾਜ ਦੀ ਜੰਗ

ਇਸ ਜੰਗ ਤੋਂ ਬਾਅਦ ਗੁਰੂ ਸਾਹਿਬ ਪਰਿਵਾਰ ਸਮੇਤ ਮਾਲਵੇ ਚਲੇ ਗਏ। ਇਥੇ ਮਰਾਜ (ਮਹਿਰਾਜ) ਵਿਖੇ ਤੀਸਰੀ ਜੰਗ ਹੋਈ ਜਿਸ ਦਾ ਕਾਰਨ ਗੁਰੂ ਸਾਹਿਬ ਲਈ ਭਾਈ ਬਖਤ ਮੱਲ ਅਤੇ ਤਾਰਾ ਚੰਦ ਦੁਆਰਾ ਦੋ ਕਾਬਲੀ ਘੋੜੇ ਬਣੇ ਜੋ ਰਸਤੇ ਵਿਚ ਲਾਹੌਰ ਦੇ ਸੂਬੇਦਾਰ ਕਾਸਮ ਬੇਗ ਨੇ ਖੋਹ ਲਏ। ਗੁਰੂ ਸਾਹਿਬ ਦੇ ਹੁਕਮ ਤੇ ਭਾਈ ਬਿਧੀ ਚੰਦ ਇਹ ਘੋੜੇ ਘਾਹੀ ਅਤੇ ਜੋਤਸ਼ੀ ਬਣ ਕੇ ਉਡਾ ਲਿਆਇਆ। ਇਹ ਖਬਰ ਮਿਲਣ ਤੇ ਮੁਗ਼ਲਾਂ ਨੇ ਲਲਾ ਬੇਗ ਅਤੇ ਕਮਰ ਬੇਗ ਦੀ ਕਮਾਨ ਹੇਠ 1630 ਈ. ਵਿਚ ਗੁਰੂ ਸਾਹਿਬ ਨਾਲ ਗਹਿਗੱਚਵੀਂ ਲੜਾਈ ਕੀਤੀ, ਜਿਸ ਵਿਚ ਗੁਰੂ ਸਾਹਿਬ ਵਿਜਈ ਹੋਏ।

### 2.7.5 ਕਰਤਾਰਪੁਰ ਦੀ ਜੰਗ

ਮਹਿਰਾਜ ਦੀ ਜੰਗ ਉਪਰੰਤ ਪਾਤਸ਼ਾਹ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਆਪਣੇ ਸਪੁੱਤਰ ਤੇਗ ਬਹਾਦਰ ਜੀ ਦੀ ਸ਼ਾਦੀ ਲਈ ਕਰਤਾਰਪੁਰ ਆ ਗਏ, ਜਿਥੇ ਬੀਬੀ ਗੁਜਰੀ ਜੀ ਨਾਲ ਉਨ੍ਹਾਂ ਦੀ ਸ਼ਾਦੀ ਹੋਈ। ਉਸ ਸਾਲ ਦੀ ਵਿਸਾਖੀ ਤੇ ਕਰਤਾਰਪੁਰ ਸੰਗਤਾਂ ਦਾ ਭਾਰੀ ਇਕੱਠ ਹੋਇਆ। ਇਸ ਦੀਵਾਨ ਵਿਚ ਇਕ ਸ਼ਰਧਾਲੂ ਵਪਾਰੀ ਗੁਰੂ ਪਾਤਸ਼ਾਹ ਲਈ ਸੋਲ੍ਹਾਂ ਲੱਖ ਦਾ ਘੋੜਾ, ਇਕ ਚਿੱਟਾ ਬਾਜ਼, ਜ਼ਰੀਦਾਰ ਬਸਤਰ, ਕੀਮਤੀ ਢਾਲ ਅਤੇ ਜੜਾਊ ਮੁੱਠ ਵਾਲੀ ਇਕ ਤਲਵਾਰ ਭੇਟ ਕੀਤੀ। ਗੁਰੂ ਸਾਹਿਬ ਨੇ ਚਿੱਟਾ ਬਾਜ਼ ਬਾਬਾ ਗੁਰਦਿੱਤਾ ਜੀ ਨੂੰ ਦੇ ਕੇ ਬਾਕੀ ਸਭ ਵਸਤਾਂ ਪੈਂਦੇ ਖਾਂ ਨੂੰ ਦਿੰਦੇ ਹੋਏ ਉਸ ਨੂੰ ਹਮੇਸ਼ਾਂ ਇਹ ਵਸਤਾਂ ਦੀਵਾਨ ਵਿਚ ਪਹਿਨ ਕੇ ਆਉਣ ਦੀ ਹਦਾਇਤ ਕੀਤੀ। ਇਸ ਸਤਿਕਾਰ ਨਾਲ ਪੈਂਦੇ ਖਾਂ ਦਾ ਹੰਕਾਰ ਬਹੁਤ ਵੱਧ ਗਿਆ। ਜਦੋਂ ਉਹ ਇਹ ਵਸਤਾਂ ਆਪਣੇ ਪਿੰਡ ਲੈ ਕੇ ਗਿਆ ਤਾਂ ਉਸ ਦੇ ਜਵਾਈ ਉਸਮਾਨ ਖਾਂ ਨੇ ਹੱਠ ਕਰਕੇ ਉਹ ਵਸਤਾਂ ਹਾਸਿਲ ਕਰ ਲਈਆਂ। ਇਹਨਾਂ ਵਸਤਾਂ ਦੀ ਅਣਹੋਂਦ ਕਾਰਨ ਕੁਝ ਦਿਨ ਪੈਂਦੇ ਖਾਂ ਦਰਬਾਰ ਵਿਚ ਨਾ ਗਿਆ। ਇਸੇ ਸਮੇਂ ਦੌਰਾਨ ਇਕ ਦਿਨ ਬਾਬਾ ਗੁਰਦਿੱਤਾ ਜੀ ਦਾ ਬਾਜ਼ ਸ਼ਿਕਾਰ ਖੇਡਦੇ ਸਮੇਂ ਉਸਮਾਨ ਖਾਂ ਨੇ ਫੜ੍ਹ ਲਿਆ ਅਤੇ ਸਿੱਖਾਂ ਨੂੰ ਵਾਪਿਸ ਨਹੀਂ ਕੀਤਾ। ਜਦੋਂ ਗੁਰੂ ਸਾਹਿਬ ਨੇ ਇਸ ਬਾਬਤ ਪੈਂਦੇ ਖਾਂ ਨੂੰ ਬੁਲਾ ਕੇ ਪੁੱਛਿਆ ਤਾਂ ਉਹ ਮੁਕਰ ਗਿਆ। ਘਰ ਆਉਣ ਤੇ ਉਸਮਾਨ ਖਾਂ ਨੇ ਪੈਂਦੇ ਖਾਂ ਨੂੰ ਗੁਰੂ ਸਾਹਿਬ ਖਿਲਾਫ ਬਹੁਤ ਭੜਕਾਇਆ। ਭਾਈ

ਬਿਧੀ ਚੰਦ ਨੇ ਸਭ ਵਸਤਾਂ ਗੁਰੂ ਸਾਹਿਬ ਦੇ ਕਹਿਣ ਤੇ ਉਸਮਾਨ ਖਾਂ ਕੋਲੋਂ ਖੋਹ ਲਈਆਂ। ਇਸ ਘਟਨਾ ਨੇ ਚੌਥੀ ਜੰਗ ਲਈ ਖੇਤ ਤਿਆਰ ਕਰ ਦਿੱਤਾ। ਪੈਂਦੇ ਖਾਂ ਅਤੇ ਉਸ ਦੇ ਜਵਾਈ ਨੇ ਜਲੰਧਰ ਦੇ ਸੂਬੇਦਾਰ ਕੁਤਬ ਖਾਂ ਦੇ ਹੁਕਮ ਤੇ ਕਾਲੇ ਖਾਂ ਦੀ ਮਦਦ ਨਾਲ ਪੰਜਾਹ ਹਜ਼ਾਰ ਫ਼ੌਜ ਨਾਲ ਗੁਰੂ ਸਾਹਿਬ ਉਪਰ 1634 ਈ. ਵਿਚ ਕਰਤਾਰਪੁਰ ਦੇ ਸਥਾਨ ਤੇ ਹਮਲਾ ਕਰ ਦਿੱਤਾ, ਇਸ ਚੌਥੀ ਜੰਗ ਵਿਚ ਤੇਗ ਬਹਾਦਰ ਜੀ ਨੇ ਵੀ ਹਿੱਸਾ ਲਿਆ। ਇਥੇ ਵੀ ਵਿਜਈ ਗੁਰੂ ਸਾਹਿਬ ਹੀ ਹੋਏ। ਪੈਂਦੇ ਖਾਂ ਇਸ ਲੜਾਈ ਵਿਚ ਮਾਰਿਆ ਗਿਆ ਅਤੇ ਮੁਗ਼ਲਾਂ ਦਾ ਕਾਫੀ ਨੁਕਸਾਨ ਹੋਇਆ। ਪੈਂਦੇ ਖਾਂ ਦੀ ਮੌਤ ਬਾਬਤ ਗੁਰਬਿਲਾਸ ਵਿਚ ਇਹ ਵਿਵਰਣ ਦਰਜ ਮਿਲਦਾ ਹੈ-

ਕਹਾ ਗੁਰੂ ਕਲਮਾ ਪੜ੍ਹੋ, ਪੈਂਦਾ ਗਿਰਤ ਅਲਾਇ।

ਹੇ ਗੁਰ ਮਿਲੀ ਜੁ ਤੇਗ ਤੁਮ, ਕਲਮਾ ਰੂਪ ਸਹਾਇ।

ਐਸ ਸੁਨਤ ਮਨ ਮੋਹ ਉਪਜਾਯੋ।ਸ੍ਰੀ ਗੁਰ ਨੈਨ ਨੀਰ ਬਹਿ ਆਯੋ।

ਛਾਯਾ ਕਰੀ ਢਾਲ ਕੇ ਸਾਥ।ਗੁਰ ਸਮ ਕੋਇ ਨਾ ਦੀਨਾ ਨਾਥ।

( ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰ. 754)

ਇਹ ਆਖਰੀ ਜੰਗ ਸੀ ਅਤੇ ਇਸ ਉਪਰੰਤ ਗੁਰੂ ਜੀ 1635 ਈ. ਵਿਚ ਕੀਰਤਪੁਰ ਵਾਪਸ ਪਰਤ ਆਏ। ਤੇਗ ਬਹਾਦਰ ਜੀ ਨੂੰ ਮਾਤਾ ਨਾਨਕੀ ਜੀ ਨਾਲ ਬਾਬੇ ਬਕਾਲੇ ਭੇਜ ਦਿੱਤਾ। ਦੂਸਰੇ ਪਾਸੇ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਆਪਣੇ ਸਮੇਂ ਵਿਚ ਇਹ ਭਾਂਪ ਲਿਆ ਸੀ ਕਿ ਗੁਰੂ ਸਾਹਿਬ ਨੇ ਕਿਸੇ ਸਿਆਸਤ ਜਾਂ ਇਲਾਕੇ ਤੇ ਕਬਜ਼ਾ ਕਰਨ ਹਿਤ ਕੋਈ ਜੰਗ ਨਹੀਂ ਕੀਤੀ, ਸਗੋਂ ਸਵੈ-ਰੱਖਿਆ ਲਈ ਹਥਿਆਰ ਉਠਾਏ ਸਨ। ਸੋ ਇਸ ਸਭ ਤਹਿਤ ਉਸ ਨੇ ਆਪਣੇ ਧਾਰਮਿਕ ਉਦਾਰਤਾ ਅਤੇ ਸੁਲਾਹ ਕੁਲ ਬਿਰਤੀ ਵਾਲੇ ਪੁੱਤਰ ਦਾਰਾ ਸ਼ਿਕੋਹ ਨੂੰ ਪੰਜਾਬ ਦਾ ਗਵਰਨਰ ਬਣਾ ਕੇ ਉਥੇ ਅਮਨ ਸ਼ਾਂਤੀ ਦਾ ਮਾਹੌਲ ਸਿਰਜਣ ਦਾ ਯਤਨ ਕੀਤਾ।

## 2.8 ਜੋਤੀ-ਜੋਤਿ ਸਮਾਉਣਾ

ਹੁਣ ਗੁਰੂ ਸਾਹਿਬ ਨੇ ਕੀਰਤਪੁਰ ਵਿਚ ਸਿੱਖੀ ਦੇ ਪ੍ਰਚਾਰ ਵਲ ਖਾਸ ਧਿਆਨ ਦਿੱਤਾ। ਆਪ ਜੀ ਨੇ ਸੂਰਜ ਗ੍ਰਹਿਣ ਮੌਕੇ ਕੁਰੂਕਸ਼ੇਤਰ ਵਿਖੇ ਅਨੇਕਾਂ ਸੰਨਿਆਸੀਆਂ, ਜੋਗੀਆ ਨੂੰ ਰੱਬ ਤੱਕ ਪਹੁੰਚਣ ਦਾ ਅਸਲੀ ਮਾਰਗ ਦਿਖਾਇਆ। 1636 ਈ. ਵਿਚ ਗੋਇੰਦਵਾਲ ਵਿਖੇ ਭਾਈ ਗੁਰਦਾਸ ਜੀ ਨੂੰ ਅੰਤਿਮ ਦਰਸ਼ਨ ਦੇ ਕੇ ਉਨ੍ਹਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ। ਕੀਰਤਪੁਰ ਰਹਿੰਦੇ ਸਮੇਂ 1638 ਈ. ਵਿਚ ਬਾਬਾ ਗੁਰਦਿੱਤਾ ਜੀ ਚੜ੍ਹਾਈ ਕਰ ਗਏ। ਭਾਈ ਬਿਧੀ ਚੰਦ ਨੇ ਵੀ ਅਯੁਧਿਆ ਵਿਚ ਸਿੱਖੀ ਦਾ ਪ੍ਰਸਾਰ ਕਰਦੇ ਹੋਏ ਆਪਣੀ ਉਮਰ ਦੇ ਅੰਤਿਮ ਵਰ੍ਹੇ ਉਥੇ ਹੀ ਬਿਤਾਉਂਦੇ ਹੋਏ 1640 ਈ. ਵਿਚ ਆਪਣਾ ਸਰੀਰ ਅਯੁਧਿਆ ਨਜ਼ਦੀਕ ਤਿਆਗ ਦਿੱਤਾ। ਛੇਵੇਂ ਪਾਤਸ਼ਾਹ ਦੇ ਤਿੰਨ ਸਾਹਿਬਜ਼ਾਦੇ ( ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ) ਆਪ ਜੀ ਦੇ ਜੀਵਨ ਕਾਲ ਸਮੇਂ ਹੀ ਸਰੀਰ ਤਿਆਗ ਚੁੱਕੇ ਸਨ। ਸੋ ਆਪ ਜੀ ਨੂੰ ਗੁਰਗੱਦੀ ਲਈ ਆਪਣੇ ਪੋਤਰੇ ਹਰਿ ਰਾਇ ਸਾਹਿਬ ਹੀ ਉਤਮ ਨਜ਼ਰ ਆਏ। ਹਰਿ ਰਾਇ ਸਾਹਿਬ ਜੀ ਦੀ ਸ਼ਸ਼ਤਰ ਵਿਦਿਆ ਵੱਲ ਉਚੇਚਾ ਧਿਆਨ ਦਿੱਤਾ ਗਿਆ। ਉਹ ਤਿਆਗ ਅਤੇ ਤਪੱਸਿਆ ਪੱਖੋਂ ਸੰਪੂਰਨ ਸਨ। ਉਨ੍ਹਾਂ ਦੀ ਨਿਮਰਤਾ, ਕੋਮਲਤਾ ਅਤੇ ਹਿਰਦੇ ਦੀ ਪਵਿੱਤਰਤਾ ਸਭ ਸੰਗਤਾਂ ਨੂੰ ਆਕਰਸ਼ਿਤ ਕਰਦੀ ਸੀ। ਆਪਣਾ ਅੰਤਿਮ ਸਮਾਂ ਨਜ਼ਦੀਕ ਜਾਣ ਕੇ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਸਮੇਂ ਹੀ 1644 ਈ. ਵਿਚ ਹਰਿ ਰਾਇ ਸਾਹਿਬ ਨੂੰ ਗੁਰਗੱਦੀ ਬਖਸ਼ ਕੇ ਸਤਲੁਜ ਕਿਨਾਰੇ ਕੀਰਤਪੁਰ ਵਿਖੇ ਜੋਤੀ-ਜੋਤਿ ਸਮਾਅ ਗਏ।

## 2.9 ਸਾਰ

ਅਸਲ ਵਿਚ ਛੇਵੇਂ ਪਾਤਸ਼ਾਹ, ਮੀਰੀ ਪੀਰੀ ਦੇ ਮਾਲਕ, ਬੰਦੀ ਛੋੜ ਪਿਤਾ ਦੀ ਜੀਵਨ-ਵਾਰਤਾ ਸਿੱਖੀ ਦਾ ਮੂਲ ਮਾਡਲ ਹੈ। ਆਪ ਜੀ ਭਗਤੀ ਅਤੇ ਸ਼ਕਤੀ ਦੇ ਸੁਮੇਲ ਸਨ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਛੇਵੇਂ ਵਾਰਿਸ ਬਣਨ ਉਪਰੰਤ 37 ਸਾਲ 10 ਮਹੀਨੇ ਅਤੇ 7 ਦਿਨ ਦੇ ਸਮੇਂ ਦੌਰਾਨ ਆਪਣੀ ਅਣਥੱਕ ਘਾਲਣਾ ਨਾਲ ਜੋ ਦੁਨਿਆਵੀ ਅਤੇ ਨਿਰਾਕਾਰੀ ਕਾਰਜ ਕੀਤੇ, ਉਹਨਾਂ ਨੂੰ ਕਿਸੇ ਲਿਖਤ ਵਿਚ ਸੰਪੂਰਨ ਕਰਨਾ ਅਸੰਭਵ ਹੈ।

## 2.10 ਪੜ੍ਹਣਯੋਗ ਪੁਸਤਕਾਂ


1. Kirpal singh& Kharak singh, (ed.), History of The Sikhs and Their Religion, VOL. 1, NANAK VI- GURU HARGOBIND, Shromani Guruduara Prabandhak Committee, 2004.
2. ਸਹਿਗਲ, ਮਨਮੋਹਨ, (ਸੰ.), ਗੁਰਬਿਲਾਸ ਪਾ. 6, ਭਾਸ਼ਾ ਵਿਭਾਗ, ਪੰਜਾਬ, 1972.
3. ਸਤਿਬੀਰ ਸਿੰਘ, ਕਥਾ ਪੁਰਾਤਨ ਇਉਂ ਸੁਣੀ, ਜਲੰਧਰ, 1991.
4. ਉਹੀ, ਗੁਰ ਭਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.
5. ਕੌਸ਼ਿਸ਼, ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ, ਪਿਆਰਾ ਸਿੰਘ ਪਦਮ, (ਸੰ.), ਕਲਮ ਮੰਦਿਰ, ਪਟਿਆਲਾ, 1986.
6. ਜੱਗੀ, ਰਤਨ ਸਿੰਘ, (ਸੰ.), ਬੰਸਾਵਲੀਨਾਮਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.
7. ਧੀਰ, ਕੁਲਦੀਪ ਸਿੰਘ, ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਤੇ ਪ੍ਰਤਿਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
8. ਭਾਈ ਵੀਰ ਸਿੰਘ, (ਸੰ.), ਵਾਰਾਂ ਭਾਈ ਗੁਰਦਾਸ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011.

# ONE YEAR DIPLOMA IN SIKH THEOLOGY

## SEMESTER II

## COURSE: THEOLOGICAL DEVELOPMENT OF SIKHISM

## UNIT 3: GURU HAR RAI JI

**STRUCTURE**

3.0 ਉਦੇਸ਼

3.1 ਜਾਣ-ਪਛਾਣ

3.1.1 ਭਾਈ ਨੰਦ ਲਾਲ ਦੇ ਗੁਰੂ ਜੀ ਬਾਰੇ ਵਿਚਾਰ

3.1.2 ਭਾਈ ਸੰਤੋਖ ਸਿੰਘ ਦੇ ਖਿਆਲ

3.2 ਜਨਮ ਤੇ ਬਚਪਨ

3.3 ਗ੍ਰਹਿਸਥ ਜੀਵਨ

3.4 ਗੁਰਿਆਈ

3.5 ਨਿਤਨੇਮ

3.6 ਰਾਜਨੀਤਿਕ ਨਿਰਪੱਖਤਾ

3.7 ਸੇਵਾ ਅਤੇ ਦਿਆਲਤਾ ਦੇ ਪੁੰਜ

3.8 ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ

3.8.1 ਲੰਗਰ ਪ੍ਰਥਾ

3.8.2 ਪ੍ਰਚਾਰਿਕ ਯਾਤਰਾਵਾਂ

3.9 ਸਿੱਖ-ਮੁਗ਼ਲ ਸੰਬੰਧ

3.10 ਜੋਤੀ-ਜੋਤਿ ਸਮਾਉਣਾ

3.11 **ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਉਪਦੇਸ਼**

3.12 **ਪੜ੍ਹਣਯੋਗ ਪੁਸਤਕਾਂ**

## 3.0 ਉਦੇਸ਼

ਇਸ ਅਧਿਆਇ ਦਾ ਉਦੇਸ਼ ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਅਤੇ ਸਿੱਖ ਧਰਮ ਵਿਚ ਪਾਏ ਯੋਗਦਾਨ ਦਾ ਵਰਣਨ ਕਰਨਾ ਹੈ।

## 3.1 ਜਾਣ-ਪਛਾਣ

ਗੁਰਮਤਿ ਵਿਚਾਰਧਾਰਾ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਹੈ। ਸਾਰੇ ਗੁਰੂ ਸਾਹਿਬਾਨ ਦੇ ਜੀਵਨ ਸਾਰੀ ਲੋਕਾਈ ਲਈ ਪ੍ਰੇਰਨਾ-ਸਰੋਤ ਹਨ। ਸਿੱਖੀ ਦਾ ਮੁੱਖ ਉਦੇਸ਼ ਹੀ ਸਮਾਜ ਦੀਆਂ ਸਮੱਸਿਆਵਾਂ ਨੂੰ ਸਾਵਾਂ-ਪੱਧਰਾ ਬਣਾ ਕੇ ਇਕ ਨਿਵੇਕਲੀ ਜੀਵਨ-ਜਾਚ ਸਿਖਾਉਣਾ ਹੈ। ਗੁਰੂ ਸਾਹਿਬਾਨ ਜੀ ਨੇ ਇਸ ਧਰਤੀ ’ਤੇ ਫੈਲੇ ਅਵਿੱਦਿਆ ਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਸਾਰੇ ਸੰਭਵ ਯਤਨ ਕੀਤੇ। ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਜੀਵਨ, ਸੰਸਾਰ ਨੂੰ ਦਇਆ ਤੇ ਦ੍ਰਿੜ੍ਹਤਾ ਵਿੱਚੋਂ ਜੀਵਨ-ਮੰਤਵ ਨੂੰ ਸਮਝਣ ਲਈ ਪ੍ਰੇਰਨਾ ਦਿੰਦਾ ਹੈ। ਭਾਈ ਨੰਦ ਲਾਲ ਦੇ ਗੁਰੂ ਜੀ ਬਾਰੇ ਵਿਚਾਰ-

### 3.1.1 ਭਾਈ ਨੰਦ ਲਾਲ ਦੇ ਗੁਰੂ ਜੀ ਬਾਰੇ ਵਿਚਾਰ

ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ ‘ਗੰਜ਼ਨਾਮਾ’ ਅੰਦਰ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਬਾਬਤ ਲਿਖਿਆ ਹੈ ਕਿ ਗੁਰੂ ਹਰਿ ਰਾਇ ਸੱਚ ਦੇ ਪਾਲਣਹਾਰੇ ਵੀ ਹਨ ਤੇ ਸੱਚ ਦੇ ਧਾਰਨੀ ਵੀ। ਗੁਰੂ ਕਰਤਾ ਹਰਿ ਰਾਇ ਸੁਲਤਾਨ ਵੀ ਹੈ ਤੇ ਦਰਵੇਸ਼ ਵੀ। ਗੁਰੂ ਕਰਤਾ ਹਰਿ ਰਾਇ ਦੋਹਾਂ ਜਹਾਨਾਂ ਦੀ ਬਖਸ਼ਿਸ਼ ਕਰਨ ਵਾਲਾ ਹੈ। ਗੁਰੂ ਕਰਤਾ ਹਰਿ ਰਾਇ ਲੋਕ-ਪਰਲੋਕ ਦੋਹਾਂ ਜਹਾਨਾਂ ਦਾ ਸਰਦਾਰ ਹੈ:

ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ।
ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ॥੯੭॥
ਫ਼ੱਯਾਜ਼ੁਦਾਰੈਨ ਗੁਰੂ ਕਰਤਾ ਹਰਿ ਰਾਇ।
ਸਰਵਰੇ ਕੌਨੈਨ ਗੁਰੂ ਕਰਤਾ ਹਰਿ ਰਾਇ॥੯੮॥

**(ਭਾਈ ਨੰਦ ਲਾਲ, ਗੰਜਨਾਮਾ, ਸਲਤਨਤਿ ਹਫ਼ਤਮ, ਹਰਨਾਮ ਸਿੰਘ ਕੋਮਲ, (ਅਨੁ.),ਪੰ.29)**

### 3.1.2 ਭਾਈ ਸੰਤੋਖ ਸਿੰਘ ਦੇ ਖਿਆਲ

ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਸਤਵੇਂ ਪਾਤਸ਼ਾਹ ਜੀ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਨਾਮ ਧਿਆਇਆਂ ਸਾਰੇ ਪਾਪ ਨੱਸ ਜਾਂਦੇ ਹਨ। ਤਾਂ ਤੇ ਹੇ ਮੇਰੇ ਮਨ! ਉਨ੍ਹਾਂ ਦੇ ਸ੍ਰੇਸ਼ਟ ਚਰਨਾਂ ਨੂੰ ਪ੍ਰਣਾਮ ਕਰ, ਜਿਸ ਤੋਂ ਤੂੰ ਰੂਹਾਨੀ ਭਗਤੀ ਪ੍ਰਾਪਤ ਕਰੇਂ -

ਸ੍ਰੀ ਸਤਿਗੁਰ ਹਰਿਰਾਇ ਕੇ ਨਾਇ ਧਜਾਇ ਅਘ ਜਾਂਇ।

(ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ, ਅਧਯਾਯ ੧, ਪੰਨਾ 38)

ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਦਇਆ, ਦ੍ਰਿੜ੍ਹਤਾ ਤੇ ਸਹਿਜ ਵਰਗੇ ਮਹਾਨ ਤੇ ਸ੍ਰੇਸ਼ਟ ਗੁਣਾਂ ਦੀ ਧਾਰਨੀ ਹੈ। ਅਸੀਂ ਆਪਣੇ ਜੀਵਨ ਵਿਚ ਵੇਖਦੇ ਹਾਂ ਕਿ ਜਿਸ ਮਨੁੱਖ ਵਿਚ ਵਧੇਰੇ ਗੁਣ ਹੁੰਦੇ ਹਨ, ਉਹ ਸੰਸਾਰ ਦੀਆਂ ਸੁੱਚੀਆਂ ਨਜ਼ਰਾਂ ਦਾ ਪਾਤਰ ਬਣਦਾ ਹੈ। ਉਹ ਸ਼ਖ਼ਸੀਅਤ ਕਿੰਨੀ ਲਾਸਾਨੀ ਤੇ ਅਨੂਪਮ ਹੋਵੇਗੀ, ਜਿਸ ਵਿਚ ਦਇਆ ਸੀ, ਸਹਿਜ ਵਿਚ ਵਿਚਰਨਾ ਜਿਸ ਦਾ ਸੁਭਾਅ ਸੀ ਅਤੇ ਦ੍ਰਿੜ੍ਹਤਾ ਵਰਗਾ ਗੁਣ ਜਿਸ ਨੂੰ ਵਿਰਸੇ ਵਿੱਚੋਂ ਪ੍ਰਾਪਤ ਹੋਇਆ ਸੀ!

## 3.2 ਜਨਮ ਤੇ ਬਚਪਨ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਿੱਖਾਂ ਦੇ ਸੱਤਵੇਂ ਗੁਰੂ ਹੋਏ ਹਨ। ਆਪ ਜੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਰਾਜ ਕੌਰ ਜੀ ਦੇ ਸਪੁੱਤਰ ਸਨ। ਆਪ ਜੀ ਦਾ ਜਨਮ 30 ਜਨਵਰੀ 1630 ਈ. ਨੂੰ ਸ਼ੀਸ਼ ਮਹਿਲ, ਕੀਰਤਪੁਰ ਸਾਹਿਬ ਵਿਖੇ ਹੋਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ ਬੰਦਗੀ ਵਿੱਚ ਲੱਗੇ ਰਹਿਣ ਵਾਲੇ ਸਤਿ-ਸੰਤੋਖ ਦੀ ਮੂਰਤ ਸਨ। ਆਪ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਹਮੇਸ਼ਾਂ ਉਨ੍ਹਾਂ ਦੀ ਹਜੂਰੀ ਵਿੱਚ ਰਹਿੰਦੇ ਸਨ। ਆਪ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ। ਬਾਬਾ ਗੁਰਦਿਤਾ ਦੇ ਚਲਾਣੇ ਤੋਂ ਬਾਅਦ ਹਰਿ ਰਾਇ ਸਾਹਿਬ ਗੁਰੂ ਹਰਗੋਬਿੰਦ ਸਾਹਿਬ ਦੀ ਦੇਖ ਰੇਖ ਵਿਚ ਪਲੇ। ਗੁਰੂ ਹਰਿਗੋਬਿੰਦ ਸਾਹਿਬ ਨੇ ਜਿਥੇ ਹਰਿ ਰਾਇ ਸਾਹਿਬ ਦੀ ਪੜਾਈ -ਲਿਖਾਈ ਵਲ ਵਿਸ਼ੇਸ਼ ਧਿਆਨ ਦਿਤਾ, ਉਥੇ ਸ਼ਸ਼ਤਰ ਵਿਦਿਆ, ਘੋੜ ਸਵਾਰੀ ਤੇ ਸਰੀਰਕ ਕਸਰਤ ਵੀ ਆਪਣੀ ਨਿਗਰਾਨੀ ਹੇਠ ਕਰਾਉਂਦੇ ਰਹੇ । ਇਸ ਤਰ੍ਹਾਂ ਸੱਤਵੇਂ ਪਾਤਸ਼ਾਹ ਤਾਕਤ ਅਤੇ ਕੋਮਲਤਾ ਦੇ ਦੁਰਲੱਭ ਸੁਮੇਲ ਸਨ। ਇਹ ਮੰਨਿਆ ਜਾਂਦਾ ਹੈ ਕਿ ਹਰੇਕ ਵਿਅਕਤੀ ਦੀ ਸ਼ਖਸ਼ੀਅਤ ਵਿਚ ਕੋਈ ਖਾਸ ਗੁਣ ਹੁੰਦਾ ਹੈ ਜੋ ਉਸਦੀ ਪਹਿਚਾਣ ਬਣਦਾ ਹੈ- ਕੋਈ ਯੋਧਾ, ਕੋਈ ਦੇਸ਼ ਭਗਤ, ਕੋਈ ਸਿਪਾਹੀ ਤੇ ਕੋਈ ਜਰਨੈਲ, ਕੋਈ ਨੀਤੀਵਾਨ ਤੇ ਕੋਈ ਵਿਦਵਾਨ, ਕੋਈ ਦਾਨੀ ਤੇ ਕੋਈ ਦਇਆਵਾਨ। ਪਰ, ਗੁਰੂ ਹਰਿ ਰਾਇ ਸਾਹਿਬ ਵਿਚ ਉਪਰੋਕਤ ਸਾਰੇ ਗੁਣ ਮੌਜੂਦ ਸਨ।

ਬਚਪਨ ਤੋਂ ਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਸੰਤ ਸੁਭਾ ਦੇ ਸਨ ਤੇ ਗੁਰੂ ਘਰ ਦੀ ਸੇਵਾ ਵਿਚ ਜੁੜੇ ਰਹਿੰਦੇ ਸਨ। ਆਪ ਜੀ ਸੁਲਤਾਨ ਵੀ ਸਨ ਤੇ ਦਰਵੇਸ਼ ਵੀ। ਆਪ ਜੀ ਦਾ ਹਿਰਦਾ ਇੰਨਾ ਕੋਮਲ ਸੀ ਕਿ ਆਪ ਦੀ ਕੋਮਲਤਾ ਅਤੇ ਸ਼ਾਂਤੀ ਦੀਆਂ ਸਾਖੀਆਂ ਬਹੁਤ ਪ੍ਰਸਿੱਧ ਹਨ ਜਿਨ੍ਹਾਂ ਵਿੱਚੋਂ ਇਕ ਦਾ ਬ੍ਰਿਤਾਂਤ ਇਉਂ ਲਿਖਿਆ ਮਿਲਦਾ ਹੈ-

ਇਕ ਵਾਰ ਬਾਲਕ ਹਰਿ ਰਾਇ ਜੀ ਛੇਵੇਂ ਪਾਤਸ਼ਾਹ ਨਾਲ ਬਾਗ਼ ਦੀ ਸੈਰ ਕਰ ਰਹੇ ਸਨ ਕਿ ਅਚਾਨਕ ਇਕ ਖਿੜਿਆ ਹੋਇਆ ਫੁੱਲ ਆਪ ਦੇ ਜਾਮੇ ਨਾਲ ਅੜ ਕੇ ਜ਼ਮੀਨ 'ਤੇ ਡਿੱਗ ਪਿਆ। ਜਦੋਂ ਆਪ ਜੀ ਨੇ ਉਸ ਫੁੱਲ ਨੂੰ ਟੁੱਟਾ ਹੋਇਆ ਵੇਖਿਆ ਤਾਂ ਆਪ ਜੀ ਉੱਥੇ ਹੀ ਬੈਠ ਗਏ ਅਤੇ ਆਪ ਦੇ ਮਨ ਵਿੱਚ ਬਹੁਤ ਅਫ਼ਸੋਸ ਹੋ ਰਿਹਾ ਸੀ। ਦਾਦਾ ਗੁਰੂ ਜੀ ਨੇ ਆਪ ਨੂੰ ਇਸ ਤਰ੍ਹਾਂ ਚਿੰਤਾਤੁਰ ਦੇਖ ਕੇ ਬਚਨ ਕੀਤਾ ਕਿ ਜਦੋਂ ਵਾਹਿਗੁਰੂ ਇਤਨਾ ਵੱਡਾ ਜਾਮਾ ਬਖਸ਼ੇ ਤਾਂ ਉਸ ਨੂੰ ਸੰਭਾਲ ਕੇ ਚੱਲਣਾ ਚਾਹੀਦਾ ਹੈ। ਜਿਸਦਾ ਮਤਲਬ ਸਾਫ਼ ਸੀ ਕਿ ਅਗਰ ਜਿੰਮੇਦਾਰੀਆਂ ਵੱਡੀਆਂ ਹੋਣ ਤਾਂ ਸੋਚ ਸਮਝ ਕੇ ਕਦਮ ਪੁਟਣਾ ਚਾਹੀਦਾ ਹੈ। ਇਸ ਗੁੱਝੀ ਰਮਜ਼ ਨੂੰ ਆਪ ਜੀ ਨੇ ਸਮਝ ਲਿਆ ਅਤੇ ਇਸ ਸਿਖਿਆ ਨੂੰ ਉਮਰ ਭਰ

ਯਾਦ ਰੱਖਿਆ ਤੇ ਸਾਰੀ ਉਮਰ ਆਪਣੇ ਸਮਰੱਥਾ ਤੇ ਸੋਚ-ਸਮਝ ਦੀ ਵਰਤੋਂ ਕਰਦਿਆਂ ਭੁੱਲ ਕੇ ਵੀ ਕਿਸੇ ਨੂੰ ਦੁਖ ਤਕਲੀਫ਼ ਨਹੀਂ ਦਿਤੀ। ਆਪ ਅਕਸਰ ਬਾਬਾ ਫ਼ਰੀਦ ਜੀ ਦਾ ਇਹ ਸਲੋਕ ਉਚਾਰਦੇ ਰਹਿੰਦੇ-

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।।

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ।।

( ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1384)

ਆਪ ਜੀ ਫ਼ਾਰਸੀ ਦਾ ਇਕ ਬੰਦ ਕਿਹਾ ਕਰਦੇ ਸਨ ਕਿ ਰੱਬ ਕਹਿੰਦਾ ਹੈ ਕਿ ਮੈਂ ਤੁਹਾਨੂੰ ਮੰਦਿਰ ਜਾਂ ਮਸਜਿਦ ਨੂੰ ਢਾਹੁਣ ਦੀ ਆਗਿਆ ਦੇ ਸਕਦਾ ਹਾਂ ਪਰ ਕਿਸੇ ਦੇ ਦਿਲ ਤੋੜਨ ਦੀ ਨਹੀ ਕਿਉਂਕਿ ਮੰਦਿਰ ਮਸਜਿਦਾਂ ਦੀ ਉਸਾਰੀ ਤਾਂ ਦੁਬਾਰਾ ਕੀਤੀ ਜਾ ਸਕਦੀ ਹੈ ਪਰ ਦਿਲ ਦੀ ਨਹੀਂ। ( KIRPAL SINGH, KHARAK SINGH, (ED.), HISTORY OF THE SIKHS AND THEIR RELIGION, VOL. I, P. 187) ਆਪ ਜੀ ਸਾਰੀ ਉਮਰ ਇਕ ਪਾਸੇ ਨਿਰਭਓ ਤੇ ਸੂਰਬੀਰਤਾ ਦੇ ਅਤੇ ਦੂਜੇ ਪਾਸੇ ਤਰਸ, ਦਇਆ, ਕੋਮਲਤਾ ਤੇ ਪ੍ਰੇਮ ਦੇ ਉਪਾਸ਼ਕ ਰਹੇ।

### 3.3 ਗ੍ਰਹਿਸਥ ਜੀਵਨ

ਗੁਰੂ ਹਰਿਰਾਇ ਸਾਹਿਬ ਜੀ ਦਾ ਵਿਆਹ ਅਨੂਪ ਸ਼ਹਿਰ, ਯੂ.ਪੀ. ਦੇ ਨਿਵਾਸੀ ਦਇਆ ਰਾਮ ਦੀ ਸਪੁੱਤਰੀ ਸੁਲੱਖਣੀ ਜੀ (ਮਾਤਾ ਕ੍ਰਿਸ਼ਨ ਕੌਰ) ਨਾਲ 1640 ਈ. ਵਿਚ ਹੋਇਆ, ਜਿਨ੍ਹਾਂ ਦੀ ਕੁੱਖ ਤੋਂ ਦੋ ਪੁੱਤਰਾਂ, ਰਾਮ ਰਾਇ ਅਤੇ ਹਰਿ ਕ੍ਰਿਸ਼ਨ (ਅੱਠਵੇਂ ਗੁਰੂ) ਦਾ ਜਨਮ ਹੋਇਆ।

### 3.4 ਗੁਰਿਆਈ

ਛੇਵੇਂ ਗੁਰੂ ਸਾਹਿਬ ਦੇ ਪੰਜ ਸਪੁੱਤਰ ਸਨ, ਜਿਹਨਾਂ ਵਿਚੋਂ ਬਾਬਾ ਅਣੀ ਰਾਇ, ਬਾਬਾ ਅਟੱਲ ਰਾਇ ਅਤੇ ਬਾਬਾ ਗੁਰਦਿੱਤਾ ਜੀ ਗੁਰੂ ਸਾਹਿਬ ਦੇ ਸਮੇਂ ਹੀ ਅਕਾਲ ਚਲਾਣਾ ਕਰ ਗਏ ਸਨ। ਸੂਰਜ ਮੱਲ ਬਹੁਤ ਸੰਸਾਰਿਕ ਵਿਅਕਤੀ ਸੀ। ਤੇਗ ਬਹਾਦਰ ਜੀ ਤੱਪ ਸਾਧਨਾ ਵਿਚ ਮਸਤ ਸਨ ਅਤੇ ਖੁਦ ਨੂੰ ਕਿਸੇ ਮਹਾਨ ਕਾਰਜ ਲਈ ਤਿਆਰ ਕਰ ਰਹੇ ਸਨ। ਸੋ ਇਹਨਾਂ ਵਿਚੋਂ ਕੋਈ ਵੀ ਗੁਰਗੱਦੀ ਲਈ ਯੋਗ ਨਹੀਂ ਸੀ। ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ- ਧੀਰਮੱਲ ਅਤੇ ਹਰਿ ਰਾਇ ਜੀ। ਧੀਰਮੱਲ ਹਮੇਸ਼ਾਂ ਗੁਰੂ ਘਰ ਦੇ ਵਿਰੋਧ ਵਿਚ ਕੋਝੀਆਂ ਚਾਲਾਂ ਚੱਲਦਾ ਸੀ, ਸੋ ਇਸ ਕਰਕੇ ਸਿਰਫ ਹਰਿ ਰਾਇ ਜੀ ਹੀ ਗੁਰਗੱਦੀ ਲਈ ਯੋਗ ਸਾਬਿਤ ਹੋਏ। ਗੁਰੂ ਹਰਿ ਰਾਇ ਸਾਹਿਬ ਵਿਚ ਉਹ ਸਾਰੀਆਂ ਖੂਬੀਆਂ ਮੌਜੂਦ ਸਨ ਜੋ ਗੁਰਗੱਦੀ ਦੀਆਂ ਜਿੰਮੇਵਾਰੀਆਂ ਨਿਭਾਉਣ ਲਈ ਲੋੜੀਂਦੀਆਂ ਸਨ, ਇਸ ਲਈ ਛੇਵੇਂ ਪਾਤਸ਼ਾਹ ਨੇ ਫਰਵਰੀ 1644 ਈ. ਵਿਚ ਪੰਜ ਪੈਸੇ ਤੇ ਨਾਰੀਅਲ ਰੱਖ ਆਪ ਜੀ ਨੂੰ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਆਪ ਨੂੰ ਗੁਰਿਆਈ ਦਾ ਤਿਲਕ ਲਗਾਇਆ।

### 3.5 ਨਿਤਨੇਮ

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਨਿਤਾ ਪ੍ਰਤੀ ਜੀਵਨ ਨੂੰ ਇਕ ਅਨੁਸ਼ਾਸ਼ਨ ਵਿਚ ਢਾਲਿਆ ਹੋਇਆ ਸੀ। ਆਪ ਜੀ ਪਹਿਰ ਰਾਤ ਉਠਦੇ ,ਪੰਜ ਇਸ਼ਨਾਨ ਕਰਕੇ ਸੈਰ ਨੂੰ ਜਾਂਦੇ ,ਫਿਰ 100 ਗਾਗਰਾਂ ਨਾਲ ਇਸ਼ਨਾਨ ਕਰਕੇ ਸੰਗਤ ਵਿਚ ਪਹੁੰਚਦੇ। ਸ਼ਬਦ ਕੀਰਤਨ ਤੋਂ ਬਾਅਦ ਸੰਗਤ ਦੇ ਸ਼ੰਕੇ ਦੂਰ ਕਰਦੇ। ਫਿਰ ਦੁਪਹਿਰ ਨੂੰ ਥੋੜਾ ਆਰਾਮ ਕਰਕੇ ਸ਼ਿਕਾਰ ਖੇਡਣ ਨੂੰ ਚਲੇ ਜਾਂਦੇ। ਸ਼ਾਮ ਨੂੰ ਆਪ ਕਥਾ ਕਰਦੇ ਤੇ ਰਹਿਰਾਸ , ਸੋਦਰ ਦਾ ਪਾਠ ਕਰਕੇ ਲੰਗਰ ਛੱਕ ਕੇ

ਆਰਾਮ ਕਰਨ ਨੂੰ ਚਲੇ ਜਾਂਦੇ। ਆਪ ਜੀ ਨੇ ਖੁਦ ਗੁਰਬਾਣੀ ਰਚਨਾ ਨਹੀਂ ਕੀਤੀ, ਪਰ ਇਸ ਦੇ ਬਾਵਜੂਦ ਆਪ ਜੀ ਸਿੱਖ ਸੰਗਤਾਂ ਨੂੰ ਆਦਿ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਵਿਆਖਿਆ ਨਾਲ ਸਰਾਬੋਰ ਕਰ ਦਿੰਦੇ। ਆਪ ਜੀ ਗੁਰਬਾਣੀ ਦਾ ਬਹੁਤ ਸਤਿਕਾਰ ਕਰਦੇ ਸਨ।

## 3.6 ਰਾਜਨੀਤਿਕ ਨਿਰਪੱਖਤਾ

ਆਪ ਨੇ ਆਪਣੀ ਜਿੰਦਗੀ ਵਿਚ ਇਕ ਵੀ ਲੜਾਈ ਨਹੀਂ ਲੜੀ। ਵਿਰੋਧੀਆਂ ਨੇ ਕਈ ਵਾਰ ਹੱਲਾ ਵੀ ਬੋਲਿਆ, ਜੰਗ ਤਕ ਨੌਬਤ ਵੀ ਆ ਗਈ ਪਰ ਗੁਰੂ ਸਾਹਿਬ ਨੇ ਆਪਣੀ ਸੂਝ ਤੇ ਸਿਆਣਪ ਨਾਲ ਆਉਣ ਵਾਲੇ ਖਤਰੇ ਨੂੰ ਟਾਲਿਆ। ਧੀਰ ਮਲ ਨੇ ਵੀ ਕਈ ਵਿਰੋਧ ਕੀਤੇ ਪਰ ਗੁਰੂ ਸਾਹਿਬ ਸ਼ਾਂਤ ਰਹੇ। ਸ਼ਾਹਜਹਾਨ ਦੇ ਪੁੱਤਰਾਂ ਦੀ ਤਖਤ ਨਸ਼ੀਨੀ ਦੀ ਜੰਗ ਵੇਲੇ ਵੀ ਖਤਰਾ ਸਿਰ ਤੇ ਆਣ ਪਿਆ ਪਰ ਆਪ ਨੇ ਖੁਦ ਨੂੰ ਅਲੱਗ ਰੱਖਿਆ। ਜਿਸ ਕਰਕੇ ਸਿੱਖਾਂ ਵਿਚ ਜੋਸ਼ ਦੇ ਨਾਲ-ਨਾਲ ਹੋਸ਼ ਤੇ ਸਹਿਨਸ਼ੀਲਤਾ ਵਾਲੇ ਗੁਣ ਵੀ ਪੈਦਾ ਹੋਏ। ਸ਼ਾਇਦ ਇਸੇ ਕਰਕੇ ਗੁਰੂ ਸਾਹਿਬ ਕੋਲ ਫੌਜ ਹੁੰਦੇ ਹੋਏ ਵੀ ਕੋਈ ਜੰਗ ਨਹੀਂ ਹੋਈ। ਸਿੱਖ ਸਰੋਤਾਂ ਵਿੱਚ ਸਿਰਫ ਇੱਕ ਛੋਟੀ ਜਿਹੀ ਲੜਾਈ ਦਾ ਵੇਰਵਾ ਮਿਲਦਾ ਹੈ, ਜਿਸ ਵਿਚ ਇਕ ਸਿੱਖ ਭਾਈ ਗੋਰੇ ਨੇ ਮੁਗ਼ਲ ਹਯਾਤ ਖਾਂ ਨੂੰ ਕਰਾਰੀ ਹਾਰ ਦਿੱਤੀ, ਇਥੇ ਵੀ ਗੁਰੂ ਸਾਹਿਬ ਦੀ ਇਸ ਲੜਾਈ ਵਿਚ ਕੋਈ ਸ਼ਮੂਲੀਅਤ ਨਹੀਂ ਹੋਈ। ਭਾਈ ਗੋਰਾ ਭਾਈ ਭਗਤੂ ਦਾ ਪੁੱਤਰ ਸੀ। ਭਾਈ ਭਗਤੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਸੰਦ ਸੀ ਜੋ ਸਿੱਧੂ ਬਰਾੜਾਂ ਦਾ ਮੁਖੀਆ ਸੀ। ਭਾਈ ਗੋਰਾ, ਭਾਈ ਭਗਤੂ ਦਾ ਪੁੱਤਰ ਸੀ। ਗੁਰੂ ਹਰਿਰਾਇ ਸਾਹਿਬ ਜਦੋਂ ਮਾਲਵੇ ਦੇਸ ਵਿੱਚ ਗਏ ਤਾਂ ਭਾਈ ਗੋਰੇ ਨੇ ਅਨੇਕ ਪਿੰਡਾਂ ਵਿੱਚ ਉਨ੍ਹਾਂ ਦੀ ਸੇਵਾ ਕਰਵਾਈ। ਭੁੱਖੜੀ ਪਿੰਡ ਵਿੱਚ ਗੁਰੂ ਜੀ ਦੇ ਚੌਰ-ਬਰਦਾਰ ਭਾਈ ਜੱਸੇ ਨਾਲ ਕਿਸੇ ਗੱਲਬਾਤ ਤੋਂ ਉਨ੍ਹਾਂ ਦੀ ਅਣਬਣ ਹੋ ਗਈ ਅਤੇ ਭਾਈ ਗੋਰੇ ਨੇ ਆਪਣੇ ਆਦਮੀਆਂ ਤੋਂ ਭਾਈ ਜੱਸੇ ਦੀ ਹੱਤਿਆ ਕਰਵਾ ਦਿੱਤੀ। ਗੁਰੂ ਜੀ ਨੇ ਜਦੋਂ ਇਹ ਗੱਲ ਸੁਣੀ ਤਾਂ ਹੁਕਮ ਦਿੱਤਾ ਕਿ ਗੋਰਾ ਉਨ੍ਹਾਂ ਦੇ ਸਾਹਮਣੇ ਨਾ ਆਵੇ। ਭਾਈ ਗੋਰਾ ਗੁਰੂ ਸਾਹਿਬ ਦੀ ਵਹੀਰ ਤੋਂ ਕੁਝ ਦੂਰ ਹੋ ਕੇ ਉਨ੍ਹਾਂ ਨਾਲ ਰਹਿਣ ਲੱਗਾ। ਉਸ ਦੇ ਮਨ ਵਿੱਚ ਬਹੁਤ ਪਛਤਾਵਾ ਸੀ। ਉਹ ਗੁਰੂ ਜੀ ਤੋਂ ਭੁੱਲ ਬਖਸ਼ਾਉਣਾ ਚਾਹੁੰਦਾ ਸੀ। ਇੱਕ ਦਿਨ ਗੁਰੂ ਜੀ ਕੀਰਤਪੁਰ ਸਾਹਿਬ ਤੋਂ ਪਿਹੋਵਾ ਅਤੇ ਥਾਨੇਸਰ ਵਿਖੇ ਜਾ ਰਹੇ ਸਨ ਤਾਂ ਗੁਰੂ ਜੀ ਦੇ ਡੋਲੇ ਅਤੇ ਹੋਰ ਸਾਜ-ਸਾਮਾਨ ਪਿੱਛੇ ਰਹਿ ਗਿਆ ਸੀ। ਕਾਸਿਮ ਬੇਗ ਅਤੇ ਉਮਰ ਹਯਾਤ ਖਾਨ, ਜਿਹਨਾਂ ਦਾ ਪਿਤਾ ਮੁਖਲਿਸ ਖਾਨ, ਛੇਵੇਂ ਪਾਤਸ਼ਾਹ ਹੱਥੋਂ ਅੰਮ੍ਰਿਤਸਰ ਦੀ ਜੰਗ ਵਿਚ ਮਾਰਿਆ ਗਿਆ ਸੀ, ਵਿਚ ਆਪਣੇ ਪਿਤਾ ਦਾ ਵੈਰ ਲੈਣ ਦੀ ਭਾਵਨਾ ਜਾਗ ਪਈ। ਉਹਨਾਂ ਨੇ ਆਪਣੇ ਸਿਪਾਹੀਆਂ ਸਮੇਤ ਗੁਰੂ ਜੀ ਦੇ ਡੋਲੇ ਅਤੇ ਸਾਜ-ਸਾਮਾਨ ਉਪਰ ਹਮਲਾ ਕਰ ਦਿੱਤਾ। ਭਾਈ ਗੋਰਾ ਜੋ ਕਿ ਗੁਰੂ ਜੀ ਦੀਆਂ ਨਜ਼ਰਾਂ ਤੋਂ ਦੂਰ ਪਿੱਛੇ ਰਹਿੰਦਾ ਸੀ, ਉਹ ਆਪਣੇ ਜਵਾਨ ਲੈ ਕੇ ਮੌਕੇ ’ਤੇ ਪਹੁੰਚ ਗਿਆ। ਦੋਵਾਂ ਪਾਸਿਉਂ ਖੂਬ ਤੇਗ ਚੱਲੀ। ਸਿੱਖਾਂ ਨੇ ਮਾਰ-ਮਾਰ ਕੇ ਤੁਰਕਾਂ ਦੇ ਮੂੰਹ ਮੋੜ ਦਿੱਤੇ। ਭਾਈ ਗੋਰੇ ਨੇ ਤੁਰਕਾਂ ਨੂੰ ਰੋਕੀ ਰੱਖਿਆ। ਵਹੀਰ ਸਹੀ-ਸਲਾਮਤ ਅੱਗੇ ਲੰਘ ਗਈ। ਇਸ ਤਰ੍ਹਾਂ ਭਾਈ ਗੋਰੇ ਨੇ ਗੁਰੂ-ਘਰ ਦੀਆਂ ਮਾਈਆਂ ਨੂੰ ਬੇਇੱਜ਼ਤ ਹੋਣ ਤੋਂ ਬਚਾਇਆ। ਇਸ ਦੀ ਖਬਰ ਜਦੋਂ ਵਹੀਰ ਨੇ ਗੁਰੂ ਜੀ ਨੂੰ ਜਾ ਕੇ ਦਿੱਤੀ ਤਾਂ ਗੁਰੂ ਸਾਹਿਬ ਨੇ ਭਾਈ ਗੋਰੇ ਨੂੰ ਸੰਗਤ ਵਿੱਚ ਲਿਆਉਣ ਲਈ ਅਸਵਾਰ ਭੇਜੇ। ਜਦੋਂ ਭਾਈ ਗੋਰਾ ਗੁਰੂ ਜੀ ਦੇ ਸਾਹਮਣੇ ਗਿਆ ਤਾਂ ਉਨ੍ਹਾਂ ਪ੍ਰਸੰਨ ਹੋ ਕੇ ਭਾਈ ਗੋਰੇ ਦੇ ਸਭ ਗੁਨਾਹ ਬਖਸ਼ ਦਿੱਤੇ।( MacauliffeH MHAH The Sikh Religion, VolH IV, pH 296) ਸੋ ਲੜਾਈ ਦੇ ਨਾਮ ਤੇ ਗੁਰੂ ਹਰਿ ਰਾਇ ਸਾਹਿਬ ਵੇਲੇ ਇਤਨਾ ਕੁਝ ਹੀ ਹੋਇਆ।

## 3.7 ਸੇਵਾ ਅਤੇ ਦਿਆਲਤਾ ਦੇ ਪੁੰਜ

ਗੁਰੂ ਜੀ ਦਿਆਲੂ ਵੀ ਬਹੁਤ ਸਨ, ਕਿਸੇ ਸਵਾਲੀ ਜਾਂ ਸ਼ਰਨ ਆਏ ਨੂੰ ਕਦੇ ਜਵਾਬ ਨਹੀਂ ਸਨ ਦਿੰਦੇ। ਗੁਰੂ ਜੀ ਦੇ ਖਜ਼ਾਨੇ ਵਿੱਚ ਬਹੁਤ ਦੁਰਲੱਭ ਅਤੇ ਕੀਮਤੀ ਚੀਜ਼ਾਂ ਜਮ੍ਹਾਂ ਹੋ ਗਈਆਂ ਸਨ। ਸੰਗਤਾਂ ਵੱਲੋਂ ਭੇਟ ਕੀਤੇ ਕੀਮਤੀ

ਪਦਾਰਥ ਵਿਸ਼ੇਸ਼ ਤੌਰ ਤੇ ਸੰਭਾਲੇ ਜਾਂਦੇ ਸਨ, ਕਿਉਂਕਿ ਇਨ੍ਹਾਂ ਨਾਲ ਕਿਸੇ ਦੀ ਵੀ ਸਹਾਇਤਾ ਕੀਤੀ ਜਾ ਸਕਦੀ ਸੀ। ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਉਦਾਸੀ ਦੇ ਆਰੰਭ ਵਿਚ ਕੋਹੜੀਆਂ ਨਾਲ ਪਿਆਰ ਕਰਕੇ ਇਨਸਾਨੀ ਹਮਦਰਦੀ ਦਾ ਅਸਲੀ ਸਬੂਤ ਦਿੱਤਾ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਚਾਲੂ ਪਰੰਪਰਾਵਾਂ ਅਨੁਸਾਰ ਗੁਰੂ-ਘਰ ਵਿੱਚ ਆਤਮਿਕ ਉਪਦੇਸ਼ ਦੇ ਨਾਲ-ਨਾਲ ਸ਼ਰਧਾਲੂਆਂ ਦੇ ਸਰੀਰਕ ਰੋਗਾਂ ਦੇ ਇਲਾਜ ਦਾ ਪ੍ਰਬੰਧ ਵੀ ਕੀਤਾ ਜਾਂਦਾ ਸੀ। ਇਸੇ ਪ੍ਰਥਾ ਤਹਿਤ ਗੁਰੂ ਅਰਜਨ ਦੇਵ ਜੀ ਨੇ ਕੋਹੜੀਆਂ ਲਈ ਘਰ ਬਣਵਾਏ , ਦਵਾਖਾਨੇ ਤੇ ਸ਼ਫ਼ਾਖਾਨੇ ਖੋਲ੍ਹੇ, ਜਿਸ ਵਿਚ ਚੰਗੇ ਸਿਆਣੇ ਵੈਦ ,ਹਕੀਮ ਰੱਖੇ। ਗੁਰੂ ਹਰਿਰਾਇ ਸਾਹਿਬ ਵੀ ਦੁਖੀ, ਲੋੜਵੰਦਾਂ ਅਤੇ ਰੋਗੀਆਂ ਨਾਲ ਅਥਾਹ ਪਿਆਰ ਕਰਦੇ ਸੀ। ਜਿਥੇ ਆਪ ਨਾਮ ਦਾਰੂ ਦੇ ਕੇ ਲੋਕਾਂ ਨੂੰ ਅਰੋਗ ਤੇ ਸੁਖੀ ਰੱਖਦੇ ਸਨ, ਉਥੇ ਆਪ ਰੋਗੀਆਂ ਦਾ ਇਲਾਜ ਕਰਕੇ ਉਨ੍ਹਾਂ ਨੂੰ ਅਰੋਗ ਵੀ ਕਰਦੇ। ਜਿੰਨਾ ਵਕਤ ਬਚਦਾ, ਦਵਾਖਾਨੇ ਤੇ ਸ਼ਫ਼ਾਖਾਨੇ ਵਿਚ ਰੋਗੀਆਂ ਦੀ ਸੇਵਾ ਤੇ ਦਵਾ ਦਾਰੂ ਵਿਚ ਲਗਾ ਦਿੰਦੇ। ਜਿੱਥੇ ਆਪ ਜੀ ਲੋੜਵੰਦਾਂ, ਗਰੀਬਾਂ ਤੇ ਅਨਾਥਾਂ ਨੂੰ ਗੁਰੂ ਕੇ ਲੰਗਰ ਅਤੇ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ, ਉਥੇ ਆਪ ਜੀ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਹਰ ਰੋਗੀ ਨੂੰ ਇਸ ਦਵਾਖਾਨੇ ਵਿੱਚੋਂ ਹਰ ਵੇਲੇ ਦਵਾਈ ਮੁਫ਼ਤ ਮਿਲਦੀ ਸੀ। ਕੁਠਾੜ ਵਾਲਾ ਰਾਣਾ ਗੁਰੂ ਜੀ ਦਾ ਜੱਸ ਸੁਣ ਕੇ ਗੁਰੂ ਜੀ ਦੀ ਸ਼ਰਣ ਵਿੱਚ ਆਇਆ। ਉਹ ਝੋਲੇ ਦਾ ਮਰੀਜ਼ ਸੀ। ਉਹ ਪਾਲਕੀ ਵਿੱਚ ਬੈਠ ਕੇ ਆਇਆ ਸੀ। ਉਹ ਗੁਰੂ ਜੀ ਦੀ ਕਿਰਪਾ ਨਾਲ ਠੀਕ ਹੋ ਗਿਆ ਅਤੇ ਘੋੜੇ ਉੱਤੇ ਸਵਾਰ ਹੋ ਕੇ ਘਰ ਗਿਆ। ਜਦੋਂ ਹਿੰਦੁਸਤਾਨ ਦੇ ਬਾਦਸ਼ਾਹ ਸ਼ਾਹਜਹਾਨ ਦਾ ਸਭ ਤੋਂ ਵੱਡਾ ਤੇ ਪਿਆਰਾ ਪੁਤਰ ਦਾਰਾ ਸ਼ਿਕੋਹ, ਜੋ ਇਕ ਸੂਫ਼ੀ ਤਬੀਅਤ ਤੇ ਖੁਦਾ-ਖੌਫ਼ਸ਼ੁਦਾ ਇਨਸਾਨ ਸੀ ਅਤੇ ਸ਼ਾਹਜਹਾਂ ਇਸ ਨੂੰ ਵੱਡਾ ਤੇ ਬਾਕੀਆਂ ਨਾਲੋਂ ਸਮਝਦਾਰ ਹੋਣ ਕਰਕੇ ਗੱਦੀ ਦਾ ਹੱਕਦਾਰ ਸਮਝਦਾ ਸੀ, ਨੂੰ ਔਰੰਗਜ਼ੇਬ, ਜੋ ਕਿ ਲਾਲਚੀ, ਚੁਸਤ ਚਲਾਕ ਤੇ ਚਾਲਾਂ ਚਲਣ ਵਿਚ ਮਾਹਿਰ ਤੇ ਸਾਰੀ ਦੀ ਸਾਰੀ ਹਕੂਮਤ ਨੂੰ ਹੜਪ ਕਰਨ ਦੀ ਤਮੰਨਾ ਰਖਦਾ ਸੀ, ਨੇ ਆਪਣੀ ਇਸ ਇੱਛਾ ਪੂਰਤੀ ਲਈ ਦਾਰਾ ਨੂੰ ਰਸੋਈਏ ਨਾਲ ਮਿਲ ਕੇ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿਤਾ, ਜਿਸ ਨਾਲ ਦਾਰਾ ਇੰਨਾ ਸਖਤ ਬੀਮਾਰ ਹੋ ਗਿਆ ਕਿ ਉਸ ਦੇ ਬਚਣ ਦੀ ਕੋਈ ਆਸ ਨਾ ਰਹੀ। ਸ਼ਾਹਜਹਾਂ ਨੇ ਆਪਣੇ ਪੁੱਤਰ ਦੀ ਸਲਾਮਤੀ ਵਾਸਤੇ ਕੋਈ ਫਕੀਰ, ਕੋਈ ਵੈਦ, ਕੋਈ ਹਕੀਮ ਨਾ ਛੱਡਿਆ। ਅਖੀਰ ਵੈਦਾਂ, ਹਕੀਮਾਂ ਨੇ ਉਸ ਦੀ ਦਵਾਈ ਲਈ ਇਕ ਖਾਸ ਕਿਸਮ ਤੇ ਖਾਸ ਵਜ਼ਨ ਦੇ ਲੌਂਗ, ਹਰੜਾਂ ਤੇ ਗਜਮੋਤੀ ਤਜਵੀਜ਼ ਕੀਤੇ। ਮੁਗ਼ਲ ਬਾਦਸ਼ਾਹ ਨੇ ਸਾਰੇ ਦੇਸ਼ ਵਿੱਚੋਂ ਇਨ੍ਹਾਂ ਵਸਤਾਂ ਦਾ ਪਤਾ ਕਰਵਾਇਆ ਪਰ ਇਹ ਚੀਜ਼ਾਂ ਗੁਰੂ-ਘਰ ਦੇ ਸਫ਼ਾਖਾਨੇ ਤੋਂ ਬਿਨਾਂ ਹੋਰ ਕਿਤਿਉਂ ਵੀ ਨਾ ਮਿਲੀਆਂ। ਪਹਿਲੇ ਤਾਂ ਸ਼ਾਹਜਹਾਂ ਹਿਚਕਚਾਇਆ ਕਿਉਂਕਿ ਸਿੱਖਾਂ ਉਪਰ ਮੁਗ਼ਲ ਹਕੂਮਤ ਵਲੋਂ ਕੀਤੇ ਜੁਲਮਾਂ ਦਾ ਉਸ ਨੂੰ ਅਹਿਸਾਸ ਸੀ, ਸ਼ਾਹ ਜਹਾਨ ਦੇ ਪਿਤਾ ਬਾਦਸ਼ਾਹ ਜਹਾਂਗੀਰ ਨੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਸੀ। ਪਰੰਤੂ ਗੁਰੂ-ਘਰ ਦਾ ਬਿਰਦ ਹੈ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ ਗੁਰੂ ਅਕਾਲ ਰੂਪ ਹੈ ਜੋ ਸਦ ਪਰਉਪਕਾਰੀ ਹੈ। ਇਸੇ ਲਈ ਜਦੋਂ ਸ਼ਾਹਜਹਾਂ ਨੇ ਆਪਣੇ ਵਜ਼ੀਰ ਨੂੰ ਬੇਨਤੀ ਪੱਤਰ ਨਾਲ ਗੁਰੂ ਜੀ ਪਾਸ ਭੇਜਿਆ ਤਾਂ ਗੁਰੂ ਸਾਹਿਬ ਨੇ ਝੱਟ ਦਵਾਈ ਭੇਜ ਦਿੱਤੀ ਤੇ ਦਾਰਾ ਕੁਝ ਦਿਨ ਬਾਦ ਸਿਹਤਯਾਬ ਹੋ ਗਿਆ।

ਦਾਰਾ ਵੈਸੇ ਵੀ ਗੁਰੂ ਘਰ ਨਾਲ ਸਨੇਹ ਰਖਦਾ ਸੀ। ਉਹ ਸੰਸਕ੍ਰਿਤ ਦਾ ਚੰਗਾ ਆਲਮ, ਸੂਫੀ ਫ਼ਲਾਸਫ਼ੀ ਦਾ ਮਾਹਿਰ ਤੇ ਪੱਕਾ ਵੇਦਾਂਤੀ ਹੋਣ ਕਰਕੇ ਹਿੰਦੂ ਤੇ ਮੁਸਲਮਾਨ ਫਕੀਰਾਂ ਨਾਲ ਦਿਲੀ ਅਕੀਦਤ ਰਖਦਾ ਸੀ, ਹਿੰਦੂ ਅਤੇ ਮੁਸਲਮਾਨਾਂ ਨਾਲ ਇਕੋ ਜਿਹਾ ਸਲੂਕ ਕਰਦਾ ਸੀ, ਜਿਸ ਕਰਕੇ ਔਰੰਗਜ਼ੇਬ ਉਸ ਨੂੰ ਕਾਫ਼ਿਰ ਕਹਿੰਦਾ ਸੀ, ਜਦੋਂ ਦਾਰਾ ਨੂੰ ਪਤਾ ਚੱਲਿਆ ਕਿ ਉਹ ਗੁਰੂ ਹਰਿ ਰਾਇ ਸਾਹਿਬ ਦੀ ਦਵਾਈ ਨਾਲ ਠੀਕ ਹੋਇਆ ਹੈ ਤਾਂ ਉਸ ਦੀ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਚਾਹ ਹੋਰ ਵੱਧ ਗਈ ਅਤੇ ਉਹ ਇਕ ਵਾਰੀ ਨਹੀਂ, ਸਗੋਂ ਕਈ ਵਾਰੀ ਗੁਰੂ ਜੀ ਦੇ ਦਰਸ਼ਨਾਂ ਲਈ ਗਿਆ।

ਗੁਰੂ ਜੀ ਦਿਆਲਤਾ ਦੇ ਅਥਾਹ ਭੰਡਾਰ ਸਨ। ਜਦੋਂ ਗੁਰੂ ਸਾਹਿਬ ਮਾਲਵੇ ਦੇ ਲੋਕਾਂ ਨੂੰ ਉਪਦੇਸ਼ ਕਰਨ ਆਏ ਤਾਂ ਭਾਈ ਰੂਪਾ, ਕਾਂਗੜ ਆਦਿ ਪਿੰਡਾਂ ਨੂੰ ਹੁੰਦੇ ਹੋਏ ਮਹਿਰਾਜ ਪਿੰਡ ਪਹੁੰਚੇ। ਇੱਥੇ ਭਾਈ ਮੋਹਨ ਦੇ ਪੁੱਤਰ ਚੌਧਰੀ ਕਾਲੇ ਨੇ ਤਨ-ਮਨ-ਧਨ ਨਾਲ ਗੁਰੂ ਜੀ ਦੀ ਟਹਿਲ ਕੀਤੀ। ਇੱਕ ਦਿਨ ਚੌਧਰੀ ਕਾਲਾ ਆਪਣੇ ਭਤੀਜੇ ਫੂਲ ਅਤੇ ਸੰਦਲੀ ਨੂੰ ਵੀ ਨਾਲ ਲੈ ਕੇ ਆਇਆ। ਉਹ ਦੋਵੇਂ ਬਾਲਕ ਭੁੱਖੇ ਹੋਣ ਕਾਰਨ ਗੁਰੂ ਜੀ ਦੇ ਸਾਹਮਣੇ ਪੇਟ ਉੱਤੇ ਹੱਥ ਮਾਰਨ ਲੱਗੇ। ਗੁਰੂ ਜੀ ਨੇ ਹੱਸ ਕੇ ਕਿਹਾ, "ਬਾਲਕ ਕੀ ਮੰਗਦੇ ਹਨ?" ਤਾਂ ਚੌਧਰੀ ਕਾਲੇ ਨੇ ਕਿਹਾ ਕਿ ਇਹ ਲੰਗਰ ਮੰਗਦੇ ਹਨ। ਗੁਰੂ ਜੀ ਨੇ ਬਚਨ ਕੀਤਾ ਕਿ ਇਹਨਾਂ ਦੀ ਸੰਤਾਨ ਰਾਜ ਕਰੇਗੀ ਅਤੇ ਕਈ ਥਾਂ ਇਹਨਾਂ ਦੇ ਲੰਗਰ ਚੱਲਣਗੇ!" ਗੁਰੂ ਜੀ ਦੇ ਇਸ ਵਰ ਸਦਕਾ ਬਾਬਾ ਫੂਲ ਦੇ ਦੋ ਪੁੱਤਰ ਭਾਈ ਤਰਲੋਕਾ ਅਤੇ ਭਾਈ ਰਾਮਾ ਦੀ ਸੰਤਾਨ ਨੇ ਨਾਭਾ, ਪਟਿਆਲਾ ਅਤੇ ਜੀਂਦ ਰਿਆਸਤਾਂ ਕਾਇਮ ਕੀਤੀਆਂ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਦੀ ਫੂਲਕੀਆ ਮਿਸਲ ਵਿੱਚੋਂ ਸਰਦਾਰ ਗੱਜਪੱਤ ਸਿੰਘ ਜੀਂਦ ਵਾਲੇ ਦਾ ਦੋਹਤਰਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦਾ ਵਰਦਾਨ ਸੱਚ ਹੋਇਆ। ਇਨ੍ਹਾਂ ਸਰਦਾਰਾਂ ਨਾਲ ਪੰਜਾਬ ਦੀ ਕਿਸਮਤ ਚਮਕ ਉੱਠੀ ਸੀ।

ਗੁਰੂ ਸਾਹਿਬ ਵੀ ਆਪਣੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ ਵਾਂਗ ਸ਼ਿਕਾਰ ਦੇ ਬਹੁਤ ਸ਼ੌਕੀਨ ਸਨ। ਪਰ ਆਪ ਜਾਨਵਰ ਨੂੰ ਮਾਰਨ ਦੀ ਬਜਾਇ ਫੜ ਕੇ ਲੈ ਆਉਂਦੇ ਅਤੇ ਆਪਣੇ ਬਾਗ ਵਿਚ ਉਸਦੀ ਪਾਲਣਾ ਕਰਦੇ। ਆਪ ਜੀ ਨੇ ਪੰਛੀਆਂ ਦੇ ਦਵਾ ਦਾਰੂ ਦਾ ਇੰਤਜ਼ਾਮ ਵੀ ਕੀਤਾ ਹੋਇਆ ਸੀ। ਜਖਮੀ ਜਾਂ ਬੀਮਾਰ ਜਾਨਵਰ ਦਾ ਇਲਾਜ ਆਪਣੀ ਨਿਗਰਾਨੀ ਹੇਠ ਕਰਕੇ ਫਿਰ ਖੁੱਲ੍ਹਾ ਛੱਡ ਦਿੰਦੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਵਿੱਚ ਇਕ ਬਾਗ ਬਣਵਾਇਆ ਸੀ, ਜਿਸਦਾ ਬਹੁਤਾ ਵਿਕਾਸ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਹੋਇਆ, ਉਸ ਵਿਚ ਕਈ ਤਰਾਂ ਦੇ ਫਲ ਤੇ ਜੜੀ-ਬੂਟੀਆਂ ਲਗਵਾਈਆਂ ਗਈਆਂ, ਜੋ ਗੁਰੂ ਜੀ ਦੇ ਦਵਾਖਾਨੇ ਵਿਚ ਕੰਮ ਆਈਆਂ। ਗੁਰੂ ਜੀ ਦੇ ਸਮੇਂ ਕੀਰਤਪੁਰ ਸਾਹਿਬ ਦੀ ਅਬਾਦੀ ਇੰਨੀ ਵਧ ਗਈ ਕਿ ਕਈ ਬਸਤੀਆਂ ਬਣ ਗਈਆਂ। ਵੱਖ-ਵੱਖ ਥਾਵਾਂ ਉਪਰ ਸ਼ਹਿਰ ਨੂੰ ਸੁੰਦਰ ਬਣਾਉਣ ਲਈ 52 ਬਾਗ ਲਗਵਾਏ ਗਏ, ਜਿਹਨਾਂ ਦੀ ਦੇਖ ਭਾਲ ਕਰਨ ਲਈ ਸਿਆਣੇ ਮਾਲੀਆਂ ਦਾ ਇੰਤਜ਼ਾਮ ਕੀਤਾ ਗਿਆ। ਚੰਗੇ ਬਾਗ ਤਿਆਰ ਕਰਨ ਵਾਲੇ ਮਾਲੀਆਂ ਨੂੰ ਇਨਾਮ ਦਿਤੇ ਜਾਂਦੇ ਸਨ। ਕੀਰਤਪੁਰ ਨੂੰ ਅਜ ਵੀ ਬਾਗਾਂ ਦਾ ਸ਼ਹਿਰ ਕਿਹਾ ਜਾਂਦਾ ਹੈ।

## 3.8 ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ

ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਆਪ ਜੀ ਨੇ ਅਨੁਭਵ ਕਰ ਲਿਆ ਕਿ ਗੁਰੂ ਨਾਨਕ ਸਾਹਿਬ ਦਾ ਸਰਬ-ਸਾਂਝੀਵਾਲਤਾ ਦਾ ਸੁਨੇਹਾ ਘਰ-ਘਰ ਪਹੁੰਚਾਉਣਾ ਹੈ। ਸਮੇਂ ਦੇ ਪਰਿਵਰਤਨ ਦੇ ਨਾਲ ਗੁਰੂ ਹਰਿ ਰਾਇ ਸਾਹਿਬ ਦਾ ਗੁਰਮਤਿ ਤੇ ਸ਼ਸ਼ਤਰ ਵਿਦਿਆ ਦਾ ਪ੍ਰਚਾਰ ਵੀ ਕੋਨੇ-ਕੋਨੇ ਤੱਕ ਫੈਲ ਗਿਆ ਸੀ, ਸਿੱਖਾਂ ਦੀ ਗਿਣਤੀ ਦਿਨ-ਬਦਿਨ ਵੱਧ ਰਹੀ ਸੀ। ਇਸ ਕੰਮ ਵਾਸਤੇ ਦੂਰ ਨੇੜੇ ਜਿਥੇ ਵੀ ਲੋੜ ਪੈਂਦੀ, ਗੁਰੂ ਜੀ ਚੰਗੇ-ਚੰਗੇ ਵਿਦਵਾਨ ਸਿੱਖਾਂ ਨੂੰ ਭੇਜ ਦਿੰਦੇ ਤੇ ਲੋੜ ਹੁੰਦੀ ਤਾਂ ਖੁਦ ਵੀ ਚਲੇ ਜਾਂਦੇ। ਜਿਸਦਾ ਨਤੀਜਾ ਇਹ ਹੋਇਆ ਕਿ ਆਪ ਜੀ ਦੇ ਘੋੜ ਸਵਾਰਾਂ ਦੀ ਗਿਣਤੀ ਵਧਦੀ ਚਲੀ ਗਈ, ਅਸ਼ਤਰ-ਸ਼ਸ਼ਤਰ ਤੇ ਤੋਪਾਂ ਵੀ ਕਾਫੀ ਇਕੱਠੀਆਂ ਹੋ ਗਈਆਂ। ਆਪ ਨੇ ਪੰਜਾਬ ਤੋਂ ਬਾਹਰ ਗੁਰਸਿੱਖੀ ਦੇ ਪ੍ਰਚਾਰ ਲਈ ਭਰਪੂਰ ਯਤਨ ਕੀਤੇ। ਸਿੱਖੀ ਦੇ ਪ੍ਰਚਾਰਕਾਂ ਨਾਲ ਆਪਣੇ ਸੰਬੰਧ ਵਧੇਰੇ ਪ੍ਰੇਮਮਈ ਬਣਾ ਕੇ ਦੁਆਬੇ ਤੇ ਮਾਲਵੇ ਵਿਚ ਸਿੱਖੀ ਹੋਰ ਪ੍ਰਫੁੱਲਤ ਕੀਤੀ। ਇਕ ਵੈਰਾਗੀ ਸਾਧੂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਪ੍ਰੇਰਿਆ। ਉਸ ਸਾਧੂ ਦਾ ਨਾਂ 'ਭਗਤ ਭਗਵਾਨ' ਰੱਖਿਆ। ਇਹ ਸਾਧੂ ਸਿੱਖੀ ਦਾ ਬਹੁਤ ਵੱਡਾ ਪ੍ਰਚਾਰਕ ਬਣ ਕੇ ਵਿਚਰਿਆ। ਕੀਰਤਪੁਰ ਸਾਹਿਬ ਵਿਖੇ ਹੀ ਭਾਈ ਸੰਗਤੀਆ ਗੁਰੂ ਸਾਹਿਬ ਜੀ ਦੇ ਸੰਪਰਕ ਵਿਚ ਆਇਆ, ਜਿਸ ਦਾ ਨਵਾਂ ਨਾਂ ਭਾਈ ਫੇਰੂ ਜੀ ਰੱਖ ਕੇ ਦੁਆਬੇ ਵਿਚ ਪ੍ਰਚਾਰ ਲਈ ਭੇਜਿਆ। ਭਾਈ ਗੋਂਦੇ ਨੂੰ ਕਾਬਲ ਵਿਚ ਪ੍ਰਚਾਰ ਲਈ ਭੇਜਿਆ।

ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੀ ਸਿਖ ਲਹਿਰ ਨੇ ਸਮੇਂ-ਸਮੇਂ ਸਿਰ ਕਈ ਸੰਸਥਾਵਾਂ ਨੂੰ ਜਨਮ ਦਿਤਾ, ਜਿਵੇਂ ਲੰਗਰ, ਸੰਗਤ ,ਮੰਜੀ, ਦਸਵੰਦ, ਮਸੰਦ, ਧਰਮਸਾਲ ਆਦਿ ਜੋ ਹੁਣ ਤਕ ਪੂਰੀ ਤਰ੍ਹਾਂ ਪ੍ਰਫੁੱਲਤ ਹੋ ਚੁੱਕੀਆਂ ਸਨ। ਗੁਰੂ ਹਰ ਰਾਇ ਸਾਹਿਬ ਨੇ ਨਾ ਕੇਵਲ ਇਹਨਾਂ ਸੰਸਥਾਵਾਂ ਨੂੰ ਸੰਭਾਲਿਆ ਸਗੋਂ ਵਿਕਸਿਤ ਵੀ ਕੀਤਾ। ਸਿੱਖੀ ਦੇ ਪ੍ਰਚਾਰ ਨੂੰ ਪੱਕੇ ਪੈਰੀਂ ਖੜਾ ਕਰਨ ਲਈ ਚਾਰ ਧੂਣੇ ਤੇ 6 ਬਖਸ਼ਿਸ਼ਾਂ ਵੀ ਸਥਾਪਤ ਕੀਤੀਆਂ, ਜਿਸ ਨਾਲ ਦੱਖਣੀ ਭਾਰਤ ਵਿਚ ਧੂਣੇ ਤੇ ਬਖਸ਼ਿਸ਼ਾਂ ਦਾ ਜਾਲ ਵਿਛ ਗਿਆ।

### 3.8.1 ਲੰਗਰ ਪ੍ਰਥਾ

ਗੁਰੂ ਘਰ ਦੀਆਂ ਮਹਾਨ ਵਡਿਆਈਆਂ ਵਿਚੋਂ ਇਕ ਵਡਿਆਈ ਇਹ ਵੀ ਹੈ ਕਿ ਇਥੇ ਜੇ ਕੋਈ ਆਤਮਕ ਤੌਰ ’ਤੇ ਭੁੱਖਾ ਹੋਵੇ ਤਾਂ ਉਸ ਨੂੰ ਗੁਰਬਾਣੀ ਰੂਪੀ ਆਤਮਿਕ ਲੰਗਰ (ਕਥਾ ਅਤੇ ਕੀਰਤਨ ਰੂਪ ਵਿੱਚ) ਤਿਆਰ ਬਰ ਤਿਆਰ ਮਿਲਦਾ ਹੈ ਅਤੇ ਜੇਕਰ ਕੋਈ ਸਰੀਰਕ ਤੌਰ ’ਤੇ ਭੁੱਖਾ ਹੋਵੇ ਤਾਂ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦਾ ਤਿਆਰ ਬਰ ਤਿਆਰ ਮਿਲਦਾ ਹੈ। ਗੁਰੂ ਹਰਿਰਾਇ ਸਾਹਿਬ ਜੀ ਨੇ ਦੋਨੋਂ ਪ੍ਰਕਾਰ ਦੇ ਲੰਗਰ ਆਪਣੇ ਸਮੇਂ ਦੇ ਵਿੱਚ ਸੁਚਾਰੂ ਰੂਪ ਦੇ ਨਾਲ ਚੱਲਦੇ ਰੱਖੇ। ਆਪ ਜੀ ਨੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਗਰੀਬਾਂ, ਅਨਾਥਾਂ ਤੇ ਲੋੜਵੰਦਾਂ ਲਈ ਲੰਗਰ ਚਲਾਏ ਜਾਣ ਤਾਂ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਆਦੇਸ਼, ਵੰਡ ਛਕਣ ਦੀ ਰੀਤ ਚੱਲਦੀ ਰਹੇ। ਆਪ ਜੀ ਬਚਨ ਕਰਦੇ ਸਨ ਕਿ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ; ਭਾਵ ਜੋ ਸ਼ਰਧਾ ਸਹਿਤ ਲੋੜਵੰਦ ਪ੍ਰਾਣੀ ਦੀ ਸੇਵਾ ਕਰੇਗਾ, ਸੋ ਗੁਰੂ-ਘਰ ਵਿਚ ਪ੍ਰਵਾਨ ਹੋਵੇਗਾ। ਗੁਰੂ ਸਾਹਿਬ ਜੀ ਨੇ ਸਿੱਖੀ ਨੂੰ ਵਿਰਸੇ ਵਿਚ ਮਿਲੀ ਸੰਗਤ ਤੇ ਪੰਗਤ ਨੂੰ ਨਵਾਂ ਰੂਪ ਦਿੱਤਾ। ਗੁਰੂ ਘਰ ਦੇ ਲੰਗਰਖਾਨੇ ਵਾਸਤੇ ਵੀ ਆਦੇਸ਼ ਸੀ ਕਿ ਕਿਸੇ ਭੁੱਖੇ ਜਾਂ ਲੋੜਵੰਡ ਨੂੰ ਨਿਰਾਸ਼ ਨਾ ਜਾਣ ਦਿੱਤਾ ਜਾਏ, ਚਾਹੇ ਉਹ ਕਿਸੇ ਵੇਲੇ ਵੀ ਆਏ।

### 3.8.2 ਪ੍ਰਚਾਰਿਕ ਯਾਤਰਾਵਾਂ

ਗੁਰੂ ਸਾਹਿਬ ਨੇ ਪ੍ਰਚਾਰ ਦੇ ਕੰਮ ਨੂੰ ਢਿੱਲਾ ਨਹੀਂ ਪੈਣ ਦਿੱਤਾ। ਕਈ ਨਵੇਂ ਪ੍ਰਚਾਰਕ ਦੂਰ-ਦੁਰਾਡੇ ਮੁਲਕ ਵਿਚ ਭੇਜੇ ਗਏ। ਗੁਰੂ ਸਾਹਿਬ ਨੇ ਖੁਦ ਵੀ ਆਪਣੀ ਗੁਰਿਆਈ ਕਾਲ 1644-61 ਦੇ ਦੌਰਾਨ ਕੀਰਤਪੁਰ ਤੋਂ ਬਾਹਰ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਹਾਲਾਂਕਿ ਇਹਨਾਂ ਪ੍ਰਚਾਰਕ ਦੌਰਿਆਂ ਬਾਰੇ ਇਤਿਹਾਸਕਾਰਾਂ ਵਿਚ ਕਾਫੀ ਮਤ-ਭੇਦ ਹਨ। ਗੁਰੂ ਸਾਹਿਬ ਨੇ ਦੋ ਪ੍ਰਚਾਰਕ ਦੌਰੇ ਕੀਤੇ।

**ਪਹਿਲਾ ਦੌਰਾ:-** ਪਹਿਲੇ ਵਿਚ ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ, ਵੱਡੀ ਲਹਿਲ, ਹਰੀਆਂ ਵੇਲਾਂ, ਭੂੰਗਰਨੀ, ਬੰਬੇਲੀ, ਕਰਤਾਰਪੁਰ, ਨੂਰ ਮਹਿਲ, ਪੁਆਧੜਾ, ਗਹਿਲਾਂ, ਭਾਈ ਕੀ ਡਰੋਲੀ, ਮਾੜ੍ਹੀ ਪਿੰਡ, ਮਰਾਝ, ਮੀਨਝੇ ਕੀ ਮੋੜ੍ਹੀ, ਪਲਾਹੀ ਨਗਰ, ਫਰਾਲ, ਸੰਧਵਾ, ਦੁਸਾਂਝ ਮਸੰਦਾਂ ਕੇ, ਹਕੀਮਪੁਰ, ਚੰਦਪੁਰ, ਦੋਲੇਵਾਲ ਆਦਿ ਸਥਾਨਾਂ ਤੇ ਗਏ।

**ਦੂਸਰਾ ਦੌਰਾ-** ਬੁੰਗਾ, ਰੋਪੜ, ਪਿਹੋਵਾ, ਸਿਆਲਕੋਟ, ਜੰਮੂ ਕਸ਼ਮੀਰ ਦੇ ਅਨੇਕਾਂ ਸਥਾਨਾਂ ਉਪਰ ਗਏ। ਮਾਝੇ ਅਤੇ ਦੁਆਬੇ ਵਿਚ ਤਾਂ ਸਦੀਆਂ ਤੋ ਪ੍ਰਚਾਰ ਹੁੰਦੇ ਆਏ ਸੀ ਪਰ ਮਾਲਵੇ ਵਿਚ ਸਵਾਏ ਗੁਰੂ ਹਰਗੋਬਿੰਦ ਸਾਹਿਬ ਦੇ ਕਿਸੇ ਗੁਰੂ ਸਹਿਬਾਨ ਨੇ ਚਰਨ ਨਹੀਂ ਪਾਏ। ਗੁਰੂ ਹਰ ਰਾਇ ਜੀ ਨੇ ਇਸ ਇਲਾਕੇ ਵਿਚ ਵੀ ਪ੍ਰਚਾਰ ਅਰੰਭਿਆ। ਜਦੋਂ ਆਪ ਸਿਆਲਕੋਟ ਦੇ ਨੇੜੇ ਗਲੋਟਿਆ ਖੁਰਜ ਪੁੱਜੇ ਤਾਂ ਉਥੇ ਭਾਈ ਨੰਦ ਲਾਲ ਪੁਰੀ ਦਰਸ਼ਨਾਂ ਨੂੰ ਆਏ। ਉਨ੍ਹਾਂ ਨਾਲ ਉਨ੍ਹਾਂ ਦਾ ਪੋਤਰਾ ਭਾਈ ਹਕੀਕਤ ਰਾਏ ਵੀ ਸੀ। ਉਹਨਾਂ ਨੇ ਉਪਦੇਸ਼ ਮੰਗਿਆ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਤਿੰਨ ਗੱਲਾਂ ਦੀ ਮਨਾਹੀ ਕੀਤੀ: ਟੋਪੀ ਪਹਿਨਣਾ, ਨਸ਼ਾ ਵਰਤਣਾ ਤੇ ਕੇਸ ਕਤਲ ਕਰਵਾਣੇ, ਜਿਸ ਦੀ ਉਹਨਾਂ ਨੇ ਸਾਰੀ ਜਿੰਦਗੀ ਪਾਲਣਾ

ਕੀਤੀ। ਇਹਨਾਂ ਸਿੱਖਾਂ ਦਾ ਨਾਂ ਧਰਮੀ ਸਿੱਖ ਪੈ ਗਿਆ ਜੋ ਹਰ ਲੋੜ ਵਲੇ ਸਿੱਖਾਂ ਤੇ ਸਿੱਖੀ ਦੀ ਸੇਵਾ ਕਰਦੇ। ਭਾਈ ਹਕੀਕਤ ਰਾਏ ਜਕਰੀਆ ਖਾਨ ਦੇ ਹੱਥੋਂ ਸ਼ਹੀਦ ਹੋਇਆ।

ਗੁਰੂ ਸਾਹਿਬ ਨੇ 360 ਮੰਜੀਆਂ ਹੋਰ ਥਾਪੀਆਂ, ਜਿਹਨਾਂ ਦੇ ਮੁਖੀਆਂ ਵਿਚੋਂ ਭਾਈ ਬਿਧੀ ਚੰਦ, ਭਾਈ ਪੁੰਗਰ, ਭਾਈ ਗੋਂਦਾ, ਭਾਈ ਜਿਓਣਾ, ਭਾਈ ਕਾਲਾ, ਭਾਈ ਦੁਲਟ, ਭਾਈ ਨੰਦ ਲਾਲ ਪੁਰੀ, ਭਾਈ ਫੇਰੂ, ਭਾਈ ਭਗਤੂ ਤੇ ਭਾਈ ਗੋਰਾ ਮੁਖ ਪ੍ਰਚਾਰਕ ਸਨ, ਜਿਹਨਾਂ ਨੇ ਸਿੱਖੀ ਦੀ ਤਨ-ਮਨ ਨਾਲ ਸੇਵਾ ਕੀਤੀ। ਤਿੰਨ ਸਿੱਖਾਂ ਦੇ ਅਧੀਨ ਸਿਖੀ ਪ੍ਰਚਾਰ ਦੇ ਕੇਂਦਰ ਕਾਇਮ ਕੀਤੇ। ਸੰਨਿਆਸੀ ਭਗਤ ਭਗਵਾਨ ਨੂੰ ਪੂਰਬ ਵੱਲ, ਸੁਥਰੇ ਸ਼ਾਹ ਨੂੰ ਦਿੱਲੀ ਤੇ ਭਾਈ ਫੇਰੂ ਨੂੰ ਰਾਜਸਥਾਨ ਤੇ ਦੁਆਬਾ-ਬਾਰੀ ਵਲ ਭੇਜਿਆ। ਕੈਥਲ ਤੇ ਬਾਗੜੀਆਂ ਖਾਨਦਾਨਾਂ ਦੇ ਮੋਢੀਆਂ ਨੂੰ ਮਾਲਵੇ ਦੇ ਇਲਾਕੇ ਵੱਲ ਪ੍ਰਚਾਰ ਕਰਨ ਲਈ ਨੀਯਤ ਕੀਤਾ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤਿਆਰ ਕਰਵਾਈਆਂ।

ਕਰਤਾਰ ਪੁਰ ਵਿਚ ਗੰਗਸਰ ਖੂਹ ਨੂੰ ਪੱਕਾ ਕਰਵਾਇਆ ਅਤੇ ਡਰੋਲੀ ਵਿਚ ਮਾਤਾ ਦਮੋਦਰੀ ਦੀ ਯਾਦ ਵਜੋਂ ਖੂਹ ਨੂੰ ਸੰਪੂਰਨ ਕਰਵਾਇਆ ਜੋ ਛੇਵੇਂ ਪਾਤਸ਼ਾਹ ਦੇ ਵਕ਼ਤ ਸ਼ੁਰੂ ਹੋਇਆ ਸੀ। ਨੂਰ ਮਹਿਲ ਵਿਚ ਇਕ ਬਾਗ ਵਿਚ ਧਰਮਸਾਲ ਬਣਾਉਣ ਦਾ ਆਦੇਸ਼ ਦਿੱਤਾ। ਗੁਰੂ ਸਰ ਦੇ ਨੇੜੇ ਲਹਿਰਾ ਤੇ ਮਹਿਰਾਜ ਪਿੰਡ ਵਸਾਏ। ਕਸ਼ਮੀਰ ਦੇ ਡੇਰੇ ਤੇ ਨੇਜਾ ਮਾਰ ਕੇ ਖੂਹ ਬਣਵਾਇਆ ਕਿਉਂਕਿ ਸਾਰੇ ਨਗਰ ਵਿਚ ਇਕ ਹੀ ਖੂਹ ਸੀ ਅਤੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾਂ ਸੀ।

### 3.9 ਸਿੱਖ-ਮੁ਼ਗਲ ਸੰਬੰਧ

ਮੁ਼ਗਲ ਸਲਤਨਤ ਨਾਲ ਗੁਰੂ-ਘਰ ਦੇ ਸੰਬੰਧ ਬਾਬਰ ਦੇ ਸਮੇਂ ਤੋਂ ਹੀ ਟਕਰਾਉ ਵਾਲੇ ਰਹੇ ਸਨ ਅਤੇ ਛੇਵੇਂ ਪਾਤਸ਼ਾਹ ਤੋਂ ਸਿੱਖ ਲਹਿਰ ਦਾ ਮੁ਼ਗਲ ਹਕੂਮਤ ਨਾਲ ਖੂਨੀ ਟਕਰਾਵ ਸ਼ੁਰੂ ਹੋ ਗਿਆ ਸੀ, ਜਿਸ ਨੂੰ ਸਿੱਖ ਸੰਗਤਾਂ ਨੇ ਪੂਰੀ ਤਰ੍ਹਾਂ ਸੰਗਠਿਤ ਹੋ ਕੇ ਸੰਭਾਲਿਆ ਸੀ। ਗੁਰੂ ਹਰਿ ਰਾਇ ਸਾਹਿਬ ਵੇਲੇ ਵੀ ਹਾਲਾਤ ਕੋਈ ਸਾਜ਼ਗਾਰ ਨਹੀਂ ਸਨ। ਗੁਰੂ ਹਰਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਆਪ ਜੀ ਨੇ 2200 ਜੰਗੀ ਜੋਧੇ ਤੇ ਸੂਰਬੀਰ ਘੋੜ ਸਵਾਰ ਰੱਖੇ, ਜੋ ਆਪ ਜੀ ਦੇ ਅੰਗ -ਰੱਖਿਅਕ ਸਨ ਤੇ ਹਮੇਸ਼ਾਂ ਆਪ ਦੇ ਨਾਲ ਰਹਿੰਦੇ ਸਨ। ਪਰ ਇਹ ਗੁਰੂ ਸਾਹਿਬ ਦਾ ਫੈਸਲਾ ਤੇ ਕੋਸ਼ਿਸ਼ ਸੀ ਕਿ ਫੌਜ਼ ਨੂੰ ਲੜਾਈ ਵਿਚ ਨਹੀਂ ਧਕੇਲਣਾ। ਇਸ ਲਈ ਵਕ਼ਤ ਦੀ ਨਜਾਕਤ ਵੇਖਦੇ ਹੋਏ ਦੇਸ਼ ਵਿਚਲੇ ਉਤਾਰਾਵਾਂ-ਚੜਾਵਾਂ ਵਿਚ ਆਪ ਨੇ ਖੁਦ ਨੂੰ ਅਤੇ ਸਿੱਖ ਸੰਗਤ ਨੂੰ ਇਸ ਸਭ ਤੋਂ ਨਿਰਪੱਖ ਰੱਖਿਆ। ਆਪ ਨੇ ਸਿੱਖ ਰਿਆਸਤਾਂ ਨੂੰ ਮੁ਼ਗਲਾਂ ਅਤੇ ਕਹਿਲੂਰ ਦੀਆਂ ਰਿਆਸਤਾਂ ਵਿਚ ਉਲਝਣ ਨਹੀਂ ਦਿੱਤਾ। ਆਪ ਲੜਾਈ ਝਗੜੇ ਤੋਂ ਸਦਾ ਦੂਰ ਰਹਿੰਦੇ ਸਨ। ਆਪ ਜੀ ਦਾ ਬਹੁਤਾ ਸਮਾਂ ਪਰਮੇਸ਼ਰ ਦੀ ਭਗਤੀ ਵਿੱਚ ਹੀ ਬਤੀਤ ਹੁੰਦਾ। ਗੁਰੂ ਹਰਿ ਰਾਇ ਸਾਹਿਬ ਜੀ ਦੇ ਸਮੇਂ ਮੁ਼ਗਲ ਹਕੂਮਤ ਸਿੱਖ ਲਹਿਰ ਦੇ ਕਾਫ਼ੀ ਨੇੜੇ ਹੋ ਗਈ। ਕੁਝ ਮੁਗਲ ਹਕੂਮਤ ਦੇ ਹਾਲਾਤ ਵੀ ਇਹੋ ਜਿਹੇ ਸਨ। ਮੁ਼ਗਲ ਬਾਦਸ਼ਾਹ ਸ਼ਾਹਜਹਾਨ ਕਾਫੀ ਸਮੇ ਤੋਂ ਦੱਖਣ, ਮੱਧ ਭਾਰਤ ਅਤੇ ਬੰਗਾਲ ਦੀਆਂ ਬਗਾਵਤਾਂ ਵਿੱਚ ਰੁੱਝਿਆ ਰਿਹਾ। ਫਿਰ ਛੇਤੀ ਹੀ ਰਾਜਗੱਦੀ ਪਿੱਛੇ ਉਸ ਦੇ ਪੁੱਤਰਾਂ ਵਿਚ ਖਾਨਾਜੰਗੀ ਸ਼ੁਰੂ ਹੋ ਗਈ, ਜਿਸ ਕਰਕੇ ਉਸ ਨੇ ਇਧਰ ਕੋਈ ਧਿਆਨ ਨਹੀਂ ਦਿਤਾ। ਜਿਸ ਕਰਕੇ ਗੁਰੂ ਸਾਹਿਬ ਨੂੰ ਅਮਨ ਸ਼ਾਂਤੀ ਵਿਚ ਰਹਿਣ ਦਾ ਕਾਫ਼ੀ ਸਮਾਂ ਮਿਲ ਗਿਆ ਅਤੇ ਆਪ ਜੀ ਨੇ ਇਸ ਸਮੇਂ ਦੌਰਾਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਉਪਰ ਜੋਰ ਦਿਤਾ।

ਇਧਰ ਦਾਰਾ ਸ਼ਿਕੋਹ ਸ਼ਾਮੂ ਗੜ ਦੇ ਮੈਦਾਨ ਵਿਚੋਂ ਔਰੰਗਜ਼ੇਬ ਤੋਂ ਹਾਰ ਕੇ ਬੜੀ ਮੁਸ਼ਕਲ ਨਾਲ ਬਿਆਸ ਦਰਿਆ ਪਾਰ ਕਰਕੇ ਲਾਹੌਰ ਵੱਲ ਨੱਸ ਗਿਆ। ਉਸਦੇ ਨਾਲ 20, 000 ਫੌਜਾਂ ਵੀ ਸਨ। ਔਰੰਗਜ਼ੇਬ ਦੀਆਂ ਫੌਜਾਂ ਉਸਦਾ ਪਿੱਛਾ ਕਰ ਰਹੀਆਂ ਸਨ। ਰਾਹ ਵਿਚ ਗੋਇੰਦਵਾਲ ਦੇ ਸਥਾਨ ਤੇ 1658 ਈ. ਨੂੰ ਦਾਰਾ ਸ਼ਿਕੋਹ ਗੁਰੂ ਸਾਹਿਬ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ "ਅਗਰ ਔਰੰਗਜ਼ੇਬ ਦੀਆਂ ਫੌਜਾਂ ਨੂੰ ਗੋਇੰਦਵਾਲ ਦੇ ਪੱਤਣ ਤੇ ਰੋਕਿਆ ਜਾ ਸਕੇ ਤਾਂ

ਮੇਰਾ ਬਚਾਓ ਹੋ ਸਕਦਾ ਹੈ"। ਗੁਰੂ ਸਾਹਿਬ ਨੇ ਸ਼ਰਨ ਆਏ ਦਾਰਾ ਸ਼ਿਕੋਹ ਨੂੰ ਧੀਰਜ ਦਿੱਤਾ, ਪ੍ਰਸ਼ਾਦਾ ਛਕਾਇਆ ਅਤੇ ਵਿਦਾ ਕੀਤਾ। ਇਸ ਤੋਂ ਬਾਅਦ ਗੁਰੂ ਸਾਹਿਬ 2200 ਸੂਰਬੀਰਾਂ ਨਾਲ ਬਿਆਸ ਦੇ ਕੰਢੇ ਉਤੇ ਪਹੁੰਚੇ ਅਤੇ ਦਰਿਆ ਤੋਂ ਸਾਰੀਆਂ ਬੇੜੀਆਂ ਹਟਵਾ ਲਈਆਂ, ਤਾਂਕਿ ਦਾਰਾ ਨੂੰ ਲਾਹੌਰ ਪਹੁੰਚਣ ਦਾ ਵਕਤ ਮਿਲ ਜਾਏ। ਦਾਰਾ ਲਾਹੌਰ ਪਹੁੰਚ ਵੀ ਗਿਆ ਪਰ ਕਿਸੇ ਗੱਦਾਰ ਦੇ ਕਾਰਨ ਔਰੰਗਜ਼ੇਬ ਦੇ ਹੱਥੋਂ ਫੜਿਆ ਗਿਆ। ਔਰੰਗਜ਼ੇਬ ਨੇ ਉਸ ਨੂੰ ਅਤੇ ਉਸਦੇ ਸਾਥੀਆਂ ਨੂੰ ਬੁਰੀ ਤਰ੍ਹਾਂ ਕਤਲ ਕਰ ਦਿੱਤਾ। ਉਹ ਇੰਨਾ ਬੇਕਿਰਕ ਸੀ ਕਿ ਜਿਹਨਾਂ ਭਰਾਵਾਂ ਦੀ ਮਦਦ ਸਦਕਾ ਉਸ ਨੇ ਦਾਰਾ ਨੂੰ ਹਰਾਇਆ ਸੀ, ਉਹਨਾਂ ਨੂੰ ਵੀ ਕਤਲ ਕਰਵਾ ਕੇ ਖੁਦ ਰਾਜਗੱਦੀ ਦਾ ਮਾਲਕ ਬਣ ਬੈਠਾ। ਉਸ ਨੇ ਆਪਣੇ ਬੁੱਢੇ ਬਾਪ ਨੂੰ ਵੀ ਆਗਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਵਾ ਦਿੱਤਾ ਤੇ ਪਾਣੀ ਤੋਂ ਵੀ ਤਰਸਾ ਦਿੱਤਾ। ਉਸ ਦੇ ਬਾਪ ਸ਼ਾਹਜਹਾਂ ਦੇ ਆਪਣੇ ਹੀ ਲਫਜ਼ ਸਨ, ਕਿ "ਹਿੰਦੂ ਤੇ ਫਿਰ ਵੀ ਮਰਨ ਵਾਲੇ ਦੇ ਮੂੰਹ ਵਿਚ ਗੰਗਾ ਜਲ ਪਾ ਦਿੰਦੇ ਹਨ, ਤੂੰ ਤੇ ਆਪਣੇ ਬਾਪ ਨੂੰ ਪਾਣੀ ਤੋਂ ਵੀ ਤਰਸਾ ਕੇ ਮਾਰ ਦਿੱਤਾ ਹੈ। ਇਸ ਤਰ੍ਹਾਂ ਘੋਰ ਅਪਰਾਧੀ ਹੋਣ ਦੇ ਬਾਵਜੂਦ ਔਰੰਗਜ਼ੇਬ ਸਾਰੀ ਜਿੰਦਗੀ ਪਾਕ, ਮੋਮਨਾ ਵਾਂਗ ਪੱਕਾ ਸ਼ਰਈ, ਅਤੇ ਦੀਨਦਾਰ ਬਣਿਆ ਰਿਹਾ, ਜਦੋਂ ਤਕ ਗੁਰੂ ਗੋਬਿੰਦ ਸਿੰਘ ਨੇ ਉਸਦਾ ਅਸਲੀ ਚਿਹਰਾ ਸਾਹਮਣੇ ਨਹੀਂ ਕੀਤਾ।

ਔਰੰਗਜ਼ੇਬ ਨੇ ਗੱਦੀ ਹਾਸਲ ਕਰਦਿਆਂ ਹੀ ਆਪਣੇ ਗੁਨਾਹਾਂ ਤੇ ਪੜਦਾ ਪਾਉਣ ਲਈ ਅਤੇ ਆਪਣੇ ਆਪ ਨੂੰ ਇਕ ਸੱਚਾ ਮੁਸਲਮਾਨ ਸਾਬਤ ਕਰਨ ਦੇ ਮਨਸੂਬੇ ਤਹਿਤ ਬਨਾਰਸ, ਮਥੁਰਾ, ਜੈਪੁਰ, ਜੋਧਪੁਰ ਆਦਿ ਦੇ ਮੰਦਰਾਂ ਨੂੰ ਮਲੀਆਮੇਟ ਕਰਵਾ ਕੇ ਉਥੇ ਮਸੀਤਾਂ ਬਣਾਉਣ ਦਾ ਹੁਕਮ ਦੇ ਦਿੱਤਾ। ਹਿੰਦੂਆਂ ਦੇ ਤੀਰਥ ਸਥਾਨਾਂ ਉਪਰ ਜਜ਼ੀਆ ਲਗਾ ਦਿੱਤਾ, ਬੁਤ ਪੂਜਾ ਹੁਕਮਨ ਬੰਦ ਕਰਵਾ ਦਿੱਤੀ। ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਤੋਂ ਹਟਾ ਦਿੱਤਾ, ਜੋਗੀ ਸੰਨਿਆਸੀ, ਵੈਰਾਗੀ, ਗਵੱਈਏ ਅਤੇ ਸੰਗੀਤਕਾਰਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਸਾਰੇ ਰਾਗ-ਰੰਗ, ਜੋ ਅਕਬਰ ਦੇ ਜ਼ਮਾਨੇ ਤੋਂ ਚੱਲੇ ਆ ਰਹੇ ਸੀ, ਬੰਦ ਕਰਵਾ ਦਿੱਤੇ। ਸ਼ਿਆ ਮੁਸਲਮਾਨਾਂ ਉਪਰ ਵੀ ਕਈ ਤਰ੍ਹਾਂ ਦੀਆਂ ਪਾਬੰਧੀਆਂ ਲਗਾ ਦਿੱਤੀਆਂ। ਬਾਦਸ਼ਾਹ ਦੀ ਇਸ ਸਖਤੀ ਤੋਂ ਸਿੱਖ ਵੀ ਨਾ ਬੱਚ ਸਕੇ। ਬਾਦਸ਼ਾਹ ਨੇ ਦਾਰਾ ਸ਼ਿਕੋਹ ਦੀ ਮਦਦ ਕਰਨ ਵਾਲਿਆਂ ਉਪਰ ਵੀ ਸ਼ਿਕੰਜਾ ਕੱਸ ਦਿੱਤਾ। ਦਾਰਾ ਸ਼ਿਕੋਹ ਦਾ ਗੁਰੂ ਸਾਹਿਬ ਕੋਲ ਵੀ ਕਾਫੀ ਆਉਣ-ਜਾਣ ਸੀ। ਇਸ ਕਰਕੇ ਸਾਰੇ ਗੁਰੁਦਵਾਰੇ, ਜੋ ਨਗਰਾਂ ਤੇ ਸ਼ਹਿਰਾਂ ਵਿਚ ਸਨ, ਢਾਹ ਦਿਤੇ ਗਏ ਅਤੇ ਉਥੋਂ ਸਿੱਖ ਪ੍ਰਚਾਰਕ ਕੱਢ ਦਿਤੇ ਗਏ। ਇਹ ਲਪਟਾਂ ਕੀਰਤਪੁਰ ਸਾਹਿਬ ਵੀ ਪਹੁੰਚੀਆਂ। ਇਧਰ ਧੀਰਮੱਲ ਦੇ ਅੰਦਰ ਗੁਰਗੱਦੀ ਪ੍ਰਾਪਤ ਕਰਨ ਦਾ ਲਾਲਚ ਹੋਰ ਵਧ ਗਿਆ। ਉਹ ਪਹਿਲਾਂ, ਪਹਿਲੇ ਬਾਦਸ਼ਾਹ ਸ਼ਾਹਜਹਾਨ ਨੂੰ ਵੀ ਚਿੱਠੀਆਂ ਲਿਖ ਕੇ ਭੇਜਦਾ ਰਿਹਾ ਸੀ ਕਿ ਛੇਵੇਂ ਗੁਰੂ ਜੀ ਨੇ ਉਸ ਦਾ ਗੁਰਤਾ-ਗੱਦੀ ਦਾ ਹੱਕ ਮਾਰ ਕੇ ਗੱਦੀ ਉਸ ਦੇ ਛੋਟੇ ਭਰਾ ਨੂੰ ਦੇ ਦਿੱਤੀ ਹੈ। ਜਦੋਂ 1660 ਈ. ਵਿਚ ਔਰੰਗਜ਼ੇਬ ਦੇ ਬਾਦਸ਼ਾਹ ਹੋਣ ਦਾ ਐਲਾਨ ਹੋਇਆ ਤਾਂ ਧੀਰਮੱਲ ਨੇ ਫਿਰ ਨਵੇਂ ਸਿਰਿਉਂ ਬਾਦਸ਼ਾਹ ਕੋਲ ਦਰਖ਼ਾਸਤ ਲਿਖ ਭੇਜੀ ਕਿ ਕਾਨੂੰਨ ਦੀ ਸਹਾਇਤਾ ਨਾਲ ਉਸ ਨੂੰ ਉਸ ਦਾ ਹੱਕ ਦਿਵਾਇਆ ਜਾਵੇ। ਬਾਦਸ਼ਾਹ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਦਿੱਲੀ ਵਿਖੇ ਆਉਣ ਦਾ ਸੱਦਾ ਭੇਜਿਆ।

ਗੁਰੂ ਸਾਹਿਬ ਖੁਦ ਤਾਂ ਨਹੀਂ ਗਏ ਕਿਓਂਕਿ ਗੁਰੂ ਹਰਗੋਬਿੰਦ ਸਾਹਿਬ ਦਾ ਹੁਕਮ ਸੀ ਕਿ ਮਲੇਛਾਂ ਦੇ ਮੱਥੇ ਨਹੀਂ ਲੱਗਣਾ। ਸੋ ਆਪ ਜੀ ਨੇ ਆਪਣੇ ਵਡੇ ਪੁਤਰ ਰਾਮਰਾਇ ਨੂੰ ਦਿੱਲੀ ਭੇਜਿਆ, ਨਾਲ ਹੀ ਉਸ ਨੂੰ ਸਿੱਖਿਆ ਦਿੱਤੀ ਕਿ ਗੁਰੂ ਨਾਨਕ ਪਾਤਿਸ਼ਾਹ ਦੀ ਸਿੱਖਿਆ ਦਾ ਨਿਰਭੈਤਾ ਸਹਿਤ ਵਰਨਣ ਕਰਨਾ, ਹਰ ਕਾਰਜ ਸਮੇਂ ਗੁਰੂ 'ਤੇ ਭਰੋਸਾ ਰੱਖਣਾ ਤੇ ਅੰਗ-ਸੰਗ ਸਮਝਣਾ। ਸੱਚ ਤੋਂ ਮੂੰਹ ਨਹੀ ਮੋੜਨਾ, ਕਿਸੇ ਤੋ ਡਰਨਾ ਨਹੀਂ, ਅਤੇ ਹਰ ਸਵਾਲ ਦਾ ਸਹੀ-ਸਹੀ ਉੱਤਰ ਦੇਣਾ। ਰਾਮ ਰਾਇ ਨਾਲ ਭਾਈ ਗੁਰਦਾਸ ਅਤੇ ਭਾਈ ਤਾਰਾ ਨੂੰ ਵੀ ਭੇਜਿਆ। 24 ਘੋੜ ਸਵਾਰ ਤੇ 40 ਸਿੱਖ ਵੀ ਨਾਲ ਗਏ। ਰਾਮ ਰਾਇ ਨੇ ਅੰਬਾਲਾ ਤੋ ਪਾਨੀਪਤ ਹੁੰਦੇ ਹੋਏ ਦਿੱਲੀ ਚੰਦਰਾਵਾਲ ਖੇੜੇ ਕੋਲ, ਟਿਕਾਣਾ ਕੀਤਾ, ਜਿਥੇ ਅਜਕਲ ਮਜਨੂੰ ਦਾ ਟਿਲਾ ਹੈ। ਰਾਮਰਾਇ ਬੜਾ ਚੁਸਤ ਤੇ ਹਾਜ਼ਰ-ਜੁਆਬ ਸੀ। ਉਹ ਗੁਰਬਾਣੀ ਤੇ ਗੁਰੂ-ਘਰ ਦੀ ਮਰਯਾਦਾ ਦੀ ਵੀ ਸੂਝ ਰੱਖਦਾ ਸੀ ਰਾਮਰਾਇ ਦਾ ਔਰੰਗਜ਼ੇਬ ਉਪਰ ਬਹੁਤ ਚੰਗਾ ਪ੍ਰਭਾਵ ਪਿਆ। ਉਸਨੇ ਹਰ ਪ੍ਰਸ਼ਨ ਦਾ ਉਤਰ ਬੜੇ ਸੁਚੱਜੇ ਢੰਗ ਨਾਲ ਦਿੱਤਾ। ਪਰ ਛੇਤੀ ਹੀ ਸ਼ਾਹੀ ਪ੍ਰਭਾਵ ਹਾਵੀ ਹੋਣ ਲਗ ਪਿਆ। ਸ਼ਾਹੀ ਦਰਬਾਰ ਦੀ ਆਉ-ਭਗਤ ਤੇ

ਸ਼ਾਨੋ-ਸ਼ੌਕਤ ਨੇ ਉਸ ਨੂੰ ਭਰਮਾ ਲਿਆ। ਉਸ ਨੂੰ ਗੁਰੂ-ਪਿਤਾ ਵੱਲੋਂ ਮਿਲੀ 'ਨਿਰਭਉ' ਤੇ 'ਨਿਰਵੈਰੁ' ਰਹਿਣ ਦੀ ਸਿੱਖਿਆ ਭੁੱਲ ਗਈ। ਕਰਮ-ਕਾਂਡਾ ਨਾਲ ਬਾਦਸ਼ਾਹ ਦੀ ਖਸ਼ਾਮਦ ਹੋਣ ਲੱਗ ਪਈ। ਹੰਕਾਰ ਵੱਸ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਕਰਾਮਾਤਾਂ ਵੀ ਵਿਖਾਈਆਂ। ਇਕ ਦਿਨ ਵਾਰਤਾ ਕਰਦਿਆਂ-ਕਰਦਿਆਂ ਜਦੋਂ ਉਸ ਨੂੰ ਗੁਰਬਾਣੀ ਦੀ ਇਕ ਤੁਕ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਦੇ ਅਰਥਾਂ ਬਾਰੇ ਪੁੱਛਿਆ ਤਾਂ ਉਸ ਨੇ ਸ਼ਾਹੀ ਡਰ ਤੇ ਲਾਲਚ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਉਚਾਰੀ ਹੋਈ ਇਸ ਤੁਕ ਵਿਚ 'ਮੁਸਲਮਾਨ' ਦੀ ਥਾਂ 'ਬੇਈਮਾਨ' ਉਚਾਰ ਦਿੱਤਾ, ਜਿਸ ਨਾਲ ਮੁਗ਼ਲ ਬਾਦਸ਼ਾਹ ਖੁਸ਼ ਹੋ ਗਿਆ। ਜਦ ਇਹ ਘਟਨਾ ਕੀਰਤਪੁਰ ਸਾਹਿਬ ਪਹੁੰਚੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਕਦੇ ਮੱਥੇ ਨਾ ਲੱਗਣ ਦੀ ਹਿਦਾਇਤ ਲਿਖ ਕੇ ਚਿੱਠੀ ਰਾਹੀਂ ਭੇਜ ਦਿੱਤੀ ਅਤੇ ਸੰਗਤ ਨੂੰ ਵੀ ਉਸ ਨਾਲ ਕੋਈ ਸਾਂਝ ਨਾ ਰੱਖਣ ਦੀ ਹਿਦਾਇਤ ਕਰ ਦਿਤੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਗੁਰਬਾਣੀ ਦੇ ਸਤਿਕਾਰ ਤੇ ਗੁਰਮਤਿ ਦੇ ਆਦਰਸ਼ ਤੋਂ ਪੁੱਤਰ ਪਿਆਰ ਨੂੰ ਕੁਰਬਾਨ ਕਰ ਦਿੱਤਾ। ਆਪ ਜੀ ਨੇ ਫ਼ੁਰਮਾਇਆ ਕਿ ਕਰਾਮਾਤਾਂ ਦਿਖਾਉਣ ਵਾਲੇ ਤੇ ਬਾਣੀ ਦਾ ਅਪਮਾਨ ਕਰਨ ਵਾਲੇ ਦਾ ਦਰਸ਼ਨ ਵੀ ਨਾ ਕੀਤਾ ਜਾਵੇ ਤੇ ਉਸ ਨਾਲ ਕਿਸੇ ਕਿਸਮ ਦਾ ਵਿਹਾਰ ਨਾ ਰੱਖਿਆ ਜਾਵੇ। ਅੱਜ ਵੀ ਗੁਰੂ ਕੇ ਸਿੱਖ ਨੂੰ ਰਾਮਰਾਈਏ ਨਾਲ ਰੋਟੀ-ਬੇਟੀ ਦੀ ਸਾਂਝ ਰੱਖਣ ਦਾ ਹੁਕਮ ਨਹੀਂ ਹੈ। ਇਸ ਤਰ੍ਹਾਂ ਜਦ ਰਾਮ ਰਾਇ ਨੂੰ ਮਾਫ਼ੀ ਨਾ ਮਿਲੀ ਤਾਂ ਉਸਨੇ ਔਰੰਗਜ਼ੇਬ ਤੋਂ ਜਗੀਰ ਲੈ ਕੇ ਆਪਣਾ ਵਾਸਾ ਦੇਹਰਾਦੂਨ ਕਰ ਲਿਆ।

## 3.10 ਜੋਤੀ-ਜੋਤਿ ਸਮਾਉਣਾ

ਗੁਰੂ ਸਾਹਿਬ ਨੇ ਸੱਚ ਖੰਡ ਦੀ ਵਾਪਸੀ ਦਾ ਸਮਾਂ ਜਾਣ ਕੇ, ਆਪਣੇ ਛੋਟੇ ਸਾਹਿਬਜਾਦੇ, ਹਰਿ ਕ੍ਰਿਸ਼ਨ, ਜੋ ਮਸਾਂ 5 ਵਰਿਆਂ ਦੇ ਸੀ, ਨੂੰ ਗੁਰਿਆਈ ਸੌਂਪ ਦਿੱਤੀ। ਆਪ ਜੀ ਦਾ ਵੱਡਾ ਪੁੱਤਰ ਤੇ ਪਹਿਲੇ ਹੀ ਬੇਮੁਖ ਹੋ ਚੁੱਕਾ ਸੀ। 6 ਅਕਤੂਬਰ, 1661 ਈ. ਨੂੰ ਐਤਵਾਰ ਵਾਲੇ ਦਿਨ ਆਪ ਜੀ ਜੋਤੀ ਜੋਤਿ ਸਮਾ ਗਏ। ਆਪ ਜੀ ਦਾ ਦੇਹ ਸਸਕਾਰ ਸਤਲੁਜ ਦੇ ਕੰਢੇ ਕੀਤਾ ਗਿਆ ਅਤੇ ਅਸਥੀਆਂ ਪਾਤਾਲਪੁਰੀ ਵਿਚ ਜਲ ਪ੍ਰਵਾਹ ਕੀਤੀਆਂ ਗਈਆਂ।

## 3.11 ਉਪਦੇਸ਼

ਆਪ ਜੀ ਬਾਣੀ ਨੂੰ ਬੇਹਦ ਪਿਆਰ ਕਰਦੇ ਸੀ। ਆਪ ਬਾਣੀ ਸ੍ਰਵਣ ਕਰਦੇ ਹੋਏ ਇੰਨੇ ਲੀਨ ਹੋ ਜਾਂਦੇ ਕਿ ਖੁਦ ਨੂੰ ਹੀ ਭੁੱਲ ਜਾਂਦੇ। ਗੁਰੂ ਸਾਹਿਬ ਦਾ ਹੁਕਮ ਸੀ ਕਿ ਅਕਾਲ ਪੁਰਖ ਉਪਰ ਬਿਨ੍ਹਾਂ ਕਿਸੇ ਸ਼ੰਕੇ ਦੇ ਭਰੋਸਾ ਕਰੋ। ਸ਼ੁਭ ਅਮਲ ਤੇ ਸੱਚੀ-ਸੁੱਚੀ ਕਿਰਤ ਕਰੋ, ਕਿਸੇ ਨੂੰ ਮੰਦਾ ਨਾ ਬੋਲੋ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਉ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗੋ। ਗੁਰੂ ਹਰਿਰਾਏ ਸਾਹਿਬ ਜੀ ਸਰਬੱਤ ਸੰਗਤ ਨੂੰ ਇੱਕ ਅਕਾਲ ਪੁਰਖ ਪ੍ਰਮਾਤਮਾ ਦੀ ਬੰਦਗੀ ਕਰਨ, ਗੁਰਬਾਣੀ ਦੇ ਮੁਤਾਬਕ ਜੀਵਨ ਬਣਾਉਣ ਅਤੇ ਧਰਮ ਦੀ ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਪ੍ਰੇਰਨਾ ਕਰਦੇ ਸਨ।

## 3.12 ਪੜ੍ਹਣਯੋਗ ਪੁਸਤਕਾਂ


1. Kirpal singh& Kharak singh, (ed.), History of The Sikhs and Their Religion, VOL. 1, NANAK VII- GURU HARRAI, Shromani Guruduara Prabandhak Committee, 2004.
2. Max Arthur Mccauliffe, The Sikh Religion, The Clarendon Press, Oxford, 1909.

3. ਕੌਸ਼ਿਸ਼, ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ, ਪਿਆਰਾ ਸਿੰਘ ਪਦਮ, (ਸੰ.), ਕਲਮ ਮੰਦਿਰ, ਪਟਿਆਲਾ, 1986.
4. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
5. ਜੱਗੀ, ਰਤਨ ਸਿੰਘ, (ਸੰ.), ਬੰਸਾਵਲੀਨਾਮਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.
6. ਵਾਰਾਂ ਭਾਈ ਗੁਰਦਾਸ।
7. ਸਤਿਬੀਰ ਸਿੰਘ, ਨਿਰਭਉ ਨਿਰਵੈਰੁ ਜੀਵਨੀ ਗੁਰੂ ਹਰਿ ਰਾਇ ਜੀ, ਨਿਊ ਬੁੱਕ ਕੰਪਨੀ, ਜਲੰਧਰ, 2007.
8. ਸੁਖਦਿਆਲ ਸਿੰਘ, ਸਿੱਖ ਇਤਿਹਾਸ (1469-1708), ਸੰਗਮ ਪਬਲੀਕੇਸ਼ਨਜ਼, ਸਮਾਣਾ।
9. ਪ੍ਰਿੰਸੀਪਲ ਤੇਜਾ ਸਿੰਘ, ਡਾ. ਗੰਡਾ ਸਿੰਘ, ਸਿੱਖ ਇਤਿਹਾਸ (1469-1765), ਅਨੁ. ਡਾ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ONE YEAR DIPLOMA IN SIKH THEOLOGY

**SEMESTER II**

**COURSE: THEOLOGICAL DEVELOPMENT OF SIKHISM**

**UNIT 4: SRI GURU HARKRISHAN SAHIB JI**

**STRUCTURE**

4.0 ਉਦੇਸ਼

4.1 ਜਾਣ-ਪਛਾਣ

4.1.1 ਦਸਮ ਪਾਤਸ਼ਾਹ ਦੁਆਰਾ ਗੁਰੂ ਹਰਿ ਕ੍ਰਿਸ਼ਨ ਜੀ ਦੀ ਉਸਤਤ

4.2 ਜਨਮ ਤੇ ਬਚਪਨ

4.3 ਗੁਰਿਆਈ

4.4 ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ

4.4.1 ਗੁਰੂ ਸਾਹਿਬ ਦੀ ਸਹਿਨਸ਼ੀਲਤਾ ਅਤੇ ਦਿਆਲਤਾ

4.4.2 ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ

4.4.3 ਦਿਆਲਤਾ ਦੇ ਪੁੰਜ

4.5 ਸ੍ਰੀ ਰਾਮ ਰਾਇ ਵੱਲੋਂ ਵਿਰੋਧਤਾ

4.5.1 ਔਰੰਗਜ਼ੇਬ ਦੀ ਚਾਲ

4.6 ਪੰਡਿਤ ਲਾਲ ਚੰਦ ਨਾਲ ਵਾਰਤਾ

4.7 ਗੁਰੂ ਸਾਹਿਬ ਦਿੱਲੀ ਵਿਚ

4.7.1 ਦਿੱਲੀ ਵਿਚ ਗੁਰੂ ਜੀ ਦੀ ਮਹਿਮਾ

4.8 ਜੋਤੀ-ਜੋਤਿ ਸਮਾਉਣਾ

4.9 ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਵਿਲੱਖਣ ਸ਼ਖ਼ਸੀਅਤ

4.9.1 ਭਾਈ ਗੁਰਦਾਸ (ਦੂਜੇ) ਦੀ ਨਜ਼ਰ ਵਿਚ

4.9.2 ਭਾਈ ਨੰਦ ਲਾਲ ਦੇ ਵਿਚਾਰ

4.9.3 ਮਹਿਮਾ ਪ੍ਰਕਾਸ਼ ਵਿਚ ਵਿਵਰਣ

4.9.4 ਭਾਈ ਸੰਤੋਖ ਸਿੰਘ ਦਾ ਖਿਆਲ

4.9.5 ਗਿਆਨੀ ਸੰਤੋਖ ਸਿੰਘ ਅਨੰਦਪੁਰੀ ਅਨੁਸਾਰ

4.10 ਪੜ੍ਹਣਯੋਗ ਪੁਸਤਕਾਂ

## 4.0 ਉਦੇਸ਼

ਇਸ ਅਧਿਆਇ ਦਾ ਉਦੇਸ਼ ਸਿੱਖਾਂ ਦੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਅਤੇ ਸਿੱਖ ਧਰਮ ਵਿਚ ਪਾਏ ਯੋਗਦਾਨ ਦਾ ਵਰਣਨ ਕਰਨਾ ਹੈ।

## 4.1 ਜਾਣ-ਪਛਾਣ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ 'ਬਾਲ ਗੁਰੂ' ਅਤੇ 'ਬਾਲਾ ਪ੍ਰੀਤਮ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਪ ਜੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਗਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਸਨ। ਆਪ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਗੁਰਿਆਈ ਮਿਲੀ ਅਤੇ ਆਪ ਜੀ ਅੱਠ ਸਾਲ ਦੀ ਉਮਰ ਵਿੱਚ ਜੋਤੀ-ਜੋਤਿ ਸਮਾ ਗਏ। ਆਪ ਜੀ ਨੇ ਆਪਣੀ ਗੁਰਿਆਈ ਦੇ ਤਿੰਨ ਸਾਲ ਦੇ ਸਮੇਂ ਵਿੱਚ ਜਿਸ ਸੂਝ, ਸਿਆਣਪ, ਦ੍ਰਿੜਤਾ ਅਤੇ ਦਲੇਰੀ ਨਾਲ ਸਿੱਖ ਪੰਥ ਦੀ ਅਗਵਾਈ ਕੀਤੀ ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ। ਆਪ ਜੀ ਨੇ ਸਾਬਿਤ ਦਿੱਤਾ ਕਿ ਉਮਰ, ਬੁਧੀਮਾਨਤਾ ਤੇ ਆਤਮ ਗਿਆਨ ਵਿੱਚ ਕੋਈ ਬਾਧਾ ਨਹੀਂ ਹੈ।

ਦਸਮ ਪਾਤਸ਼ਾਹ ਜੀ ਦੁਆਰਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਉਸਤਤ-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਵਾਰ ਸ੍ਰੀ ਭਗਉਤੀ ਜੀ' ਵਿਚ ਆਪਣੇ ਤੋਂ ਪਹਿਲੇ ਨੌਂ ਗੁਰੂ-ਸਰੂਪਾਂ ਦੀ ਉਸਤਤਿ ਕਰਦਿਆਂ, ਚੌਥੀ ਤੁਕ ਵਿਚ, ਅਠਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸੰਬੰਧੀ ਫੁਰਮਾਇਆ ਹੈ:

*ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥*

ਹਰ ਗੁਰਸਿੱਖ ਜਦੋਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਤਾਂ ਉਹ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਰਦਾ ਹੋਇਆ ਬਹੁਤ ਪਿਆਰ, ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਅਕੀਦਤ ਪੇਸ਼ ਕਰਦਾ ਹੈ। ਅਰਦਾਸ ਦੇ ਇਹ ਬੋਲ ਅਜਿਹੇ ਹਨ, ਜਿਹੜੇ ਪ੍ਰੇਰਨਾ ਦਿੰਦੇ ਹਨ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਜ਼ਰੂਰ

ਧਿਆਉਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਦਰਸ਼ਨ ਕੀਤਿਆਂ ਸਮੁੱਚੀ ਮਨੁੱਖਤਾ ਦੇ ਸਭ ਤਰ੍ਹਾਂ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ। ਇਸ ਤੁਕ ਤੋਂ ਦਸਮੇਸ਼ ਪਿਤਾ ਰਾਹੀਂ 'ਬਾਲਾ ਪ੍ਰੀਤਮ' ਗੁਰੂ ਦੀ ਮਾਨਤਾ, ਮਹਾਨਤਾ ਅਤੇ ਗੌਰਵਤਾ ਦਾ ਪਤਾ ਲੱਗਦਾ ਹੈ। ਦਸਮੇਸ਼ ਪਿਤਾ ਜੀ ਨੇ ਇਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਅਜ਼ਮਤ ਦ੍ਰਿੜ੍ਹ ਕਰਵਾਈ ਹੈ।

## 4.2 ਜਨਮ ਤੇ ਬਚਪਨ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਿਹਿ ਵਿਖੇ ਮਾਤਾ ਕਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ 7 ਜੁਲਾਈ, ਸੰਨ 1656 ਈ. (8 ਸਾਵਣ 1713 ਬਿਕ੍ਰਮੀ) ਨੂੰ ਕੀਰਤਪੁਰ ਸਾਹਿਬ ਦੇ ਪਵਿੱਤਰ ਸਥਾਨ 'ਤੇ ਹੋਇਆ। ਆਪ ਜੀ ਦੇ ਦਾਦਾ ਬਾਬਾ ਗੁਰਦਿੱਤਾ ਜੀ ਤੇ ਪੜਦਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ ਅਤੇ ਰਾਮ ਰਾਇ ਆਪ ਜੀ ਦਾ ਵੱਡਾ ਭਰਾ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਧੁਰ-ਦਰਗਾਹੋਂ ਦੈਵੀ ਗੁਣਾਂ ਵਾਲੀ ਅਧਿਆਤਮਿਕ ਉੱਚਤਾ ਪ੍ਰਾਪਤ ਹੋਈ ਸੀ ਅਤੇ ਜਨਮ ਤੋਂ ਹੀ ਗੁਰਮਤਿ ਦੀ ਸਿੱਖਿਆ-ਦੀਖਿਆ ਮਿਲਣ ਲੱਗ ਪਈ ਸੀ। ਆਪ ਨੇ ਛੋਟੀ ਉਮਰ ਵਿਚ ਹੀ ਪਿਤਾ ਜੀ ਦੀ ਸੰਗਤ ਵਿਚ ਰਹਿ ਕੇ ਸਭ ਤਰ੍ਹਾਂ ਦੀ ਉਚੇਰੀ ਵਿੱਦਿਆ, ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਦੀ ਸੂਝ ਅਤੇ ਦੂਜੇ ਧਰਮਾਂ ਦਾ ਗਿਆਨ ਗ੍ਰਹਿਣ ਕਰ ਲਿਆ ਸੀ। ਆਪ ਜੀ ਅੰਤਰ-ਬੋਧ ਦੇ ਧਾਰਨੀ ਅਤੇ ਬ੍ਰਹਮ-ਗਿਆਨ ਨਾਲ ਓਤ-ਪੋਤ ਸਨ। ਵੇਖਣ-ਸੁਣਨ ਵਾਲੇ ਮਹਾਨ ਵਿਦਵਾਨ ਵੀ ਬਾਲਕ ਦੀ ਦੈਵੀ ਉੱਚਤਾ ਤੇ ਅਲੌਕਿਕ ਸੂਝ-ਬੂਝ ਤੋਂ ਹੈਰਾਨ ਹੋ ਜਾਂਦੇ ਸਨ। ਬਾਲਕ ਸ੍ਰੀ ਹਰਿਕ੍ਰਿਸ਼ਨ ਜੀ ਦਾ ਹਿਰਦਾ ਬਹੁਤ ਕੋਮਲ ਸੀ, ਉਹ ਪਰਉਪਕਾਰ ਦੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਸ੍ਰੀ ਗੁਰੂ ਹਰਿ ਰਾਇ ਜੀ ਨੂੰ ਆਪਣੇ ਛੋਟੇ ਪੁੱਤਰ ਵਿਚ ਗੁਰੂ-ਜੋਤਿ ਦੇ ਅੰਸ਼; ਜੋ ਉਨ੍ਹਾਂ ਨੇ ਪਿਤਾ, ਦਾਦਾ ਤੇ ਪੜਦਾਦਾ ਜੀ ਕੋਲੋਂ ਵਿਰਸੇ ਵਿਚ ਪ੍ਰਾਪਤ ਕੀਤੇ ਸਨ; ਦਿਖਾਈ ਦੇ ਰਹੇ ਸਨ।

## 4.3 ਗੁਰਿਆਈ

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕੇ ਆਪਣੇ ਛੋਟੇ ਪੁੱਤਰ ਨੂੰ ਹਰ ਤਰ੍ਹਾਂ ਨਾਲ ਯੋਗ ਸਮਝਿਆ ਅਤੇ ਗੁਰਬਾਣੀ ਦੇ ਮਹਾਂਵਾਕ- 'ਤਖਤਿ ਬਹੈ ਤਖਤੈ ਕੀ ਲਾਇਕ' ਅਨੁਸਾਰ, 23 ਸਤੰਬਰ, 1661 ਈ. ਨੂੰ ਸਾਰੀ ਸੰਗਤ ਦੇ ਸਨਮੁਖ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਸੌਂਪ ਦਿੱਤੀ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜੁਗਤਿ ਦਾ ਗੁਰੂ-ਵਾਰਿਸ ਸਥਾਪਤ ਕਰਦਿਆਂ ਇਹ ਵਰਦਾਨ ਵੀ ਦਿੱਤਾ ਕਿ ਜਿਹੜਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੇ ਦਰਸ਼ਨ ਕਰੇਗਾ, ਉਸ ਦੇ ਦੁੱਖ-ਦਲਿੱਦਰ ਤੇ ਰੋਗ-ਸੰਤਾਪ ਸਹਿਜੇ ਹੀ ਮਿਟ ਜਾਣਗੇ; ਸੁਖ ਸਹਿਜ ਤੇ ਅਨੰਦ ਉਸ ਦਾ ਧਨ ਬਣ ਜਾਵੇਗਾ। ਆਪ ਦਾ ਦਰਸ਼ਨ-ਦੀਦਾਰ ਨਿਸਚੇ ਹੀ 'ਸਭਿ ਦੁਖਿ ਜਾਇ' ਦਾ ਪ੍ਰਤੱਖ ਪ੍ਰਮਾਣ ਹੈ। ਇਸ ਤਰ੍ਹਾਂ ਸਵਾ ਪੰਜ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਮਰੱਥ ਤੇ ਯੋਗ 'ਗੁਰੂ' ਦੇ ਰੂਪ ਵਿਚ ਪ੍ਰਗਟ ਹੋਏ ਅਤੇ ਸਿੱਖਾਂ ਦੇ ਅਠਵੇਂ ਗੁਰੂ-ਜੋਤੀ ਦੇ ਵਾਰਸ ਹੋਏ ਹਨ। ਆਪ ਸਭ ਤੋਂ ਛੋਟੀ ਉਮਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਰੱਬੀ ਖਜ਼ਾਨੇ ਦੇ ਮਾਲਕ ਬਣੇ।

ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਨੰਤ ਜੋਤਿ ਹੀ ਗੁਰੂ ਰੂਪ ਹੋ ਕੇ ਗੁਰੂ ਸਾਹਿਬਾਨ ਵਿਚ ਵਿਚਰਦੀ ਹੋਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵਿਚ ਪ੍ਰਵੇਸ਼ ਕਰ ਗਈ। ਇਸ ਲਈ ਉਨ੍ਹਾਂ ਦੀ ਜੀਵਨ-ਜੋਤਿ ਤੇ ਜੁਗਤਿ ਪੂਰਬਲੇ ਗੁਰੂ ਸਾਹਿਬਾਨ ਵਾਲੀ ਹੀ ਸੀ। "ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਅਨੁਸਾਰ ਜਦੋਂ ਇਹ ਅਨੰਤ ਜੋਤਿ ਇਕ ਗੁਰੂ ਤੋਂ ਦੂਸਰੇ ਵਿਚ ਪ੍ਰਵੇਸ਼ ਕਰਦੀ ਹੈ, ਉਸ ਵਿਚ ਮੁਕੰਮਲ ਰੂਪ ਵਿਚ ਹਲੂਲ ਹੋ ਜਾਂਦੀ ਹੈ ਤਾਂ ਕੇਵਲ ਕਾਇਆਂ ਹੀ ਪਲਟਦੀ ਹੈ। ਇਸ ਦੀ ਜੁਗਤ ਤੇ ਵਰਤਾਰਾ ਉਹ ਹੀ ਰਹਿੰਦਾ ਹੈ, ਜੋ ਅਨੰਤ ਦਾ ਹੋ ਸਕਦਾ ਹੈ- ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ (ਯਾਦ ਰਹੇ ਕਿ ਗੁਰਬਾਣੀ ਵਿਚ ਨਾਨਕ ਸ਼ਬਦ, ਗੁਰੂ

ਸਰੂਪ ਲਈ ਨਹੀਂ, ਸਗੋਂ ਸ਼ਬਦ ਜੋਤਿ ਦੇ ਪ੍ਰਤੀਕਾਤਮਿਕ ਰੂਪ ਵਿਚ ਵਰਤਿਆ ਗਿਆ ਹੈ) ਇਸ ਤਰ੍ਹਾਂ ਇਹ ਜੋਤਿ ਨਵੇਂ ਹੋਣ ਵਾਲੇ ਗੁਰੂ, ਜਿਸ ਵਿਚ ਇਹ ਪ੍ਰਵੇਸ਼ ਕਰ ਗਈ ਹੋਵੇ, ਉਸ ਦੀ ਉਮਰ ਦੇ ਲਿਹਾਜ਼ ਤੋਂ ਉਪਰ ਰਹਿੰਦੀ ਹੈ। ਜੋਤਿ ਤਾਂ ਸਦੀਵੀ ਹੈ, ਇਸ ਦੀ ਕੋਈ ਉਮਰ ਨਹੀਂ ਹੁੰਦੀ। ਗੁਰੂ-ਸਰੂਪ ਦੇ ਸਰੀਰ ਦੇ ਬਚਪਨ ਜਾਂ ਬੁਢਾਪੇ ਦਾ ਇਸ ਉਤੇ ਕੋਈ ਅਸਰ ਨਹੀਂ ਹੁੰਦਾ। ਜੇਕਰ ਇਹ ਜੋਤਿ 70-72 ਸਾਲ ਦੀ ਉਮਰ ਦੇ ਵਿਚ ਸ੍ਰੀ ਗੁਰੂ ਅਮਰਦਾਸ ਜੀ ਅੰਦਰ ਪ੍ਰਵੇਸ਼ ਕਰਦੀ ਹੈ ਤਾਂ ਉਹ ਗਿਆਨਵਾਨ, ਸਮਾਜ ਸੁਧਾਰਕ ਤੇ ਅਜਿਹੀਆਂ ਸ਼ਕਤੀਆਂ ਦੇ ਮਾਲਕ ਹੋ ਨਿਬੜਦੇ ਹਨ, ਜਿਨ੍ਹਾਂ ਦਾ ਬਿਆਨ ਕਥਨ ਤੋਂ ਬਾਹਰ ਹੈ-

ਗੁਰ ਅਮਰਦਾਸ ਕੀ ਅਕਥ ਕਥਾ ਹੈ।। ( ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1406)

ਇਸੇ ਤਰ੍ਹਾਂ ਜਦੋਂ ਇਹ ਜੋਤਿ ਸਵਾ ਪੰਜ ਸਾਲ ਦੀ ਬਾਲ ਉਮਰ ਵਿਚ ਪ੍ਰਵੇਸ਼ ਕਰ ਜਾਂਦੀ ਹੈ ਤਾਂ ਉਹ ਹੱਦ ਦਰਜੇ ਦਾ ਸੂਝਵਾਨ, ਗਿਆਨ ਦਾ ਦਾਤਾ, ਦੂਖ ਨਿਵਾਰਨ ਤੇ ਨਿਰਭਉ ਬਲਬੀਰਾ ਹੋ ਨਿਬੜਦਾ ਹੈ। ਉਸ ਵਿਚ ਉਸੇ ਤਰ੍ਹਾਂ ਦੀ ਪ੍ਰੋੜ੍ਹਤਾ, ਦੂਰ-ਅੰਦੇਸ਼ੀ, ਦਿੱਬ-ਦ੍ਰਿਸ਼ਟੀ ਤੇ ਗਿਆਨ ਪ੍ਰਕਾਸ਼ ਕਰਨ ਦੀ ਸਮਰੱਥਾ ਹੋਵੇਗੀ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸੀ ਤੇ ਇਹ ਬਾਲਕ ਵੀ ਉਸੇ ਤਰ੍ਹਾਂ ਦਾ ਨਿਰਭਉ ਤੇ ਨਿਧੜਕ ਹੋਵੇਗਾ, ਜਿਸ ਤਰ੍ਹਾਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਿਹਾ ਸੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਔਰੰਗਜ਼ੇਬ ਵਰਗੇ ਸ਼ਕਤੀਵਾਨ, ਸ਼ਹਿਨਸ਼ਾਹ-ਏ-ਹਿੰਦ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

## 4.4 ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ

ਜਿਸ ਸਿਆਣਪ, ਦੂਰ-ਦਰਸ਼ਤਾ, ਨਿਪੁੰਨਤਾ, ਦ੍ਰਿੜ੍ਹਤਾ, ਲਗਨ ਤੇ ਜ਼ਿੰਮੇਵਾਰੀ ਨਾਲ ਆਪ ਜੀ ਨੇ ਸਿੱਖੀ ਦੀ ਸੇਵਾ ਤੇ ਅਗਵਾਈ ਕੀਤੀ, ਉਸ ਦਾ ਖਿਆਲ ਕਰ ਕੇ ਸਧਾਰਨ ਪ੍ਰਾਣੀ ਦੀ ਬੁੱਧੀ ਚੱਕ੍ਰਿਤ ਹੋ ਜਾਂਦੀ ਹੈ। ਛੋਟੀ ਉਮਰ ਵਿਚ ਆਪ ਉਨ੍ਹਾਂ ਸਰਬ ਸਮਰੱਥਾਵਾਂ ਦੇ ਸੁਆਮੀ ਸਨ ਜੋ ਅਕਾਲ ਪੁਰਖ ਦੇ ਜੋਤ ਸਰੂਪ ਆਪ ਤੋਂ ਪਹਿਲੇ ਸੱਤ ਗੁਰੂ ਸਾਹਿਬਾਨ ਵਿਚ ਵਿਦਮਾਨ ਸਨ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

ਜੇਤਕ ਥੀ ਗੁਰੁ ਘਰ ਕੀ ਰੀਤੀ। ਅਸ਼ਟਮ ਗੁਰੁ ਸਬ ਗਹੀ ਬਿਨੀਤੀ।

ਜਦਯਪਿ ਹੁਤੇ ਬਾਲ ਬਯ ਸੋਈ। ਤਦਯਪਿ ਬੁਧਿ ਬ੍ਰਿਧਨ ਸਮ ਹੋਈ।

ਸਭ ਬਿਵਹਾਰ ਔਰ ਪਰਮਾਰਥ। ਪੂਰਨ ਕਰੇ ਸਿਖਨ ਕੇ ਸ੍ਵਾਰਥ।

ਅਜ਼ਮਤ ਔਰ ਅਰੂਜ ਅਪਾਰਾ। ਅਸ਼ਟਮ ਗੁਰ ਬਹੁ ਬਿਧ ਬਿਸਤਾਰਾ।

(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰ. 682.)

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੁਆਰਾ ਛੋਟੀ ਉਮਰ ਵਿਚ ਸੁਯੋਗ ਢੰਗ ਨਾਲ ਸਿੱਖਾਂ ਦੀ ਅਧਿਆਤਮਿਕ ਰਹਿਨੁਮਾਈ ਕਰਨੀ, ਆਪ ਜੀ ਦੀ ਰੂਹਾਨੀ ਕਲਾ ਦਾ ਇਕ ਮਹਾਨ ਕ੍ਰਿਸ਼ਮਾ ਹੈ। ਆਪ ਨੇ ਦੂਰ-ਦੁਰਾਡੇ ਰਹਿਣ ਵਾਲੀਆਂ ਸਿੱਖ ਸੰਗਤਾਂ ਦੀ ਚੰਗੀ ਅਗਵਾਈ ਕੀਤੀ। ਦੂਰ ਪ੍ਰਦੇਸਾਂ ਵਿਚ ਧਰਮ ਪ੍ਰਚਾਰਕ ਨਿਯੁਕਤ ਕੀਤੇ ਅਤੇ ਆਪ ਵੀ ਸੱਚ ਦੇ ਢੂੰਢਾਊਆਂ ਨੂੰ ਉਪਦੇਸ਼ ਦਿੱਤੇ। ਪ੍ਰਸਿੱਧ ਇਤਿਹਾਸਕਾਰ ਡੰਕਨ ਗ੍ਰੀਨਲੀਜ਼ ਦੇ ਸ਼ਬਦਾਂ ਵਿਚ:

At this very early age he was called to lead and to teach the wide-spread and vigorous Sikh community. He did his work well. He sent out missionaries to the furthest

outposts of the Religion, and he himself taught with all confidence those who asked him of the truth.

ਬੇਸ਼ੱਕ ਆਪ ਬਾਲ ਅਵਸਥਾ ਵਿਚ ਸਨ ਪਰ ਯੋਗਤਾ ਤੇ ਕਰਨੀ ਕਰਕੇ ਸੰਪੂਰਨ ਸਨ। ਫ਼ਾਰਸੀ ਦੀ ਇਹ ਅਖਾਉਤ ਅਠਵੇਂ ਪਾਤਸ਼ਾਹ 'ਤੇ ਠੀਕ ਢੁਕਦੀ ਹੈ-'ਬਜ਼ੁਰਗੀ ਬ-ਅਕਲ ਨ ਬਸਾਲ' ਭਾਵ ਵਡਿਆਈ ਨਿਰਮਲ ਬੁੱਧੀ ਤੇ ਗੁਣਾਂ ਉੱਤੇ ਨਿਰਭਰ ਹੈ ਨਾ ਕਿ ਵੱਡੀ ਉਮਰ ਉੱਤੇ। ਆਪ ਜੀ ਨੇ ਗੁਰੂ-ਘਰ ਦੀ ਸਾਰੀ ਮਰਿਯਾਦਾ ਗੁਰਮਤਿ ਅਨੁਸਾਰ ਨਿਭਾਈ ਤੇ ਸਿੱਖਾਂ ਨੂੰ ਸੁਯੋਗ ਰਹਿਨੁਮਾਈ ਦਿੱਤੀ। ਆਪ ਦੇ ਮਿਕਨਾਤੀਸੀ ਸ਼ਬਦਾਂ ਦੇ ਪ੍ਰਭਾਵ ਤੇ ਪ੍ਰਚਾਰ ਸਦਕਾ ਸਿੱਖੀ ਨੇ ਦੇਸ਼-ਪਰਦੇਸ ਵਿਚ ਪ੍ਰਸਿੱਧੀ ਹਾਸਲ ਕੀਤੀ। ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਜੀ ਵਰਗੇ ਅਨੇਕਾਂ ਆਪਾ-ਵਾਰਨ ਵਾਲੇ ਸ਼ਰਧਾਲੂ ਸਿੱਖ ਸਜ ਗਏ। ਬਹੁਤ ਥੋੜ੍ਹੇ ਸਮੇਂ ਵਿਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ।

### 4.4.1 ਗੁਰੂ ਸਾਹਿਬ ਦੀ ਸਹਿਨਸ਼ੀਲਤਾ ਅਤੇ ਸਿਆਣਪ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਵਧ ਰਹੀ ਵਡਿਆਈ ਨੂੰ ਵੇਖ ਕੇ ਰਾਮ ਰਾਇ ਈਰਖਾ ਦੀ ਅੱਗ ਵਿਚ ਸੜਨ ਲੱਗਾ ਤੇ ਉਸ ਨੇ ਛੋਟੇ ਭਰਾ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਸੰਗਤਾਂ ਨੇ ਗੁਰੂ ਸਾਹਿਬ ਨੂੰ ਆ ਕੇ ਸੂਚਿਤ ਕੀਤਾ ਕਿ ਉਨ੍ਹਾ ਦਾ ਵੱਡਾ ਭਰਾ ਮਸੰਦਾਂ ਦੁਆਰਾ ਸਾਰੇ ਸਿੱਖ ਧਰਮ ਪ੍ਰਚਾਰਕ ਸਥਾਨਾਂ ਉਪਰ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਹਦਾਇਤ ਦੇ ਕੇ ਖੁਦ ਅੱਠਵਾਂ ਗੁਰੂ ਹੋਣ ਦਾ ਐਲਾਨ ਕਰ ਰਿਹਾ ਹੈ। ਇਹ ਸੁਣ ਕੇ ਗੁਰੂ ਜੀ ਸ਼ਾਂਤ ਰਹੇ ਅਤੇ ਆਪਣੇ ਭਰਾ ਖਿਲਾਫ ਕੋਈ ਕਦਮ ਨਹੀਂ ਚੁਕਿਆ। ਉਨ੍ਹਾ ਦਾ ਵਿਸ਼ਵਾਸ ਸੀ ਕਿ ਇਹ ਝੂਠਾ ਪ੍ਰਪੰਚ ਅਕਾਲ ਪੁਰਖ ਦੇ ਸੱਚੇ ਸ਼ਰਧਾਲੂਆਂ ਉਪਰ ਕੋਈ ਅਸਰ ਨਹੀਂ ਕਰ ਸਕਦਾ ਅਤੇ ਸਮੇਂ ਦੇ ਨਾਲ ਸਾਰਾ ਸੱਚ ਸਾਹਮਣੇ ਆ ਜਾਵੇਗਾ। ਗੁਰੂ ਸਾਹਿਬ ਕੀਰਤਪੁਰ ਰਹਿ ਕੇ ਸੰਗਤਾਂ ਨੂੰ ਨਾਮ ਦਾ ਉਪਦੇਸ਼ ਦਿੰਦੇ ਰਹੇ। ਪੰਜਾਬੋਂ ਬਾਹਰ ਦੇ ਕੁੱਝ ਸਿੱਖਾਂ ਨੇ ਗੁਰੂ ਸਾਹਿਬ ਪਾਸ ਅਯੋਗ ਅਤੇ ਲਾਲਚੀ ਮਸੰਦਾਂ ਬਾਰੇ ਜ਼ਿਕਰ ਕਰਦੇ ਹੋਏ ਸਿੱਖਿਅਤ ਅਤੇ ਸਮਝਦਾਰ ਵਿਅਕਤੀਆਂ ਨੂੰ ਇਹ ਜਿੰਮੇਵਾਰੀ ਸੌਂਪਣ ਦੀ ਅਰਜੋਈ ਕੀਤੀ। ਗੁਰੂ ਜੀ ਨੇ ਦੀਵਾਨ ਦਰਗਾਹ ਮੱਲ ਨੂੰ ਸਮੁੱਚੇ ਮਸਲੇ ਦੀ ਛਾਣਬੀਣ ਕਰਨ ਉਪਰੰਤ ਗੁਰਮੁਖ ਵਿਅਕਤੀਆਂ ਨੂੰ ਇਹ ਜਿੰਮੇਵਾਰੀ ਸੌਂਪਣ ਦੀ ਤਾਕੀਦ ਕੀਤੀ। (Trilochan singh, Life of Guru Harkrishan, pH 92)

### 4.4.2 ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ

ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਦਿ ਗ੍ਰੰਥ ਦੀਆਂ ਬੀੜਾਂ ਸੰਕਲਿਤ ਕਰਵਾਈਆਂ। ਇਹਨਾਂ ਵਿਚੋਂ ਕੁਝ ਬੀੜਾਂ ਗੁਰੂ ਸਾਹਿਬ ਦੀਆਂ ਹਸਤਾਖਰਿਤ ਵੀ ਸਨ, ਜਿਹਨਾਂ ਵਿਚੋਂ ਇਕ ਬੀੜ ਪਟਨਾ ਸਾਹਿਬ ਦੀ ਸੰਗਤ ਨੂੰ ਭੇਟ ਕੀਤੀ ਗਈ। ਇਹ ਪਟਨਾ ਸਾਹਿਬ ਦੇ ਤੋਸ਼ਾਖਾਨਾ ਵਿਚ ਸੁਰੱਖਿਅਤ ਹੈ। ਰੋਜ਼ਾਨਾ ਅਨੇਕਾਂ ਲੋਕ ਗੁਰੂ ਸਾਹਿਬ ਪਾਸ ਆਪਣੀਆ ਮੁਸ਼ਕਿਲਾਂ ਲੈ ਕੇ ਆਉਂਦੇ ਅਤੇ ਆਪ ਜੀ ਉਹਨਾਂ ਨੂੰ ਸ਼ਾਤੀਪੂਰਵਕ ਜੀਵਨ ਜਿਊਣ ਦੇ ਢੰਗ ਦੱਸਦੇ। ਕੋਈ ਵਿਅਕਤੀ ਗੁਰੂ ਜੀ ਕੋਲ ਆਉਂਦਾ ਤੇ ਕਹਿੰਦਾ ਕਿ ਮੈਂ ਅਨਪੜ ਹਾਂ ਧਰਮ ਪੁਸਤਕਾਂ ਨਹੀਂ ਪੜ੍ਹ ਸਕਦਾ। ਕੀ ਮੈਨੂੰ ਮੁਕਤੀ ਮਿਲ ਸਕਦੀ ਹੈ? ਦੂਸਰਾ ਵਿਅਕਤੀ ਗੁਰੂ ਜੀ ਨੂੰ ਆਦਰ ਸਹਿਤ ਕਹਿੰਦਾ ਕਿ ਮੈਂ ਮੁਗ਼ਲ ਦਰਬਾਰ ਵਿਚ ਨੌਕਰੀ ਕਰਦਾ ਹਾਂ, ਕੀ ਮੇਰਾ ਜੀਵਨ ਖੁਸ਼ਹਾਲ ਹੋ ਸਕਦਾ ਹੈ? ਗੁਰੂ ਸਾਹਿਬ ਉਹਨਾਂ ਦੇ ਸ਼ੰਕੇ ਦੂਰ ਕਰਦੇ ਤੇ ਅਨਪੜ ਨੂੰ ਕਹਿੰਦੇ ਕਿ ਉਹ ਪੂਰੀ ਮਿਹਨਤ ਨਾਲ ਮਨੁੱਖਤਾ ਦੀ ਸੇਵਾ ਕਰੇ। ਵਾਹਿਗੁਰੂ ਉਸ ਉਪਰ ਮਿਹਰਬਾਨ ਹੋਵੇਗਾ। ਆਪ ਜੀ ਸਮਝਾਉਂਦੇ ਕਿ ਸ਼ਬਦ ਨੂੰ ਸੁਣਨਾ ਵੀ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਉਸ ਨੂੰ ਪੜ੍ਹਨਾ। ਕੋਈ ਵੀ ਮਨੁੱਖ ਆਪਣੀ ਜਿੰਦਗੀ ਵਿਚ ਕਦੇ ਵੀ ਪੜ੍ਹਨਾ ਸਿੱਖ ਸਕਦਾ ਹੈ। ਇਕ ਸਿੱਖ ਲਈ ਪਹਿਲਾ ਮਹੱਤਵਪੂਰਨ ਕੰਮ ਪਰਮਾਤਮਾ ਦੇ ਹੁਕਮ ਵਿਚ ਰਹਿਣਾ ਹੈ। ਉਸ ਨੂੰ ਉਹਨਾਂ ਗੱਲਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਜੋ

ਉਸ ਦੇ ਪਰਮਾਤਮਾ ਪ੍ਰਤੀ ਵਿਸ਼ਵਾਸ ਵਿਚ ਬਾਧਾ ਬਣਦੀਆਂ ਹੋਣ। ਇਸ ਤਰ੍ਹਾਂ ਗੁਰੂ ਜੀ ਦੀ ਦਿਆਲਤਾ, ਦਾਨਸ਼ੀਲਤਾ ਅਤੇ ਸਿਆਣਪ ਦੀਆਂ ਕਹਾਣੀਆਂ ਦੂਰ-ਦੂਰ ਤੱਕ ਫੈਲ ਗਈਆਂ।

### 4.4.3 ਦਿਆਲਤਾ ਦੇ ਪੁੰਜ

ਇਕ ਦਿਨ ਗੁਰੂ ਜੀ ਸੰਗਤਾਂ ਨਾਲ ਨੇੜਲੇ ਇਲਾਕਿਆਂ ਦੇ ਦੌਰੇ ਤੇ ਗਏ। ਕੁੱਝ ਲੋਕ ਗੁਰੂ ਜੀ ਨੂੰ ਆਪਣੀਆ ਪ੍ਰੇਮ ਭੇਟਾਵਾਂ ਸਹਿਤ ਨਤਮਸਤਕ ਹੋਏ। ਇਕ ਵਿਅਕਤੀ ਕੁਝ ਦੂਰੀ ਤੇ ਖੜ੍ਹਾ ਹੋਇਆ ਸੀ। ਉਸ ਦਾ ਕੁੱਬ ਨਿਕਲਿਆ ਸੀ ਅਤੇ ਉਸ ਨੂੰ ਕੋਹੜ ਦੀ ਬਿਮਾਰੀ ਸੀ। ਉਹ ਗੁਰੂ ਜੀ ਪਾਸ ਆਉਣ ਤੋਂ ਝਿਜਕ ਰਿਹਾ ਸੀ। ਉਸ ਨੂੰ ਦੇਖ ਗੁਰੂ ਜੀ ਦਾ ਕੋਮਲ ਹਿਰਦਾ ਦਿਆਲਤਾ ਨਾਲ ਭਰ ਗਿਆ। ਗੁਰੂ ਸਾਹਿਬ ਨੇ ਉਸ ਦੇ ਸਿਰ ਉਪਰ ਪਿਆਰ ਨਾਲ ਹੱਥ ਰੱਖਿਆ ਅਤੇ ਉਸ ਨਾਲ ਬੜੇ ਪਿਆਰ ਤੇ ਸਨੇਹ ਨਾਲ ਗੱਲ ਕੀਤੀ। ਇਹ ਵੇਖ ਕੇ ਉਸ ਵਿਅਕਤੀ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਉਸ ਨਾਲ ਕਦੇ ਕਿਸੇ ਨੇ ਇੰਨੇ ਪਰੇਮ ਵਾਲਾ ਸਲੂਕ ਨਹੀਂ ਕੀਤਾ ਸੀ। ਗੁਰੂ ਜੀ ਦੇ ਬੋਲਾਂ ਨਾਲ ਉਸ ਅੰਦਰ ਨਵੀਂ ਸ਼ਕਤੀ ਤੇ ਚੇਤਨਾ ਪੈਦਾ ਹੋ ਗਈ। ਉਸ ਨੂੰ ਮਹਿਸੂਸ ਹੋਇਆ ਕਿ ਉਹ ਇਕ ਜਖ਼ਮੀ ਸਿਪਾਹੀ ਸੀ ਜਿਸ ਨੇ ਆਪਣੇ ਜਖ਼ਮਾਂ ਨੂੰ ਰਿਸਣ ਦੀ ਆਗਿਆ ਦਿੱਤੀ ਸੀ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਉਸ ਦੀ ਆਤਮਾ ਵੀ ਉਨੀ ਹੀ ਸੁੰਦਰ ਹੈ, ਜਿੰਨੀ ਕਿ ਆਮ ਵਿਅਕਤੀ ਦੀ। ਇਹ ਸੁਣ ਕੇ ਉਸ ਵਿਅਕਤੀ ਨੂੰ ਬਹੁਤ ਰਾਹਤ ਮਿਲੀ। ਫਿਰ ਉਸ ਕੋਹੜੀ ਨੇ ਬਹੁਤ ਸਾਰੇ ਲੋਕਾਂ ਨੂੰ ਵੇਖਿਆ ਜੋ ਕਿ ਬਹੁਤ ਸੁੰਦਰ ਕੱਪੜਿਆਂ ਵਿਚ ਸੱਜ ਰਹੇ ਸਨ, ਪਰ ਅੰਦਰੋਂ ਉਹ ਅਵਿਸ਼ਵਾਸ, ਡਰ, ਸਵਾਰਥ ਤੇ ਜ਼ੁਲਮ ਨਾਲ ਭਰੇ ਹੋਏ ਸਨ। ਉਸ ਦੀ ਜਾਗ੍ਰਿਤ ਜਮੀਰ ਨੇ ਮਹਿਸੂਸ ਕੀਤਾ ਕਿ ਬੀਮਾਰ ਜਮੀਰਾਂ ਵਾਲੇ ਮਨੁੱਖ ਬਿਮਾਰ ਸਰੀਰਾਂ ਵਾਲੇ ਮਨੁੱਖਾਂ ਨਾਲੋਂ ਵਧੇਰੇ ਭਿਆਨਕ ਹੁੰਦੇ ਹਨ। ਅਧਿਆਤਮਕ ਸ਼ਕਤੀ ਵਿਚ ਵਿਸ਼ਵਾਸ ਨੇ ਉਸ ਵਿਚ ਨਵੀਂ ਤਾਕਤ ਭਰ ਦਿੱਤੀ ਅਤੇ ਉਸ ਦਾ ਕੋਹੜ ਹੌਲੀ-ਹੌਲੀ ਦੂਰ ਹੋਣ ਲੱਗਾ। ( ਕਨਈਆ ਲਾਲ, ਤਵਾਰੀਖ-ਏ-ਪੰਜਾਬ, ਪੰ. 35)

## 4.5 ਸ੍ਰੀ ਰਾਮ ਰਾਇ ਵੱਲੋਂ ਵਿਰੋਧਤਾ

ਗੁਰੂ ਸਾਹਿਬ ਦੁਆਰਾ ਪਟਨੇ ਦੀ ਸੰਗਤ ਦੇ ਨਾਮ ਮਿਲਦੇ 'ਹੁਕਮਨਾਮੇ' ਤੋਂ ਇਹ ਸਾਬਿਤ ਹੁੰਦਾ ਹੈ ਕਿ ਗੁਰੂ ਜੀ ਨੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਦੂਰ-ਦੁਰਾਡੇ ਦੀਆ ਸੰਗਤਾਂ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਲਿਆ ਸੀ। ਦੂਸਰੇ ਪਾਸੇ ਰਾਮ ਰਾਇ ਦੇ ਅਨੁਆਈ ਬਹੁਤ ਤੇਜ਼ੀ ਨਾਲ ਘਟਣ ਲੱਗੇ ਅਤੇ ਪੰਜਾਬ ਵਿਚ ਉਸ ਦਾ ਪ੍ਰਭਾਵ ਖਤਮ ਹੋਣ ਲੱਗਾ। ਰਾਮ ਰਾਇ ਦਾ ਮੁੱਖ ਪ੍ਰਚਾਰਕ ਸਥਾਨ ਲਾਹੌਰ ਸੀ, ਜਿਥੇ ਅੱਜ ਵੀ ਉਸ ਦਾ ਆਸ਼ਰਮ ਸਥਿਤ ਹੈ। ਇਸ ਆਸ਼ਰਮ ਵਿਚ ਰਾਮ ਰਾਇ ਦੇ ਅਨੁਆਈ ਮਿਸ਼ਨਰੀ ਸਿੱਖਿਆ ਲਈ ਆਉਂਦੇ ਹਨ ਅਤੇ ਧਰਮ ਗ੍ਰੰਥਾਂ ਦਾ ਅਧਿਐਨ ਕਰਦੇ ਹਨ।

ਰਾਮ ਰਾਇ ਨੇ ਸਿੱਖਾਂ ਦਾ ਵਿਸ਼ਵਾਸ ਗੁਆਉਣ ਤੇ ਦਿੱਲੀ ਦਰਬਾਰ ਵਿਚ ਜਾ ਕੇ ਔਰੰਗਜ਼ੇਬ ਅੱਗੇ ਫਰਿਆਦ ਕੀਤੀ ਕਿ 'ਵੱਡਾ ਹੋਣ ਕਾਰਨ ਗੁਰਤਾਗੱਦੀ 'ਤੇ ਮੇਰਾ ਹੱਕ ਹੈ। ਮੇਰੇ ਨਾਲ ਪਿਤਾ ਨੇ ਧੱਕਾ ਕੀਤਾ ਹੈ। ਬਾਦਸ਼ਾਹ ਆਲਮਗੀਰ, ਮੈਂ ਆਪ ਜੀ ਦਾ ਵਫ਼ਾਦਾਰ ਹਾਂ ਤੇ ਅੱਗੇ ਤੋਂ ਵੀ ਤੁਸਾਂ ਦਾ ਰਿਣੀ ਰਹਾਂਗਾ। ਗੁਰਤਾ ਦਾ ਹੱਕ ਮੇਰਾ ਹੈ।' ਔਰੰਗਜ਼ੇਬ ਬੜਾ ਚਲਾਕ ਸੀ। ਉਸ ਨੇ ਸੋਚਿਆ ਜੇ ਮੇਰੇ ਵਫ਼ਾਦਾਰ ਨੂੰ ਗੁਰਤਾਗੱਦੀ ਮਿਲ ਜਾਵੇਗੀ, ਮੈਂ ਸਾਰੀ ਲੋਕਾਈ ਦਾ ਧਰਮ-ਪਰਿਵਰਤਨ ਬੜੀ ਅਸਾਨੀ ਨਾਲ ਕਰ ਸਕਦਾ ਹਾਂ। ਇਸ ਤੋਂ ਇਲਾਵਾ ਦੋਨਾਂ ਭਰਾਵਾਂ ਨੂੰ ਦੋਫਾੜ ਕਰਕੇ ਉਹ ਉਹਨਾਂ ਦੀ ਸ਼ਕਤੀ ਨੂੰ ਘਟਾ ਸਕਦਾ ਸੀ ਤੇ ਆਪਣੀ ਇੱਛਾ ਦੀ ਪੂਰਤੀ ਕਰ ਸਕਦਾ ਸੀ।

### 4.5.1 ਔਰੰਗਜ਼ੇਬ ਦੀ ਚਾਲ

ਬਾਦਸ਼ਾਹ ਦਾ ਅਸਲ ਉਦੇਸ਼ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਕੇ ਸਿੱਖੀ ਪ੍ਰਸਾਰ ਉਪਰ ਰੋਕ ਲਾਉਣਾ ਸੀ। ਉਸ ਨੇ ਮਿਰਜਾ ਰਾਜਾ ਜੈ ਸਿੰਘ ਨੂੰ ਸ਼ਾਹੀ ਹੁਕਮ ਭੇਜ ਦਿੱਤਾ ਕਿ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਲੈ ਕੇ ਆਵੇ ਤੇ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਨ ਦਾ ਉਚਿੱਤ ਪ੍ਰਬੰਧ ਕਰੇ। ਰਾਮ ਰਾਇ ਅਤੇ ਉਸ ਦੇ ਮਸੰਦ ਗੁਰਬਖਸ਼, ਤਾਰਾ ਅਤੇ ਗੁਰਦਾਸ, ਬਾਦਸ਼ਾਹ ਦਾ ਹੁਕਮ ਸੁਣ ਕੇ ਬਹੁਤ ਖੁਸ਼ ਹੋਏ। ਉਹ ਇਸ ਨੂੰ ਵੱਡੀ ਜਿੱਤ ਮੰਨ ਰਹੇ ਸਨ। ਉਹਨਾਂ ਅਨੁਸਾਰ ਪਹਿਲਾ, ਜੇਕਰ ਗੁਰੂ ਜੀ ਬਾਦਸ਼ਾਹ ਨੂੰ ਮਿਲਦੇ ਹਨ ਤਾਂ ਉਹ ਆਪਣੇ ਗੁਰੂ ਪਿਤਾ ਨਾਲ ਕੀਤਾ ਵਾਅਦਾ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ" ਤੋੜ ਦੇਣਗੇ। ਜਿਸ ਨਾਲ ਸਿੱਖ ਸੰਗਤਾਂ ਵਿਚ ਉਨ੍ਹਾ ਦੀ ਇੱਜ਼ਤ ਘੱਟ ਜਾਵੇਗੀ। ਦੂਸਰਾ, ਜੇਕਰ ਉਹ ਦਿੱਲੀ ਆ ਕੇ ਬਾਦਸ਼ਾਹ ਨੂੰ ਨਹੀਂ ਮਿਲਦੇ ਤਾਂ ਬਾਦਸ਼ਾਹ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਜੇਲ ਵਿਚ ਸੁੱਟ ਦੇਵੇਗਾ। ਜਿਸ ਕਾਰਨ ਉਨ੍ਹਾ ਦਾ ਸਿੱਖਾਂ ਨਾਲੋਂ ਸੰਬੰਧ ਟੁੱਟ ਜਾਵੇਗਾ। ਤੀਸਰਾ, ਜੇਕਰ ਗੁਰੂ ਜੀ ਕੀਰਤਪੁਰ ਹੀ ਰਹਿੰਦੇ ਹਨ ਤਾਂ ਬਾਦਸ਼ਾਹ ਦੀ ਹੁਕਮ ਅਦੂਲੀ ਕਾਰਨ ਉਹ ਉਸ ਦੇ ਗੁੱਸੇ ਦਾ ਸ਼ਿਕਾਰ ਹੋ ਜਾਣਗੇ। ਤਿੰਨਾਂ ਹਾਲਤਾਂ ਵਿਚ ਫਾਇਦਾ ਰਾਮ ਰਾਇ ਦਾ ਹੀ ਹੋਵੇਗਾ। ਪਰ ਉਹ ਨਹੀਂ ਸੀ ਜਾਣਦਾ ਕਿ ਬਾਦਸ਼ਾਹ ਦੇ ਆਪਣੇ ਮਨਸੂਬੇ ਸਨ, ਜਿਹਨਾਂ ਦਾ ਉਹ ਸ਼ਿਕਾਰ ਹੋ ਗਿਆ ਸੀ। ਦਿੱਲੀ ਦੀ ਸੰਗਤ ਨੇ ਰਾਜਾ ਜੈ ਸਿੰਘ ਨੂੰ ਗੁਰੂ ਜੀ ਬਾਰੇ ਆਪਣੇ ਖਿਆਲਾਂ ਤੋਂ ਵਾਕਿਫ ਕਰਵਾਉਂਦੇ ਹੋਏ ਕੋਈ ਹੱਲ ਕੱਢਣ ਲਈ ਬੇਨਤੀ ਕੀਤੀ। ਰਾਜਾ ਜੈ ਸਿੰਘ ਸ਼ਾਹੀ ਦਰਬਾਰ ਵਿਚ ਖਾਸ ਰੁਤਬਾ ਰੱਖਦਾ ਸੀ ਅਤੇ ਗੁਰੂ ਜੀ ਦਾ ਸ਼ਰਧਾਲੂ ਵੀ ਸੀ। ਉਸ ਨੇ ਬਾਦਸ਼ਾਹ ਦੇ ਹੁਕਮ ਦੀ ਤਾਮੀਲ ਕਰਦੇ ਹੋਏ ਆਪਣੇ ਦੀਵਾਨ ਪਰਸ ਰਾਮ ਨੂੰ ਗੁਰੂ ਜੀ ਕੋਲ ਖਾਸ ਤੋਹਫਿਆਂ ਅਤੇ ਸੱਦੇ ਪੱਤਰ ਸਹਿਤ ਭੇਜਿਆ ਅਤੇ ਗੁਰੂ ਜੀ ਦੇ ਰਹਿਣ ਦਾ ਉਚੇਚਾ ਪ੍ਰਬੰਧ ਕੀਤਾ। ਰਾਜੇ ਦੇ ਦੂਤ ਨੇ ਔਰੰਗਜ਼ੇਬ ਦੇ ਪਰਵਾਨੇ ਅਤੇ ਰਾਜੇ ਦੇ ਉਪਹਾਰਾਂ ਨੂੰ ਗੁਰੂ ਜੀ ਅੱਗੇ ਭੇਟ ਕਰਦੇ ਹੋਏ ਕੁਝ ਨੁਕਤੇ ਦ੍ਰਿਸ਼ਟੀਗੋਚਰ ਕੀਤੇ- ਉਸ ਅਨੁਸਾਰ ਗੁਰੂ ਜੀ ਦੀ ਆਮਦ ਨਾਲ ਰਾਮ ਰਾਇ ਅਤੇ ਉਸ ਦੇ ਮਸੰਦਾਂ ਦੇ ਪ੍ਰਭਾਵ ਨੂੰ ਠੱਲ ਪੈ ਜਾਵੇਗੀ। ਸਿੱਖਾਂ ਵਿਚ ਨਵੀਂ ਸ਼ਕਤੀ ਪੈਦਾ ਹੋਵੇਗੀ। ਇਸ ਦੇ ਨਾਲ ਹੀ ਬਾਦਸ਼ਾਹ ਨੂੰ ਇਹ ਅੰਦਾਜ਼ਾ ਹੋ ਜਾਵੇਗਾ ਕਿ ਸਿੱਖ ਆਪਣੇ ਗੁਰੂ ਪ੍ਰਤੀ ਕਿੰਨੀ ਸ਼ਰਧਾ ਰੱਖਦੇ ਹਨ ਅਤੇ ਗੁਰੂ ਜੀ ਨੂੰ ਨੁਕਸਾਨ ਪਹੁੰਚਾ ਕੇ ਉਹ ਆਪਣੇ ਲਈ ਭਾਰੀ ਬਖੇੜਾ ਖੜ੍ਹਾ ਕਰ ਸਕਦਾ ਹੈ। ਗੁਰੂ ਜੀ ਨੇ ਉਸ ਦੇ ਨੁਕਤਿਆਂ ਨੂੰ ਬੜ੍ਹੇ ਧਿਆਨ ਨਾਲ ਸੁਣਿਆ। ਉਹ ਪ੍ਰਤੀਨਧੀ ਗੁਰੂ ਜੀ ਦੇ ਆਤਮ-ਵਿਸ਼ਵਾਸ, ਨਿਡਰਤਾ ਅਤੇ ਦ੍ਰਿੜ ਇਰਾਦੇ ਤੋਂ ਬਹੁਤ ਪ੍ਰਭਾਵਿਤ ਹੋਇਆ। ਫਿਰ ਗੁਰੂ ਜੀ ਨੇ ਦਿੱਲੀ ਜਾਣ ਦੇ ਪ੍ਰਬੰਧ ਕਰਨ ਦੀ ਆਗਿਆ ਦਿੱਤੀ। ਭਾਵੇਂ ਰਾਜਾ ਜੈ ਸਿੰਘ ਨੇ ਗੁਰੂ ਜੀ ਲਈ ਉਚਿਤ ਇੰਤਜ਼ਾਮ ਕੀਤਾ ਸੀ, ਪਰ ਉਹ ਗੁਰੂ ਸਾਹਿਬ ਦੇ ਆਪਣੇ ਗੁਰੂ ਪਿਤਾ ਨਾਲ ਕੀਤੇ ਵਾਅਦੇ ਬਾਰੇ ਨਹੀਂ ਜਾਣਦਾ ਸੀ ਕਿ ਗੁਰੂ ਜੀ ਖੁਦ ਅਤੇ ਸਿੱਖ ਸੰਗਤ ਨੂੰ ਕਦੇ ਵੀ ਦਿੱਲੀ ਦੇ ਸ਼ਾਸਕਾਂ ਦੇ ਹੱਥਾਂ ਦਾ ਰਾਜਨੀਤਿਕ ਖਿਡੌਣਾ ਨਹੀਂ ਬਣਨ ਦੇਣਗੇ ਅਤੇ ਖੁਦ ਵੀ ਮੁਗ਼ਲ ਦਰਬਾਰ ਤੋਂ ਦੂਰ ਰਹਿਣ ਦੇ ਨਾਲ-ਨਾਲ ਬਾਦਸ਼ਾਹ ਦੇ ਸਨਮੁਖ ਨਹੀਂ ਹੋਣਗੇ।

ਗੁਰੂ ਜੀ ਮਾਤਾ ਸੁਲੱਖਣੀ ਅਤੇ ਸਿੱਖ ਸੰਗਤ ਸਮੇਤ ਦਿੱਲੀ ਜਾਣ ਲਈ ਤਿਆਰ ਹੋਏ। ਆਪ ਜੀ ਨਾਲ ਦੀਵਾਨ ਦਰਗਾਹ ਮੱਲ ਅਤੇ ਉਨ੍ਹਾਂ ਦੇ ਭਤੀਜੇ ਭਾਈ ਮਤੀ ਦਾਸ ਅਤੇ ਸਤੀ ਦਾਸ ਤੋਂ ਇਲਾਵਾ ਭਾਈ ਜੇਠਾ, ਭਾਈ ਦਿਆਲਾ ਅਤੇ ਭਾਈ ਮਨੀ ਰਾਮ (ਮਨੀ ਸਿੰਘ) ਤਿੰਨੇ ਭਰਾ ਅਤੇ ਭਾਈ ਗੁਰਦਿੱਤਾ ਤੇ ਗੁਰਬਖਸ਼ ਮੱਲ ਵੀ ਦਿੱਲੀ ਲਈ ਰਵਾਨਾ ਹੋਏ। ਗੁਰੂ ਜੀ ਫਰਵਰੀ 1664 ਈ. ਵਿਚ ਕੀਰਤਪੁਰ ਤੋਂ ਰਵਾਨਾ ਹੋ ਕੇ ਬਨੂੜ ਨੇੜੇ ਦਿਆਲਪੁਰ ਪਹੁੰਚੇ ਜਿਥੇ ਆਪ ਜੀ ਆਪਣੀ ਭੈਣ ਰੂਪ ਕੌਰ ਨੂੰ ਅੰਤਿਮ ਵਾਰ ਮਿਲੇ। ਫਿਰ ਆਪ ਜੀ ਪੰਜੋਖਰੇ ਦੇ ਸਥਾਨ ਤੇ ਰੁਕੇ ਜਿਥੇ ਕਸ਼ਮੀਰ, ਕਾਬਲ ਅਤੇ ਪੇਸ਼ਾਵਰ ਤੋਂ ਆ ਰਹੀ ਸਿੱਖ ਸੰਗਤ ਨੇ ਆਪ ਜੀ ਦੇ ਦਰਸ਼ਨ ਕੀਤੇ ਅਤੇ ਕੀਮਤੀ ਉਪਹਾਰ ਭੇਟ ਕੀਤੇ। ਇਹ ਸੰਗਤ ਵਿਸਾਖੀ ਦੇ ਮੌਕੇ ਤੇ ਕੀਰਤਪੁਰ ਜਾ ਰਹੀ ਸੀ, ਪਰ ਗੁਰੂ ਸਾਹਿਬ ਨੇ ਰਸਤੇ ਵਿਚ ਹੀ ਉਹਨਾਂ ਦੇ ਮਨ ਦੀ ਇੱਛਾ ਪੂਰੀ ਕਰ ਦਿੱਤੀ।

### 4.6 ਪੰਡਿਤ ਲਾਲ ਚੰਦ ਨਾਲ ਵਾਰਤਾ

ਪੰਜੋਖਰੇ ਵਿਚ ਲਾਲ ਚੰਦ ਨਾਮ ਦਾ ਇਕ ਹੰਕਾਰੀ ਪੰਡਿਤ ਰਹਿੰਦਾ ਸੀ ਜਿਸਨੂੰ ਆਪਣੀ ਉੱਚੀ ਜਾਤ ਅਤੇ ਗਿਆਨ ਦਾ ਬਹੁਤ ਹੰਕਾਰ ਸੀ। ਉਹ ਗੁਰੂ ਜੀ ਨੂੰ ਆ ਕੇ ਮਿਲਿਆ ਅਤੇ ਬੜ੍ਹੇ ਵਿਅੰਗਾਤਮਕ ਢੰਗ ਨਾਲ ਕਹਿਣ ਲੱਗਾ ਕਿ ਸੁਣਿਆ ਹੈ ਤੁਸੀਂ ਗੁਰੂ ਨਾਨਕ ਦੀ ਅਧਿਆਤਮਕ ਗੱਦੀ ਦੇ ਵਾਰਿਸ ਹੋ। ਤੁਹਾਡਾ ਨਾਮ ਹਰਿਕ੍ਰਿਸ਼ਨ ਹੈ। ਦੁਆਪਰ ਵਿਚ ਸ਼੍ਰੀ ਕ੍ਰਿਸ਼ਨ ਨੇ ਗੀਤਾ ਰਚੀ ਸੀ। ਕੀ ਤੁਸੀਂ ਵੀ ਉਸ ਬਾਰੇ ਕੁਝ ਜਾਣਦੇ ਹੋ? ਗੁਰੂ ਜੀ ਨੇ ਇਕ ਫਟੇ-ਪੁਰਾਣੇ ਕੱਪੜਿਆਂ ਵਿਚ ਮੈਲੇ-ਕੁਚੈਲੇ ਛੱਜੂ ਝਿਊਰ ਨੂੰ ਪੰਡਿਤ ਦੇ ਸਵਾਲਾਂ ਦਾ ਜਵਾਬ ਦੇਣ ਲਈ ਕਿਹਾ। ਉਸ ਅਨਪੜ੍ਹ ਛੱਜੂ ਨੇ ਗੀਤਾ ਦਾ ਸਾਰ ਬਹੁਤ ਸਰਲ ਅਰਥਾਂ ਵਿਚ ਕਰ ਕੇ ਲਾਲ ਚੰਦ ਨੂੰ ਹੈਰਾਨ ਕਰ ਦਿੱਤਾ। ਗੁਰੂ ਸਾਹਿਬ ਨੇ ਲਾਲ ਚੰਦ ਨੂੰ ਸਮਝਾਇਆ ਕਿ ਗਿਆਨ ਕਿਸੇ ਉੱਚ ਜਾਤੀ ਦਾ ਏਕਾਧਿਕਾਰ ਨਹੀਂ ਹੈ ਸਗੋਂ ਇਸ ਨੂੰ ਕੋਈ ਵੀ ਪਿਆਰ ਨਾਲ ਹਾਸਿਲ ਕਰ ਸਕਦਾ ਹੈ। ਪੰਡਿਤ ਲਾਲ ਚੰਦ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ ਅਤੇ ਮਾਫੀ ਮੰਗ ਕੇ ਸਿੱਖ ਬਣ ਗਿਆ। ਉਹ ਗੁਰੂ ਜੀ ਨਾਲ ਕੁਰੂਕਸ਼ੇਤਰ ਤੱਕ ਗਿਆ। ਬਾਅਦ ਵਿਚ ਇਹ ਲਾਲ ਚੰਦ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਕੇ ਚਮਕੌਰ ਦੀ ਜੰਗ ਵਿਚ 1705 ਈ. ਵਿਚ ਸ਼ਹੀਦ ਹੋਇਆ।

## 4.7 ਗੁਰੂ ਸਾਹਿਬ ਦਿੱਲੀ ਵਿਚ

ਕੁਰੂਕਸ਼ੇਤਰ ਤੋਂ ਚੱਲ ਕੇ ਗੁਰੂ ਸਾਹਿਬ ਕਰਨਾਲ, ਪਾਣੀਪਤ ਤੋਂ ਹੁੰਦੇ ਹੋਏ ਦਿੱਲੀ ਪਹੁੰਚੇ। ਰਾਜਾ ਜੈ ਸਿੰਘ, ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਨੇ ਗੁਰੂ ਸਾਹਿਬ ਦਾ ਭਰਪੂਰ ਸੁਆਗਤ ਕੀਤਾ ਅਤੇ ਸਿੱਖ ਸੰਗਤਾਂ ਸਮੇਤ ਆਪ ਜੀ ਦਾ ਉਤਾਰਾ ਆਪਣੇ ਸੈਨਿਕ ਕੇਂਦਰ ਜੈਸਿੰਘਪੁਰਾ ਵਿਖੇ ਕਰਵਾਇਆ। ਰਾਜਾ ਗੁਰੂ ਜੀ ਦੇ ਉੱਚ ਇਖਲਾਕੀ ਕਿਰਦਾਰ ਅਤੇ ਸ਼ਾਂਤ ਸੁਭਾਅ ਤੋਂ ਬਹੁਤ ਪ੍ਰਭਾਵਿਤ ਹੋਇਆ। ਦੂਸਰੇ ਪਾਸੇ ਉਹ ਰਾਮ ਰਾਇ ਦੇ ਕਪਟੀ, ਸੁਆਰਥੀ ਅਤੇ ਧੋਖੇਬਾਜ ਸੁਭਾਅ ਤੋਂ ਵੀ ਜਾਣੂ ਸੀ। ਗੁਰੂ ਜੀ ਦੁਨਿਆਵੀ ਖਾਹਿਸ਼ਾਂ ਤੋਂ ਨਿਰਲੇਪ ਸਨ। ਰਾਜਾ ਜੈ ਸਿੰਘ ਨਿੱਜੀ ਤੌਰ 'ਤੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਿਹਾ। ਇਕ ਦਿਨ ਰਾਜਾ ਜੈ ਸਿੰਘ ਦੀ ਰਾਣੀ ਨੇ ਸਤਿਗੁਰਾਂ ਦੇ ਦੀਦਾਰ ਦੀ ਤਾਂਘ ਪ੍ਰਗਟ ਕੀਤੀ ਤਾਂ ਰਾਜੇ ਨੇ ਗੁਰੂ ਜੀ ਨੂੰ ਮਹਿਲ ਵਿਚ ਬੁਲਾ ਲਿਆ। ਰਾਣੀ ਨੇ ਗੁਰੂ ਜੀ ਦੀ ਦਿੱਬ ਦ੍ਰਿਸ਼ਟੀ ਨੂੰ ਪਰਖਣ ਲਈ ਆਪ ਗੋਲੀਆਂ ਵਾਲੇ ਕੱਪੜੇ ਪਾ ਲਏ ਤੇ ਉਨ੍ਹਾਂ ਵਿਚ ਹੀ ਬੈਠ ਗਈ। ਗੁਰੂ ਜੀ ਨੇ ਆਪਣੀ ਛੜੀ ਰਾਣੀ ਦੇ ਸਿਰ 'ਤੇ ਰੱਖ ਕੇ ਚਿਹਰੇ ਵੱਲ ਗਹੁ ਨਾਲ ਵੇਖਿਆ ਤੇ ਕਿਹਾ, 'ਇਹ ਹੈ ਪਟਰਾਣੀ'। ਗੁਰੂ ਜੀ ਨੇ ਰਾਣੀ ਤੇ ਰਾਜੇ ਦੇ ਮਨੋਰਥ ਪੂਰੇ ਕੀਤੇ। ਰਾਜਾ ਜੈ ਸਿੰਘ ਬਾਲ-ਗੁਰੂ ਦੀ ਆਤਮਿਕ ਉੱਚਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਹੁਣ ਗੁਰੂ ਦਰਬਾਰ ਵਿਚ ਰੋਜ਼ਾਨਾ ਹਰਿ-ਜਸ ਤੇ ਕੀਰਤਨ ਹੋਣ ਲੱਗਾ। ਦਿੱਲੀ ਦੀਆਂ ਸੰਗਤਾਂ ਹੁੰਮ-ਹੁਮਾ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਆਣ ਜੁੜਦੀਆਂ ਤੇ ਸਤਿਸੰਗ ਦਾ ਲਾਭ ਉਠਾ ਕੇ ਨਿਹਾਲ ਹੁੰਦੀਆਂ। ਗੁਰੂ ਜੀ ਨਾਮ ਬਾਣੀ ਦੇ ਉਪਦੇਸ਼ ਦੁਆਰਾ ਸੰਸਾਰੀ ਜੀਵਾਂ ਦੇ ਤਨ-ਮਨ ਦੇ ਅਸਾਧ ਰੋਗ ਦੂਰ ਕਰਦੇ ਸਨ। ਆਪ ਜੀ ਦਾ ਜੀਵਨ, ਚਿੰਤਨ, ਉਪਦੇਸ਼ ਤੇ ਸੰਦੇਸ਼ ਸ਼ੁਧ ਰੂਪ ਵਿਚ ਗੁਰਬਾਣੀ ਸੱਚ ਤੇ ਗੁਰਮਤਿ ਰੰਗ ਵਾਲਾ ਹੀ ਸੀ। ਗੁਰੂ ਜੀ ਨੇ ਵਰਣ ਵੰਡ ਦੇ ਸਿਧਾਂਤ ਦਾ ਸਖਤੀ ਨਾਲ ਵਿਰੋਧ ਕੀਤਾ, ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੱਤੀ, ਇਸਤਰੀ ਨੂੰ ਸਮਾਜ ਵਿਚ ਸਤਿਕਾਰ ਦਿੱਤਾ, ਕੁੜੀ ਮਾਰਨ ਵਾਲਿਆਂ ਦਾ ਗੁਰੂ-ਦਰਬਾਰ ਵਿਚ ਆਉਣਾ ਮਨ੍ਹਾ ਕਰ ਦਿੱਤਾ, ਨਸ਼ਿਆਂ ਦੀ ਵਰਤੋਂ ਨਾ ਕਰਨ 'ਤੇ ਜ਼ੋਰ ਦਿੱਤਾ, ਆਦਿ। ਆਪ ਜੀ ਨੇ ਉਨ੍ਹਾਂ ਸਾਰੇ ਉਦੇਸ਼ਾਂ ਤੇ ਆਦਰਸ਼ਾਂ ਉੱਤੇ ਨਿੱਡਰਤਾ ਨਾਲ ਪਹਿਰਾ ਦਿੱਤਾ, ਜਿਹੜੇ ਗੁਰੂ ਸੰਸਥਾ ਅਤੇ ਸਿੱਖ ਲਹਿਰ ਦੇ ਮਿਥੇ ਗਏ ਸਨ। ਚੂੰਕਿ ਜੋਤਿ ਤੇ ਜੁਗਤਿ ਇੱਕੋ ਸੀ, ਬਾਣੀ ਤੇ ਬੋਲ ਇੱਕੋ ਸੀ, ਦ੍ਰਿਸ਼ਟ ਤੇ ਚਿੰਤਨ ਇੱਕੋ ਸੀ, ਆਦੇਸ਼ ਤੇ ਉਪਦੇਸ਼ ਇੱਕੋ ਜਿਹਾ ਸੀ, ਇਸ ਲਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਮਕਾਲੀ ਸਮਾਜਿਕ ਸਥਿਤੀ ਨੂੰ ਸੋਧਣ ਵਾਸਤੇ ਜਿਹੜੇ ਉਪਦੇਸ਼ ਦਿੱਤੇ, ਉਹ ਇੰਨੇ ਸੁਧਾਰ ਵਾਲੇ, ਸਾਰਥਕ ਤੇ ਸਿਰਜਨਾਤਮਕ ਸਨ ਕਿ ਸਮਕਾਲੀ ਸਮਾਜ ਨੂੰ ਪਵਿੱਤਰ ਤੇ ਆਦਰਸ਼ਕ ਸਿਰਜਣ ਵਿਚ ਵੀ ਉਹ ਬੜੇ ਸਹਾਇਕ ਹੋਏ। ਨਿਰਸੰਦੇਹ, ਸਿੱਖ ਧਰਮ ਦੇ ਪ੍ਰਚਾਰ ਤੇ ਵਿਸਥਾਰ ਵਿਚ ਆਪ ਜੀ ਨੇ ਇਤਿਹਾਸਕ ਰੋਲ ਅਦਾ ਕੀਤਾ।

ਦਿੱਲੀ ਦੀ ਸੰਗਤ ਗੁਰੂ ਜੀ ਦੇ ਉਪਦੇਸ਼ ਸੁਣ ਕੇ ਨਿਹਾਲ ਹੋ ਗਈ। ਆਪ ਜੀ ਰੋਜ਼ਾਨਾ ਨਾਮ ਦਾਰੂ ਨਾਲ ਆਮ ਲੋਕਾਂ ਦੇ ਦੁੱਖ-ਤਕਲੀਫਾਂ ਦੂਰ ਕਰਨ ਲੱਗੇ। ਸ਼ਹਿਜ਼ਾਦਾ ਮੁਅੱਜ਼ਮ ਗੁਰੂ ਜੀ ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਅਤੇ ਉਸ ਨੇ ਬਾਦਸ਼ਾਹ ਪਾਸ ਗੁਰੂ ਜੀ ਦੀ ਬਹੁਤ ਤਾਰੀਫ ਕੀਤੀ। ( McAuliffe, The Sikh Religion, Vol.IV, p. 322-23)

### 4.7.1 ਦਿੱਲੀ ਵਿਚ ਗੁਰੂ ਜੀ ਦੀ ਮਹਿਮਾ

ਇਕ ਹਫਤੇ ਵਿਚ ਹੀ ਗੁਰੂ ਸਾਹਿਬ ਦੀ ਪ੍ਰਸਿੱਧੀ ਦਿੱਲੀ ਵਿਚ ਦੂਰ-ਦੂਰ ਤੱਕ ਫੈਲ ਗਈ। ਲੋਕ ਗੁਰੂ ਜੀ ਪਾਸ ਆ ਕੇ ਨਿਹਾਲ ਹੋਣ ਲੱਗੇ। ਦਿੱਲੀ ਦੇ ਸਿੱਖਾਂ ਦੀ ਮਦਦ ਨਾਲ ਦੀਵਾਨ ਦਰਗਾਹ ਮੱਲ ਨੇ ਕੁੱਝ ਸਿੱਖਾਂ ਸਮੇਤ ਗੁਰੂ ਜੀ ਦਾ ਉਪਦੇਸ਼ ਨਾਲ ਲੱਗਦੇ ਇਲਾਕਿਆਂ ਵਿਚ ਪਹੁੰਚਾਉਣ ਤੋਂ ਇਲਾਵਾ ਰਾਮ ਰਾਇ ਅਤੇ ਉਸ ਦੇ ਮਸੰਦਾਂ ਦੀਆਂ ਬਦਨੀਤੀਆਂ ਤੋਂ ਸਿੱਖਾਂ ਨੂੰ ਜਾਣੂ ਕਰਵਾਇਆ। ਔਰੰਗਜ਼ੇਬ ਦੇ ਖਬਰ ਨਵੀਸਾਂ ਨੇ ਵੀ ਗੁਰੂ ਜੀ ਦੀ ਦਿਆਲਤਾ ਅਤੇ ਕੋਮਲ ਸੁਭਾਅ ਦੀ ਬਾਦਸ਼ਾਹ ਪਾਸ ਬਹੁਤ ਪ੍ਰਸੰਸਾ ਕੀਤੀ। ਰਾਜਾ ਜੈ ਸਿੰਘ ਨੇ ਵੀ ਬਾਦਸ਼ਾਹ ਨੂੰ ਸਮਝਾਇਆ ਕਿ ਗੁਰਗੱਦੀ ਹਮੇਸ਼ਾਂ ਕਿਸੇ ਲਾਇਕ ਅਤੇ ਯੋਗ ਵਿਅਕਤੀ ਨੂੰ ਸੌਂਪੀ ਜਾਂਦੀ ਰਹੀ ਹੈ। ਇਹ ਜੱਦੀ ਚੀਜ਼ ਨਹੀਂ ਹੈ। ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ ਪੰਜਾਬ ਅਤੇ ਬਾਕੀ ਇਲਾਕਿਆਂ ਦੇ ਸਿੱਖਾਂ ਨੇ ਵੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਆਪਣਾ ਅੱਠਵਾਂ ਗੁਰੂ ਸਵੀਕਾਰ ਕਰ ਲਿਆ ਹੈ। ਸੱਤਵੇਂ ਗੁਰੂ ਆਪਣੇ ਜੀਵਨ-ਕਾਲ ਵਿਚ ਹੀ ਆਪਣਾ ਉਤਰਾਧਿਕਾਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਣਾ ਗਏ ਸਨ। ਰਾਜਾ ਜੈ ਸਿੰਘ ਅਤੇ ਉਸ ਦੀ ਪਤਨੀ ਅਤੇ ਦਿੱਲੀ ਦੀ ਸਿੱਖ ਸੰਗਤ ਤੋਂ ਇਹ ਪ੍ਰਸੰਸਾ ਸੁਣ ਕੇ ਬਾਦਸ਼ਾਹ ਨੇ ਰਾਮ ਰਾਇ ਦੇ ਦਾਅਵੇ ਨੂੰ ਖਾਰਿਜ ਕਰ ਦਿੱਤਾ। ਪਰ ਉਸ ਨੇ ਆਪਣਾ ਇਹ ਫੈਸਲਾ ਜਨਤਕ ਨਹੀਂ ਕੀਤਾ ਕਿਉਂਕਿ ਉਹ ਦੋਹਾਂ ਧਿਰਾਂ ਨੂੰ ਆਪਣੇ ਅੰਗੂਠੇ ਹੇਠਾਂ ਰੱਖਣਾ ਚਾਹੁੰਦਾ ਸੀ। ( Malcom, J., Sketch of the Sikhs, p.9)

ਇਸ ਲਈ ਉਸ ਨੇ ਰਾਮ ਰਾਇ ਨੂੰ ਦੂਨ ਦੀਆਂ ਪਹਾੜੀਆਂ ਵਿਚ 7 ਪਿੰਡਾਂ ਦੀ ਜਾਗੀਰ ਦੇ ਦਿੱਤੀ ਜਿਥੇ ਰਾਮ ਰਾਇ ਨੇ ਆਪਣਾ ਦੇਹਰਾ ਬਣਾ ਲਿਆ। ਇਸ ਕੇਂਦਰ ਦੁਆਲੇ ਬਾਅਦ ਵਿਚ ਦੇਹਰਾਦੂਨ ਨਾਮਕ ਸ਼ਹਿਰ ਵਿਕਸਿਤ ਹੋ ਗਿਆ। ਗੁਰੂ ਜੀ ਨੇ ਗਰੀਬਾਂ, ਬੇਸਹਾਰਾ ਅਤੇ ਮਜ਼ਲੂਮਾਂ ਦੀ ਹਰ ਪ੍ਰਕਾਰ ਸਹਾਇਤਾ ਕੀਤੀ। ਉਸੇ ਸਮੇਂ ਦਿੱਲੀ ਵਿਚ ਹੈਜ਼ੇ ਦੀ ਬਿਮਾਰੀ ਫੈਲ ਗਈ। ਮੁਗ਼ਲ ਦਰਬਾਰ ਦੇ ਪ੍ਰਬੰਧਾਂ ਦੇ ਬਾਵਜੂਦ ਇਸ ਨੂੰ ਠੱਲ ਨਾ ਪੈ ਸਕੀ। ਗੁਰੂ ਜੀ ਆਪਣੇ ਵੈਦ-ਹਕੀਮਾਂ ਦੀ ਮਦਦ ਨਾਲ ਪੀੜਿਤ ਵਿਅਕਤੀਆਂ ਦੀ ਮਦਦ ਕਰਨ ਲੱਗੇ। ਉਹ ਨਾਮ ਦਾ ਦਾਨ ਦੇ ਕੇ ਦੁਖੀ ਲੋਕਾਂ ਦੇ ਹਿਰਦੇ ਠਾਰਦੇ। ਲੋਕ ਵਿਸ਼ਵਾਸ ਅਤੇ ਆਸ ਨਾਲ ਭਰ ਜਾਂਦੇ। ਉਹ ਹਰੇਕ ਨੂੰ ਬਹੁਤ ਪਿਆਰ ਨਾਲ ਮਿਲਦੇ। ਗੁਰੂ ਜੀ ਮਹਾਨ ਰੋਗ ਨਿਵਾਰਕ ਵਜੋਂ ਵੇਖਿਆ ਜਾਣ ਲੱਗਾ।

ਅਜੇ ਹੈਜ਼ੇ ਦੀ ਬਿਮਾਰੀ ਨੂੰ ਠੱਲ ਨਹੀਂ ਪਈ ਸੀ ਕਿ ਚੇਚਕ ਦੀ ਭਿਆਨਕ ਬਿਮਾਰੀ ਨੇ ਦਿੱਲੀ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ। ਲੋਕ ਦਰਦ ਨਾਲ ਕਰਾਹੁਣ ਲੱਗੇ ਅਤੇ ਮੌਤਾਂ ਦੀ ਗਿਣਤੀ ਵੱਧਣ ਲੱਗੀ। ਸਥਿਤੀ ਬਹੁਤ ਚਿੰਤਾਜਨਕ ਹੋ ਗਈ। ਅਜਿਹੀ ਸਥਿਤੀ ਵਿਚ ਵੀ ਗੁਰੂ ਜੀ ਆਪ ਲੋਕਾਂ ਦੀਆਂ ਪੀੜਾਂ ਹਰਨ ਲਈ ਘਰਾਂ ਵਿਚ ਜਾਂਦੇ ਤੇ ਆਪਣੇ ਹੱਥੀਂ ਸੇਵਾ ਕਰਕੇ ਦੁਖੀਆਂ ਦੇ ਦੁੱਖ ਦੂਰ ਕਰਦੇ ਸਨ।

### 4.8 ਜੋਤੀ-ਜੋਤਿ ਸਮਾਉਣਾ

ਦਿਨ-ਰਾਤ ਚੇਚਕ ਨਾਲ ਪੀੜਤ ਰੋਗੀਆਂ ਵਿਚ ਵਿਚਰਨ ਕਾਰਨ ਅਤੇ ਅਕਾਲ ਪੁਰਖ ਦੇ ਭਾਣੇ ਅਨੁਸਾਰ ਗੁਰੂ ਜੀ ਉਪਰ ਇਸ ਬਿਮਾਰੀ ਦਾ ਹਮਲਾ ਹੋ ਗਿਆ। ਰੋਗ ਵਧ ਜਾਣ ਕਾਰਨ ਸਿੱਖ ਸੰਗਤਾਂ ਵਿਚ ਘਬਰਾਹਟ ਪੈਦਾ ਹੋ ਗਈ। ਆਪ ਜੀ ਨੇ ਸ਼ਹਿਰ ਤੋਂ ਬਾਹਰਵਾਰ ਖੁਲ੍ਹੀ ਥਾਂ ’ਤੇ ਜਾਣ ਦੀ ਇੱਛਾ ਪ੍ਰਗਟ ਕੀਤੀ। ਆਪ ਜੀ ਜਮਨਾ ਦਰਿਆ ਦੇ ਕੰਢੇ ’ਤੇ ਰਮਣੀਕ ਸਥਾਨ ਤੇ ਚਲੇ ਗਏ ਤੇ ਕਾਦਰ ਦੀ ਕੁਦਰਤ ਵਿਚ ਅੰਤਲਾ ਸਮਾਂ ਬਿਤਾਇਆ। ਬਿਮਾਰੀ ਦੇ ਛੇਵੇਂ ਦਿਨ ਗੁਰੂ

ਜੀ ਦੀ ਹਾਲਤ ਬਹੁਤ ਵਿਗੜ ਗਈ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਮਾਤਾ ਜੀ ਅਤੇ ਸੰਗਤਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਫਿਰ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਪਿੱਛੋਂ ਕਿਸੇ ਨੇ ਰੋਣਾ ਨਹੀਂ, ਸਗੋਂ ਭਾਣੇ ਵਿਚ ਰਹਿ ਕੇ ਪਰਮਾਤਮਾ ਦਾ ਸਿਮਰਨ ਤੇ ਕੀਰਤਨ ਕਰਨਾ। ਸਿੱਖ ਸੰਗਤਾਂ ਨੇ ਗੁਰੂ ਜੀ ਨੂੰ ਅਗਲੇ ਗੁਰੂ ਬਾਰੇ ਪੁਛਿਆ ਤਾਂ ਆਪ ਜੀ ਨੇ ਪੰਜ ਪੈਸੇ, ਨਾਰੀਅਲ ਜਮੀਨ ਤੇ ਰੱਖ ਕੇ ਅਰਦਾਸ ਕੀਤੀ ਅਤੇ ਸੰਗਤਾਂ ਨੂੰ 'ਬਾਬਾ....ਬਕਾਲੇ' ਦਾ ਸੰਕੇਤ ਦਿੱਤਾ। ਇਸ ਉਪਰੰਤ ਆਪ ਜੀ 'ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ. 278.) ਗੁਰਵਾਕ ਅਨੁਸਾਰ 30 ਮਾਰਚ, 1664 ਈ. ਨੂੰ ਜੋਤੀ ਜੋਤਿ ਸਮਾਅ ਗਏ। ਗੁਰੂ ਜੀ ਨੂੰ ਅੰਤਿਮ ਇਸ਼ਨਾਨ ਕਰਵਾ ਕੇ ਫੁੱਲਾਂ ਨਾਲ ਸਜਾਇਆ ਗਿਆ। ਜਮਨਾ ਦੇ ਕੰਢੇ ਉਸੇ ਜਗ੍ਹਾ ਗੁਰੂ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ, ਜਿਥੇ ਗੁਰੂ ਸਾਹਿਬ ਨੇ ਪਹਿਲਾਂ ਪੜਾਅ ਕੀਤਾ ਸੀ।

## 4.9 ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਵਿਲੱਖਣ ਸ਼ਖ਼ਸੀਅਤ

ਸਿੱਖ ਗੁਰੂ ਪਰੰਪਰਾ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਹਾਨ ਸ਼ਖ਼ਸੀਅਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਰੱਬੀ ਜੋਤਿ ਦੀ ਨਦਰਿ ਇਕ ਬਾਲਕ ਨੂੰ ਵੀ ਇਲਾਹੀ ਜੋਤਿ ਦਾ ਵਾਰਸ ਬਣਾ ਸਕਦੀ ਹੈ। ਪ੍ਰੋ. ਜੋਗਿੰਦਰ ਸਿੰਘ ਦੇ ਸ਼ਬਦਾਂ ਵਿਚ - ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੀਵਨ ਬੜਾ ਵਚਿੱਤਰ, ਵਿਸ਼ੇਸ਼ਤਾ ਵਾਲਾ ਤੇ ਪ੍ਰਭਾਵਸ਼ਾਲੀ ਜੀਵਨ ਹੈ। ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਭਵ ਤੇ ਬਾਣੀ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬੜੇ ਸਮਰੱਥ, ਉੱਜਲ-ਦੀਦਾਰ ਤੇ ਸਭ ਦੁੱਖਾਂ ਦੀ ਨਵਿਰਤੀ ਕਰਨ ਵਾਲੇ ਹਨ ਤਾਂ ਸਮਕਾਲੀ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਭਰਮ ਅਤੇ ਭੈ ਤੋਂ ਮੁਕਤ ਵੀ ਹਨ। ਬਲਬੀਰ ਇੰਨੇ ਹਨ ਕਿ ਜੇ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨਾਲ ਵਾਦ ਰਚਾਉਣ ਦਾ ਸਮਾਂ ਬਣਿਆ ਹੈ ਤਾਂ ਪੂਰੇ ਸੂਰਮਿਆਂ ਤੇ ਬਹਾਦਰਾਂ ਵਾਂਗ ਨਾ ਜ਼ਾਲਮ ਔਰੰਗਜ਼ੇਬ ਨੂੰ ਦਰਸ਼ਨ ਦਿੱਤੇ ਹਨ ਤੇ ਨਾ ਹੀ ਉਸ ਦੀ ਹਕੂਮਤ ਦਾ ਕੋਈ ਡਰ ਸਵੀਕਾਰ ਕੀਤਾ ਹੈ। ਸਹੀ ਅਰਥਾਂ ਵਿਚ ਇਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਜੀਵਨ-ਵਚਿੱਤਰਤਾ ਹੈ ਕਿ ਬਾਲ ਉਮਰ ਵਿਚ ਦੁਖੀ ਤੇ ਰੋਗੀ ਮਨੁੱਖ ਦਾ ਭਰਪੂਰ ਹਮਦਰਦ ਹੋਣਾ ਅਤੇ ਸਮਕਾਲੀ ਤੇ ਜ਼ਾਲਮ ਹਕੂਮਤ ਦੇ ਭੈ ਤੋਂ ਆਜ਼ਾਦ ਹੋ ਕੇ ਗੁਰੂ-ਪਰੰਪਰਾ ਵਾਂਗ ਬਲਬੀਰ ਹੋ ਕੇ ਆਪਣੀ ਜੀਵਨ-ਕ੍ਰਿਆ ਨੂੰ ਉਜਾਗਰ ਕਰਨਾ ਹੀ ਨਹੀਂ, ਸਗੋਂ ਆਪਣੇ ਚਿੰਤਨ ਤੇ ਉਪਦੇਸ਼ਾਂ ਦਾ ਇਕ ਸਫ਼ਲ ਆਗੂ ਵਾਂਗ ਖੁੱਲ੍ਹ ਕੇ ਪ੍ਰਚਾਰ ਕਰਨਾ ਵੀ ਸੀ। ਆਪ ਜੀ ਨੇ ਪੰਜ ਸਾਲ ਦੀ ਉਮਰ ਵਿਚ ਗੁਰੂ-ਜੋਤਿ ਦੀ ਵਡਿਆਈ ਪ੍ਰਾਪਤ ਕਰ ਕੇ, ਗੁਰੂ-ਸਿੰਘਾਸਣ ਉੱਤੇ ਬੈਠ ਕੇ, ਸਿੱਖ ਧਰਮ, ਸਿੱਖ ਸੰਗਤ, ਸਿੱਖ-ਸੰਸਥਾਵਾਂ ਤੇ ਸਿੱਖ-ਲਹਿਰ ਨੂੰ ਸਮਰੱਥ ਗੁਰੂ ਵਜੋਂ ਅਗਵਾਈ ਪ੍ਰਦਾਨ ਕੀਤੀ। ਗੁਰ-ਇਤਿਹਾਸ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਿੰਨ ਸਾਲ ਦਾ ਗੁਰੂ-ਗੱਦੀ ਕਾਲ ਗਵਾਹ ਹੈ ਕਿ ਪੰਜ ਅਤੇ ਅੱਠ ਸਾਲ ਦੀ ਉਮਰ ਵਿਚ ਬਲਬੀਰ ਤੇ ਸਮਰੱਥ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ ਪਰੰਪਰਾ ਅਨੁਸਾਰ ਗੁਰੂ-ਦਰ-ਘਰ ਦੀ ਸੇਵਾ-ਸੰਭਾਲ ਵੀ ਕੀਤੀ, ਸਿੱਖ ਸੰਗਤ ਨੂੰ ਨਾਨਕ-ਨਾਮ ਤੇ ਧਰਮ-ਆਦਰਸ਼ਾਂ ਨਾਲ ਪੂਰੀ ਤਰ੍ਹਾਂ ਜੋੜੀ ਵੀ ਰੱਖਿਆ, ਸਮਾਜਿਕ ਤੇ ਰਾਜਨੀਤਕ ਜਾਗ੍ਰਿਤੀ ਲਈ ਸਰੀਰਕ ਬੰਧਨਾਂ ਤੋਂ ਆਜ਼ਾਦ ਹੋ ਕੇ, ਪੜਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਂਗ ਭੈ-ਮੁਕਤ ਵਾਤਾਵਰਨ ਵੀ ਸਿਰਜਦੇ ਰਹੇ ਤੇ ਜੇ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨੇ ਰਾਜਨੀਤਕ-ਸਾਂਝ ਲਈ ਦਰਸ਼ਨ-ਦੀਦਾਰ ਦੀ ਇੱਛਾ ਵੀ ਪ੍ਰਗਟਾਈ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਅਤਿਆਚਾਰੀ ਤੇ ਜ਼ਾਲਮ ਕਹਿ ਕੇ, ਔਰੰਗਜ਼ੇਬ ਨੂੰ ਦਰਸ਼ਨ ਦੇਣ ਜਾਂ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ। ਨਿਸਚੇ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜੀਵਨ ਬੜਾ ਵਚਿੱਤਰ ਤੇ ਗੁਰੂ-ਪਰੰਪਰਾ ਵਿਚ ਵਿਲੱਖਣ ਵਿਸ਼ੇਸ਼ਤਾ ਰੱਖਣ ਵਾਲਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਵਿਲੱਖਣ ਵਿਸ਼ੇਸ਼ਤਾ ਦਾ ਇਕ ਆਧਾਰ ਇਹ ਵੀ ਹੈ ਕਿ ਗੁਰੂ-ਜੀਵਨ ਤੇ ਗੁਰੂ-ਗੱਦੀ ਕਾਲ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਸਭ ਤੋਂ ਘੱਟ ਉਮਰ ਦੇ ਹਨ। ਉਮਰ ਹੀ ਘੱਟ ਨਹੀਂ, ਗੁਰੂ-ਸਿੰਘਾਸਣ ਉੱਤੇ ਬੈਠ ਕੇ ਸਿੱਖ ਸੰਗਤਾਂ ਨੂੰ ਆਤਮਿਕ, ਸਮਾਜਿਕ ਅਤੇ ਰਾਜਨੀਤਕ ਅਗਵਾਈ ਪ੍ਰਦਾਨ ਕਰਨ ਦਾ ਸਮਾਂ ਵੀ ਸਭ ਗੁਰੂ-ਪ੍ਰਤਿਭਾਵਾਂ ਨਾਲੋਂ ਘੱਟ ਹੈ।...ਉਨ੍ਹਾਂ ਨੇ ਬਾਲ-ਉਮਰ ਤੋਂ ਘੱਟ ਗੁਰੂ-ਕਾਲ ਵਿਚ ਵੀ ਗੁਰੂ-ਸਮਰੱਥਾ, ਗੁਰੂ-ਦ੍ਰਿਸ਼ਟੀ, ਗੁਰੂ-ਮਾਣ ਤੇ ਗੁਰੂ-ਪ੍ਰਭਾਵ ਨੂੰ ਵੀ ਸਥਾਪਤ ਰੱਖਿਆ ਤੇ ਸਮਕਾਲੀ ਵਿਰੋਧਤਾ ਨਾਲ ਭਰੇ ਅਤੇ ਵਿਰੋਧੀ ਹਾਲਾਤ ਤੋਂ ਸਿੱਖ ਧਰਮ ਤੇ

ਸਿੱਖ ਲਹਿਰ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਵੀ ਰੱਖਿਆ। ਜੋਤੀ-ਜੋਤਿ ਸਮਾਉਣ ਵੇਲੇ 'ਬਾਬਾ ਬਕਾਲੇ' ਦਾ ਸੰਕੇਤ ਕਰ ਕੇ ਜਿਸ ਯੋਗਤਾ, ਸਿਆਣਪ ਤੇ ਦੂਰ-ਦ੍ਰਿਸ਼ਟੀ ਨਾਲ ਗੁਰੂ-ਜੋਤਿ ਦਾ ਅਧਿਕਾਰੀ ਤੇ ਗੁਰੂ-ਸੰਸਥਾ ਦੇ ਨੌਵੇਂ ਵਾਰਸ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਣਾਇਆ, ਇਹ ਰਹੱਸ ਵੀ ਸਪਸ਼ਟ ਕਰਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਿਬੇਕ ਬੁੱਧ ਵਾਲੇ ਤੇ ਜਾਗਦੇ ਯੋਧੇ ਸਨ। ਉਹ ਧੀਰਮੱਲੀਆਂ, ਰਾਮਰਾਈਆਂ, ਸੋਢੀਆਂ ਦੀ ਵਿਰੋਧਤਾ ਤੇ ਵੰਗਾਰਾਂ ਤੋਂ ਸਦਾ ਬੇਮੁਹਤਾਜ ਰਹੇ। ਸਹੀ ਅਰਥਾਂ ਵਿਚ ਇਹ ਸਾਰੀ ਗੁਰੂ-ਕ੍ਰਿਆ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਵਿਲੱਖਣ ਵਿਸ਼ੇਸ਼ਤਾ ਵਾਲੀ ਸਥਾਪਿਤ ਕਰਦੀ ਹੈ।

### 4.9.1 ਭਾਈ ਗੁਰਦਾਸ (ਦੂਜੇ) ਦੀ ਨਜ਼ਰ ਵਿਚ-

ਭਾਈ ਗੁਰਦਾਸ (ਦੂਜੇ) ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਸਰੂਪ ਨੂੰ 'ਅਸਟਮ ਬਲਬੀਰਾ' ਆਖਿਆ ਹੈ, ਜਿਸ ਦਾ ਅਰਥ ਹੈ ਕਿ ਅਠਵੇਂ ਪਾਤਸ਼ਾਹ ਅਧਿਆਤਮਿਕ ਪੱਖੋਂ ਬਹੁਤ ਬਲਵਾਨ ਹਨ:

ਹਰਿਕਿਸਨ ਭਯੋ ਅਸਟਮ ਬਲਬੀਰਾ।

ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ।

ਬਾਲ ਰੂਪ ਧਿਰ ਸ੍ਵਾਂਗ ਰਚਾਇਓ।

ਤਬ ਸਹਿਜੇ ਤਨ ਕੋ ਛੋਡਿ ਸਿਧਾਇਓ।

ਇਉਂ ਮੁਗ਼ਲਨਿ ਸੀਸ ਪਰੀ ਬਹੁ ਛਾਰਾ।

ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ।

ਔਰੰਗੇ ਇਹ ਬਾਦ ਰਚਾਇਓ।

ਤਿਨ ਅਪਨਾ ਕੁਲ ਸਭ ਨਾਸ ਕਰਾਇਓ। ( ਵਾਰਾਂ ਭਾਈ ਗੁਰਦਾਸ, 41:22)

### 4.9.2 ਭਾਈ ਨੰਦ ਲਾਲ ਜੀ ਦੇ ਵਿਚਾਰ:

ਗੁਰੂ ਹਰਿਕਿਸ਼ਨ ਆਂ ਹਮਾ ਫ਼ਜਲੋ ਜ਼ੂਦ।

ਹੱਕਸ਼ ਅਜ਼ ਹਮਾ ਖ਼ਾਸਗਾਂ ਬ-ਸਤੂਦ।।93।।

ਮਿਆਨਿ ਹੱਕੇ ਓ ਫ਼ਸਾਲ-ਉਲ ਵਰੱਕ।

ਵਜੂਦਸ਼ ਹਮਾ ਫ਼ਜਲੋ ਅਫ਼ਜ਼ਾਲਿ ਹੱਕ।।94।।

ਹਮਾ ਸਾਇਲਿ ਲੁਤਫ਼ਿ ਹੱਕ ਪਰਵਰਸ਼।

ਜ਼ਮੀਨੋ ਜ਼ਮਾਂ ਜੁਮਲਾ ਫ਼ਰਮਾਂ ਬਰਸ਼।।95।।

ਤੁਫ਼ੈਲਸ਼ ਦੋ ਆਲਮ ਖ਼ੁਦ ਕਾਮਯਾਬ।

ਅਜ਼ੋ ਗਸ਼ਤਾ ਹਰ ਜ਼ੱਰਾ ਖ਼ੁਰਸ਼ੀਦ ਤਾਬ।।96।।

(ਭਾਈ ਨੰਦ ਲਾਲ, ਗੰਜਨਾਮਾ, ਸਲਤਨਤਿ ਹਸ਼ਤਮ, ਹਰਨਾਮ ਸਿੰਘ ਕੋਮਲ, (ਅਨੁ.), ਪੰ.30)

ਭਾਵ ਇਹ ਕਿ ਪਿਆਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਪਮਾ ਅਪਰ ਅਪਾਰ ਹੈ। ਉਹ ਬਖਸ਼ਿਸ਼ਾਂ ਦੇ ਭੰਡਾਰੇ ਤੇ ਦਾਤਾਂ ਵੰਡਣ ਵਾਲੇ ਹਨ। ਧਰਤੀ, ਅਕਾਸ਼, ਸੂਰਜ, ਚੰਦ ਤੇ ਤਾਰਿਆਂ ਦੇ ਮਾਲਕ ਆਪ ਨਿਰੰਕਾਰ ਹਨ। ਜਿਸ ਉਪਰ ਉਨ੍ਹਾਂ ਦੀ ਸਵੱਲੀ ਨਜ਼ਰ ਹੋ ਜਾਂਦੀ ਹੈ, ਉਸ ਦੇ ਲੋਕ-ਪਰਲੋਕ ਸੁਧਰ ਜਾਂਦੇ ਹਨ।

### 4.9.3 ਮਹਿਮਾ ਪ੍ਰਕਾਸ਼ ਵਿਚ ਵਿਵਰਣ-

'ਮਹਿਮਾ ਪ੍ਰਕਾਸ਼' ਦਾ ਕਰਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਉਪਮਾ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ:

ਮਨ ਇਛਿਆ ਧਰ ਦਰਸਨ ਜੋ ਕਰੇ। ਪਾਏ ਪਦਾਰਥ ਪੂਰੀ ਪਰੇ।

ਗੁਰ ਅੰਤਰਜਾਮੀ ਸਭ ਕੀ ਜਾਨੇ। ਕਰ ਕਿਰਪਾ ਕਰ ਬਚਨ ਬਖਾਨੇ।

ਤਾਤ ਕਾਲ ਪੂਰਨ ਹੋਇ ਆਸ। ਅਦਭੁਤ ਲੀਲਾ ਪਰਮ ਬਿਲਾਸ।

(ਸਚਖੰਡ ਪੱਤਰ, ਅਕਤੂਬਰ 1981, ਪੰਨਾ 40)

### 4.9.4 ਭਾਈ ਸੰਤੋਖ ਸਿੰਘ ਦਾ ਖਿਆਲ-

ਭਾਈ ਸੰਤੋਖ ਸਿੰਘ ਨੇ ਵੀ ਅਠਵੇਂ ਪਾਤਸ਼ਾਹ ਦੀ ਉਸਤਤੀ ਕਰਦਿਆਂ ਲਿਖਿਆ ਹੈ:

ਸੁੰਦਰ ਸੂਰਤਿ ਮਾਧੁਰੀ ਮੂਰਤਿ, ਪੂਰਤਿ ਕਾਮਨਾ ਸਿਖਯਨ ਕੀ।
ਤਥਾ ਦੁਤ ਪਾਤ, ਸੰਗਤਿ ਪ੍ਰੀਤਿ ਕਰੇ ਮਨ ਕੀ। ...

ਦੁਖ ਹਰਿ ਲੇਤ ਸੁਖ ਬਾਂਛਤ ਕੋ ਦੇਤਿ ਗੁਰ, ਸਤਿਨਾਮ ਹੇਤੁ ਲਾਇ ਚੇਤਨਾ ਚਿਤਾਵਈ।

ਮਨ ਕੇ ਬਿਕਾਰ ਨਾਸ ਕਰੇ ਏਕ ਬਾਰ ਗਨ, ਧੀਰਜ ਧਰਮ ਦਯਾ ਗੁਨ ਕੋ ਬਧਾਵਈ।

ਸਮਤਾ ਸੰਤੋਖ, ਸੰਤੋਖ ਸਿੰਘ ਰਿਦੇ ਬਾਸ, ਸਿਖੀ ਕੋ ਪ੍ਰਕਾਸ਼ ਨੀਕੋ ਸੁਗਮ ਬਤਾਵਈ।

ਜਾਨ ਸਿਖ ਆਪਨੇ ਹਰਤਿ ਤੀਨੋ ਤਾਪ ਨੇ, ਬਿਨਾ ਹੀ ਤਪ ਤਾਪਨੋ ਸੁ ਫਲ ਮਹਾਂ ਪਾਵਈ।

(ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼, ਰਾਸਿ 10:28)

### 4.9.5 ਗਿਆਨੀ ਸੰਤੋਖ ਸਿੰਘ ਅਨੰਦਪੁਰੀ ਅਨੁਸਾਰ-

ਗਿ. ਸੰਤੋਖ ਸਿੰਘ ਆਨੰਦਪੁਰੀ ਨੇ ਬਾਲ ਗੁਰੂ ਜੀ ਦੀ ਅਨੂਪਮ ਸ਼ਖ਼ਸੀਅਤ ਦਾ ਸ਼ਬਦ-ਚਿਤ੍ਰਣ ਇਉਂ ਕੀਤਾ ਹੈ:

ਸੂਰਜ ਵੱਤ ਝਿਲਮਿਲ ਝਲਕਦਾ, ਚੰਦਰਮਾ ਵੱਤ ਸੀਤਲਾਇ।...
ਬਲਵਾਨ ਹੈ, ਸਭ ਸੰਗਤ ਸੀਸ ਨਿਵਾਇ।

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥

(ਸਚਖੰਡ ਪੱਤਰ, ਅਕਤੂਬਰ 1984, ਪੰਨਾ 44)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ 'ਧਿਆਈਐ' ਅਤੇ 'ਡਿਠੇ ਸਭਿ ਦੁਖਿ ਜਾਇ' ਦੋ ਪਦ ਜੋੜ ਕੇ ਉਨ੍ਹਾਂ ਦੀ ਬਲਬੀਰ ਤੇ ਸਿਰਜਨਾਤਮਿਕ ਸ਼ਖ਼ਸੀਅਤ ਦੀ ਜੋ ਮਹਿਮਾ ਗਾਇਨ ਕੀਤੀ ਹੈ, ਜੇ ਸਮੁੱਚੀ ਮਾਨਸ ਜਾਤਿ ਉਸ ਮਹਿਮਾ ਗਾਇਨ ਵਿਚ ਇਕ-ਸੁਰ ਹੋ ਸਕੇ ਤਾਂ ਨਿਸਚੇ ਹੀ 'ਸਭਿ ਦੁਖਿ' ਜਾਣਗੇ। ਸਭ ਦੁਖ ਜਾਣ ਨਾਲ ਹੀ ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋਵੇਗੀ। ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਦਰਸ਼ਨ-ਦੀਦਾਰ ਸੁਖ, ਸਹਿਜ ਤੇ ਅਨੰਦ ਪ੍ਰਾਪਤੀ ਦਾ ਵੀ ਦਰਸ਼ਨ ਦੀਦਾਰ ਹੈ।

## 4.10 ਪੜ੍ਹਣਯੋਗ ਪੁਸਤਕਾਂ


1. Kirpal singh& Kharak singh, (ed.), History of The Sikhs and Their Religion, VOL. 1, NANAK VII- GURU HARRAI, Shromani Guruduara Prabandhak Committee, Amritsar, 2004.
2. Max Arthur Mccauliffe, The Sikh Religion, The Clarendon Press, Oxford, 1909.
3. ਸਤਿਬੀਰ ਸਿੰਘ, ਅਸ਼ਟਮ ਬਲਬੀਰਾ ਜੀਵਨੀ ਗੁਰੂ ਹਰਿਕ੍ਰਿਸ਼ਨ ਜੀ, ਨਿਊ ਬੁੱਕ ਕੰਪਨੀ, ਜਲੰਧਰ, 1980.
4. ਸੁਖਦਿਆਲ ਸਿੰਘ, ਸਿੱਖ ਇਤਿਹਾਸ (1469-1708), ਸੰਗਮ ਪਬਲੀਕੇਸ਼ਨਜ਼, ਸਮਾਣਾ।
5. ਪ੍ਰਿੰਸੀਪਲ ਤੇਜਾ ਸਿੰਘ, ਡਾ. ਗੰਡਾ ਸਿੰਘ, ਸਿੱਖ ਇਤਿਹਾਸ (1469-1765), ਅਨੁ. ਡਾ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
6. ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
7. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ।

## ONE YEAR DIPLOMA IN SIKH THEOLOGY

### SEMESTER-II

### COURSE: THEOLOGICAL DEVELOPMENT OF SIKHISM

### UNIT 5 : GURU TEG BAHADUR SAHIB

**STRUCTURE**

**5.0 ਉਦੇਸ਼**

**5.1 ਜਾਣ-ਪਛਾਣ**

**5.2 ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ**

**5.3 ਔਰੰਗਜ਼ੇਬ ਦੀ ਧਾਰਮਿਕ ਕਟੱੜਤਾ**

**5.4 ਨਕਸ਼ਬੰਦੀ ਸਿਲਸਿਲਾ**

**5.5 ਕਸ਼ਮੀਰੀ ਪੰਡਤਾਂ ਦੀ ਫ਼ਰਿਆਦ**

**5.6 ਸ਼ਹਾਦਤ**

**5.7 ਸਾਰ**

**5.8 ਸੰਬੰਧਿਤ ਪੁਸਤਕਾਂ**

### 5.0 ਉਦੇਸ਼

ਇਸ ਪਰਚੇ ਦਾ ਉਦੇਸ਼ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਅਤੇ ਉਨ੍ਹਾਂ ਦੀ ਸ਼ਖਸੀਅਤ ਤੋਂ ਜਾਣੂ ਕਰਵਾਉਣਾ ਹੈ ਕਿ ਆਪ ਕਿਸ ਤਰ੍ਹਾਂ ਦੂਜੇ ਧਰਮ ਦੀ ਰੱਖਿਆ ਲਈ ਆਪਣਾ ਆਪ ਵਾਰ ਗਏ ਅਤ ਕਿਵੇਂ ਉਨ੍ਹਾਂ ਨੇ ਆਮ ਲੋਕਾਂ ਵਿਚ ਨਾ ਡਰਨਾ ਅਤੇ ਨਾ ਡਰਾਉਣ ਦੀ ਭਾਵਨਾ ਪੈਦਾ ਕੀਤੀ।

### 5.1 ਜਾਣ-ਪਛਾਣ

ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਨਾਨਕ ਘਰ ਦੀ ਨੌਵੀਂ ਜੋਤ ਹਨ। ਆਪ ਜੀ ਦਾ ਪ੍ਰਕਾਸ਼ ਛੇਵੇਂ ਪਾਤਸ਼ਾਹ ਹਜ਼ੂਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ 1621 ਈ: ਨੂੰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦੀ ਪਰਵਰਿਸ਼ ਮਹਾਨ ਸਿੱਖ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿੱਚ ਹੋਈ। ਬਾਬਾ ਬੁੱਢਾ ਜੀ ਨੇ ਜਿਥੇ ਬਚਪਨ ਤੋਂ ਹੀ ਆਪ ਨੂੰ ਨਾਨਕ ਨੂਰ ਨਾਲ ਸਰਸ਼ਾਰ ਕਰਕੇ ਪਰਮਾਤਮਾ ਦੇ ਰਹੱਸ ਨਾਲ ਇਕਸੁਰ ਕੀਤਾ, ਉਥੇ ਭਾਈ ਗੁਰਦਾਸ ਜੀ ਨੇ ਆਪ ਨੂੰ ਵੱਖ-ਵੱਖ ਧਰਮਾਂ ਦੇ ਦਾਰਸ਼ਨਿਕ ਪੱਖਾਂ ਦਾ ਗੂੜ ਗਿਆਨ, ਹਾਸਿਲ ਕਰਾਉਂਦੇ ਹੋਏ ਬ੍ਰਿਜ, ਸੰਸਕ੍ਰਿਤ, ਫਾਰਸੀ, ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵੀ ਪ੍ਰਬੀਨ ਕਰ ਦਿੱਤਾ। ਆਪਣੇ ਗੁਰ ਪਿਤਾ ਵਾਲੇ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਵੀ ਬਾਬਾ ਬੁੱਢਾ ਜੀ ਦਾ ਹੀ ਯੋਗਦਾਨ ਸੀ। ਇਸ ਲਈ ਬਚਪਨ ਤੋਂ ਹੀ ਜਿਥੇ ਕੋਮਲਤਾ, ਦਇਆ ਤੇ ਨਿਮਰਤਾ ਆਪ ਦੇ ਗੁਣਾਂ ਵਿੱਚ ਸਮਿਲਤ ਸਨ, ਉਥੇ ਜ਼ੁਲਮ ਨਾਲ ਟੱਕਰ ਲੈਣ ਦੀ ਹਿੰਮਤ ਅਤੇ ਦ੍ਰਿੜਤਾ ਆਪ ਦੇ ਮੀਰੀ ਗੁਣਾਂ ਵਿੱਚ ਸ਼ਾਮਲ ਸੀ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ 14 ਸਾਲਾਂ ਦੀ ਉਮਰ ਵਿੱਚ ਕਰਤਾਰਪੁਰ ਦੇ ਯੁੱਧ ਵਿੱਚ ਕੀਤਾ ਅਤੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ। ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਦਾ ਨਾਂ ਤੇਗ ਬਹਾਦਰ ਵੀ ਇਸ ਯੁੱਧ ਤੋਂ ਬਾਅਦ ਹੀ ਰੱਖਿਆ ਗਿਆ ਸੀ।

1635 ਈ: ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਰਿਵਾਰ ਅਤੇ ਸਿੱਖ ਸੰਗਤ ਸਮੇਤ ਸ਼ਿਵਾਲਿਕ ਪਹਾੜੀਆਂ ਦੇ ਵਿੱਚ ਵਸੇ ਨਗਰ ਕੀਰਤਪੁਰ ਜਾ ਵਸੇ। ਪਾਤਸ਼ਾਹ ਨੇ ਇਸੇ ਅਸਥਾਨ ਗੁਰਿਆਈ, ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਹਰਿ ਰਾਏ ਜੀ ਨੂੰ ਦੇ 1644 ਈ: ਨੂੰ ਅਕਾਲ ਪਿਆਨਾ ਕੀਤਾ। ਪਿਤਾ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਤੇਗ ਬਹਾਦਰ ਜੀ ਆਪਣੇ ਮਹਲ ਗੁਜਰੀ ਜੀ ਅਤੇ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ 'ਬਕਾਲੇ' ਆ ਗਏ।

ਗੁਰੂ ਹਰਿ ਰਾਇ ਜੀ 1661 ਈ: ਵਿੱਚ ਜੋਤੀ-ਜੋਤਿ ਸਮਾ ਗਏ ਅਤੇ ਗੁਰਗੱਦੀ ਉੱਪਰ ਅਠਵੇਂ ਗੁਰੂ ਦੇ ਰੂਪ ਵਿੱਚ ਹਰਿਕ੍ਰਿਸ਼ਨ ਜੀ, ਜਿਨ੍ਹਾਂ ਦੀ ਉਮਰ ਉਸ ਸਮੇਂ 5 ਸਾਲ ਦੀ ਸੀ, ਸਸ਼ੋਭਿਤ ਹੋਏ। ਗੁਰੂ ਹਰਿਕ੍ਰਿਸ਼ਨ ਜੀ 1664 ਈ। ਵਿੱਚ ਜੋਤੀ-ਜੋਤਿ ਸਮਾ ਗਏ, ਪਰ ਉਸ ਤੋਂ ਪਹਿਲਾਂ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਦਰਘਾ ਮਲ ਜੀ ਨੂੰ ਬੁਲਾਇਆ ਅਤੇ ਪੰਜ ਪੈਸੇ ਤੇ ਨਾਰੀਅਲ ਲਿਆਉਣ ਦਾ ਹੁਕਮ ਕੀਤਾ। ਉਪ੍ਰੰਤ ਸੱਜੀ ਬਾਂਹ ਨੂੰ ਉਪਰ ਚੁਕਿਆ ਅਤੇ 'ਬਾਬਾ ਵਸੇ ਬਕਾਲੇ' ਦਾ ਇਲਾਹੀ ਫੁਰਮਾਨ ਕਰਦੇ ਹੋਏ ਜੋਤੀ-ਜੋਤਿ ਸਮਾ ਗਏ।

ਬਕਾਲੇ ਜਾ ਕੇ ਗੁਰੂ ਦੀ ਭਾਲ ਕਰਨਾ ਕੋਈ ਸੁਖਾਲਾ ਕੰਮ ਨਹੀਂ ਸੀ। ਗੁਰਿਆਈ ਦੇ ਲਾਲਚ ਵਿੱਚ ਬਹੁਤ ਸਾਰੇ ਗੁਰੂ ਪਰਿਵਾਰਾਂ ਦੇ ਮੈਂਬਰ ਬਕਾਲੇ ਆ ਕੇ ਗੁਰਗੱਦੀ ਤੇ ਆਪਣਾ ਹੱਕ ਜਤਾਉਣ ਲਗ ਪਏ ਸਨ ਜਿਨ੍ਹਾਂ ਵਿੱਚੋ ਧੀਰਮਲ ਪ੍ਰਮੁੱਖ ਸੀ। ਸਿੱਖ ਬਹੁਤ ਦੁਬਿਧਾ ਵਿੱਚ ਸਨ। ਹੱਕ-ਸੱਚ ਦਾ ਫ਼ੈਸਲਾ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਹੋਇਆ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੌਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਤੇ ਬਰਾਜਮਾਨ ਹੋਏ। ਰਿਸ਼ਤੇਦਾਰਾਂ ਦੀ ਈਰਖਾ ਅਤੇ ਨਫ਼ਰਤ ਸਾਰੀਆਂ ਹੱਦਾਂ ਬੰਨੇ ਪਾਰ ਕਰ ਗਈ ਸੀ। ਇਥੋਂ ਤਕ ਕਿ ਧੀਰਮਲ ਨੇ ਸੀਹੇਂ ਮਸੰਦ ਰਾਹੀਂ ਆਪ ਜੀ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਸਿੱਖ ਸੰਗਤਾਂ ਇਸ ਘਟਨਾ ਤੇ ਬੇਹਦ ਕ੍ਰੋਧਿਤ ਹੋਈਆਂ ਅਤੇ ਇਸ ਦੀ ਸਜ਼ਾ ਧੀਰਮਲ ਤੇ ਸੀਹੇਂ ਮਸੰਦ ਨੂੰ ਦਿੱਤੀ ਗਈ। ਪਰ ਗੁਰੂ ਸਾਹਿਬ ਦੇ ਨਿਮਰਤਾ ਵਾਲੇ ਸੁਭਾਅ ਲਈ ਇਹ ਅਸਹਿ ਸੀ, ਇਸ ਲਈ ਉਹ ਖੁਦ ਹੀ ਬਕਾਲੇ ਤੋਂ ਕੂਚ ਕਰ ਗਏ ਅਤੇ ਕੀਰਤਪੁਰ ਆਣ ਵਸੇ। ਇਥੇ ਰਹਿੰਦੇ ਹੋਏ ਹੀ ਆਪ ਜੀ ਨੇ ਅਨੰਦਪੁਰ ਸਾਹਿਬ ਵਸਾਇਆ ਅਤੇ ਫਿਰ ਇੱਥੋਂ ਹੀ ਸਿੱਖ ਧਰਮ ਦੇ ਪ੍ਰਚਾਰ ਹਿਤ ਦੂਰ-ਦੁਰਾਡੇ ਪ੍ਰਦੇਸਾ ਵਿੱਚ ਯਾਤਰਾਵਾਂ ਦਾ ਸਿਲਸਿਲਾ ਸ਼ੁਰੂ ਹੋਇਆ, ਫਲਸਰੂਪ ਸਿੱਖ ਧਰਮ ਦੇ ਵਿਕਾਸ ਅਤੇ ਵਿਗਾਸ ਨੂੰ ਵੱਡਾ ਹੁੰਗਾਰਾ ਮਿਲਿਆ। ਅਨੰਦਪੁਰ ਸਾਹਿਬ ਗੁਰੂ ਪਾਤਸ਼ਾਹ ਅਤੇ ਸਿੱਖਾਂ ਦੀ ਮੰਜ਼ਿਲ ਵਜੋਂ ਸਥਾਪਿਤ ਹੋ ਗਿਆ ਅਤੇ ਆਪਣੀ ਸ਼ਹਾਦਤ ਦਾ ਜਾਮ ਪੀਣ ਲਈ ਇਥੋਂ ਹੀ ਆਪ ਜੀ ਨੇ 1675 ਈ: ਵਿੱਚ ਦਿੱਲੀ ਵੱਲ ਚਾਲੇ ਪਾਏ ਸਨ। ਉਨ੍ਹਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਕੁਝ ਇੱਕ ਕਾਰਣਾਂ ਨੂੰ ਇੱਥੇ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ।

## 5.2 ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ

ਗੁਰੂ ਨਾਨਕ ਪਾਤਸ਼ਾਹ ਨੇ ਹਿਦੁਸਤਾਨ ਦੀ ਧਰਤੀ ਤੇ '੧' ਦਾ ਦੈਵੀ ਨਾਦ ਗੁੰਜਾ ਕੇ, ਉਨ੍ਹਾਂ ਨੂੰ ਪਰਮੇਸ਼ਵਰ ਦੇ ਪੁੱਤਰ ਹੋਣ ਦਾ ਅਹਿਸਾਸ ਕਰਾਇਆ। ਉਹ ੧ ਤੇ ਉਸਦੀ ਕਿਰਤ ਵੀ ੧ ਦਾ ਅਜਿਹਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦੀ ਲੋਕਾਈ ਦੀਆਂ ਨਾੜਾਂ ਵਿੱਚ ਸਦੀਆਂ ਤੋਂ ਜਖ ਹੋਏ ਖ਼ੂਨ ਨੇ ਰੁਮਕਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸੀ ਅਤੇ ਉਹ ਉਸ ਦੇ 'ਬੰਦੇ' ਦੂਰ-ਦਰਾਜ ਤੋਂ ਸੈਕੜਿਆਂ ਦੀ ਗਿਣਤੀ ਵਿੱਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ ਹੋਣ ਲੱਗੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਨਕਾਰੀਆਂ ਦੀ ਧੱਕੇ-ਸ਼ਾਹੀ ਵਿਰੁੱਧ ਪਾਠ ਪੜਾਉਣ ਲਈ ਦੂਰ ਦੂਰ ਤੱਕ ਭਰਮਣ ਕੀਤਾ। ਬਰਾਬਰੀ , ਮਨੁੱਖੀ ਸਨਮਾਨ, ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੇ। ਭੂਤ ਅਤੇ ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ ਤੇ ਰਹਿਮਤੇ ਬਾਰਸ਼ ਸਿੱਧ ਹੋਏ। ਗੁਲਾਮ ਜ਼ਹਿਨੀਅਤ ਦੇ ਕਾਲੇ ਬੱਦਲ ਛੰਡਣ ਲੱਗੇ ਅਤੇ ਇਨ੍ਹਾਂ ਵਿੱਚੋਂ ਨਵੇਂ-ਨਵੇਲੇ ਸੂਰਜ ਦੇ ਲਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਣ ਲੱਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿੱਚ ਤਬਦੀਲ ਕਰਦਿਆ ਸਿਰਲੱਥ ਸੂਰਮਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜੋ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸੰਕਲਪ ਨਾਲ

ਸਰਸ਼ਾਰ ਹੋਈ ਪਈ ਸੀ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾ ਹਿੰਦੂ ਮੁਸਲਮਾਨ ਦਾ ਫਰਕ ਸੀ, ਨਾ ਹੀ ਉਚ-ਨੀਚ ਅਤੇ ਔਰਤ-ਮਰਦ ਦਾ । ਗੁਰੂ ਨਾਨਕ ਸਾਹਿਬ ਦਾ ਸੰਗੀ ਸਾਥੀ ਭਾਈ ਮਰਦਾਨਾ ਜਿਸਨੇ ਉਨ੍ਹਾਂ ਨਾਲ ਅੰਤਮ ਸੁਆਸ ਤਕ ਨਿਭਾਈ, ਮੁਸਲਮਾਨ ਧਰਮ ਨਾਲ ਸਬੰਧਿਤ ਸੀ ਅਤੇ ਅਖੌਤੀ ਨੀਵੀਂ ਮੰਨੀ ਜਾਂਦੀ ਸ਼੍ਰੇਣੀ ਮਰਾਸੀ ਜਾਤ ਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਸਭ ਕਿਸਮ ਦੀਆਂ ਭ੍ਰਾਂਤੀਆਂ ਨੂੰ ਹਮੇਸ਼ਾਂ-ਹਮੇਸ਼ਾਂ ਲਈ ਖਤਮ ਕਰਦਿਆਂ 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਦਾ ਅਜਿਹਾ ਸਬਕ ਪੜ੍ਹਾਇਆ ਕਿ ਜਨ ਸਧਾਰਣ ਲਈ ਗੁਰੂ-ਘਰ ਅੰਤਮ ਸਤ ਹੋ ਨਿਬੜਿਆ ਸੀ। ਹੁਣ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਸਨ, ਇਲਾਹੀ ਨਾਦ ਦੀ ਗੂੰਜ ਸੀ ਅਤੇ ਇਹ ਗੂੰਜ ਕਿਸੇ ਵੱਡੇ ਸੱਚ ਵੱਲ ਇਸ਼ਾਰਾ ਕਰ ਰਹੀ ਸੀ। ਜਿੱਥੇ ਸੱਚ ਦੇ ਰਹਿਬਰਾਂ ਤੇ ਪ੍ਰਗਟ ਹੋਈ 'ਧੁਰ ਕੀ ਬਾਣੀ' ਦੇ ਨਾਦ ਨੇ ਹਿੰਦੁਸਤਾਨ ਦੇ ਕਣ-ਕਣ ਨੂੰ ਰੁਸ਼ਨਾ ਦਿੱਤਾ ਸੀ, ਉੱਥੇ ਕਾਲੀਆਂ ਬਦਰੂਹਾਂ ਦੇ ਧੁਰ ਅੰਦਰ ਤੱਕ ਕੰਬਣੀ ਵੀ ਛੇੜ ਕੇ ਰੱਖ ਦਿੱਤੀ ਸੀ। ਸਿੱਟੇ ਵਜੋਂ ਚੜ੍ਹਦੇ ਸੂਰਜ ਨੂੰ ਰੋਕਣ ਦੇ ਅਨੇਕਾਂ ਉਪਰਾਲੇ ਸ਼ੁਰੂ ਹੋ ਗਏ । ਇਹ ਉਪਰਾਲੇ ਬਾਹਰੀ ਵੀ ਸਨ ਅਤੇ ਅੰਦਰੂਨੀ ਵੀ।

ਕਾਲੀਆਂ ਅਤੇ ਬਦਰੂਹਾਂ ਲਈ ਇਹ ਅਸਹਿ ਸੀ। ਉਹ ਆਪਣੀ ਦੰਭੀ ਚਾਦਰ ਨਾਲ ਇਸ ਚੜ੍ਹਦੇ ਸੂਰਜ ਦਾ ਪ੍ਰਕਾਸ਼ ਰੋਕਣ ਲਈ ਤਰਲੋ ਮੱਛੀ ਹੋ ਰਹੇ ਸਨ। ਗੁਰੂ ਸਿਧਾਂਤ ਦੇ ਤੇਜ਼ ਨੇ ਇਨ੍ਹਾਂ ਬੌਣ ਧਾਰੀਆਂ ਨੂੰ ਨੰਗਿਆਂ ਕਰਕੇ ਰੱਖ ਦਿੱਤਾ ਸੀ। ਉਹ ਗੁੱਸੇ ਵਿੱਚ ਤਿਲਮਿਲਾ ਰਹੇ ਸਨ ਅਤੇ ਇਸ ਤਿਲਮਿਲਾਹਟ ਵਿੱਚ ਹਰ ਅਸੂਲ ਦਾ ਛਿੱਕੇ ਟੰਗਿਆ ਜਾਣਾ ਸੁਭਾਵਕ ਸੀ। ਉਨ੍ਹਾਂ ਦਾ ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕਰਕੇ ਖੁਸ਼ੀ ਦੇ ਡੰਕੇ ਵਜਾਉਣਾ ਬੌਣੀ ਜ਼ਹਿਨੀਅਤ ਦਾ ਨਤੀਜਾ ਹੀ ਸੀ। ਪਰ ਸੱਚ ਦੇ ਹਾਣੀ ਤੇ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਸਿਰ ਤੇ ਕਫ਼ਨ ਬੰਨ੍ਹ ਕੇ ਨਿਕਲ ਚੁੱਕੇ ਸਨ।

ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਿਆਈ ਵੇਲੇ ਤੱਕ ਨਾਨਕ ਘਰ ਦੇ ਸੱਚੇ ਨਾਦ ਨੇ ਪੂਰੇ ਹਿੰਦੁਸਤਾਨ ਵਿੱਚ ਹਕੂਮਤ ਨੂੰ ਤਰਲੋ-ਮੱਛੀ ਕਰਕੇ ਰੱਖ ਦਿੱਤਾ ਸੀ। ਸਰਕਾਰੇ ਦਰਬਾਰੇ ਸ਼ਿਕਾਇਤਾਂ ਦੇ ਜੰਗਲ ਉਗ ਆਏ ਸਨ। ਹੁਣ ਇਕੋ ਰਸਤਾ ਸੀ, ਜਾਂ ਤੇ ਹਥਿਆਰਬੰਦ ਘੋਲ ਜਾਂ ਪੰਚਮ ਪਾਤਸ਼ਾਹ ਵਾਂਗ ਸਿੱਖੀ ਦੇ ਬੂਟੇ ਨੂੰ ਹਰਾ-ਭਰਾ ਰੱਖਣ ਲਈ ਆਪਣੇ ਖੂਨ ਦੀ ਆਹੂਤੀ ਗੁਰੂ ਤੇਗ ਬਹਾਦਰ ਨੇ ਦੂਜਾ ਰਾਹ ਚੁਣਿਆ।

## 5.3 ਔਰੰਗਜ਼ੇਬ ਦੀ ਧਾਰਮਿਕ ਕਟੱੜਤਾ

1526ਈ: ਨੂੰ ਪਾਨੀਪਤ ਦੇ ਮੈਦਾਨੇ-ਜੰਗ ਵਿੱਚ ਜਹੀਰੂਦੀਨ ਬਾਬਰ ਨੇ ਫ਼ਤਹਿ ਹਾਸਲ ਕਰਕੇ, ਦਿੱਲੀ ਤੇ ਮੁਗਲੀਆਂ ਸਲਤਨਤ ਦਾ ਝੰਡਾ ਗੱਡ ਦਿੱਤਾ। ਬਾਬਰ ਤੋਂ ਬਾਅਦ ਉਸਦੇ ਪੁੱਤਰ ਹੰਮਾਯੂੰ ਨੂੰ ਅਨੇਕਾਂ ਦੁੱਖਾਂ-ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਵਿੱਚੋਂ ਇਕ ਸ਼ੇਰ ਸ਼ਾਹ ਸੂਰੀ ਦਾ ਉਸ ਕੋਲੋਂ ਰਾਜ-ਭਾਗ ਖੋਹ ਕੇ ਉਸਨੂੰ ਜਲਾਵਤਨ ਕਰ ਦੇਣਾ ਵੀ ਸ਼ਾਮਲ ਹੈ ਪਰ ਵਿਰਸੇ ਵਿੱਚ ਮਿਲੀ ਦ੍ਰਿੜਤਾ ਅਤੇ ਲਗਨ ਨਾਲ ਉਹ ਫਿਰ ਹਿਦੁਸਤਾਨ ਦੇ ਤਖ਼ਤ ਦਾ ਮਾਲਕ ਬਣ ਗਿਆ। ਹੰਮਾਯੂੰ ਤੋਂ ਬਾਅਦ ਉਸਦਾ ਪੁੱਤਰ ਅਕਬਰ ਸ਼ਹਿਨਸ਼ਾਹੇ ਆਲਮ ਬਣਿਆ ਅਤੇ ਲੰਮਾ ਸਮਾਂ ਰਾਜ ਕਰਕੇ ਮੁਗਲੀਆਂ ਹਕੂਮਤ ਦੀਆਂ ਜੜਾਂ ਨੂੰ ਪੱਕਿਆ ਕਰ ਗਿਆ। ਇਹੋ ਸਮਾਂ ਮੁਗਲ ਰਾਜ ਦਾ ਸਿਖਰ ਪ੍ਰਵਾਨ ਕੀਤਾ ਜਾ ਸਕਦਾ ਹੈ। ਬੇਹੱਦ ਨਿਮਰ, ਦਿਆਲੂ ਸ਼ਹਿਨਸ਼ਾਹ ਨੇ ਪਰਜਾ ਨੂੰ ਹਿੰਦੂ ਮੁਸਲਮਾਨਾਂ ਦੇ ਰੂਪ ਵਿੱਚ ਨਾ ਵੇਖਦੇ ਹੋਏ ਕੁਲ ਹਿੰਦੁਸਤਾਨੀਆਂ ਦੇ ਦਿਲਾਂ ਅੰਦਰ ਆਪਣੀ ਥਾਂ ਬਣਾ ਲਈ। ਗੈਰ-ਮੁਸਲਮਾਨਾਂ ਨਾਲ ਵਿਆਹ ਸਬੰਧ ਸਥਾਪਿਤ ਕਰਕੇ ਇਸ ਦਵੈਤ ਨੂੰ ਖ਼ਤਮ ਕਰਨ ਵੱਲ ਇਸ਼ਾਰਾ ਵੀ ਕਰ ਦਿੱਤਾ। ਉਸ ਤੋਂ ਬਾਅਦ ਜਹਾਂਗੀਰ ਗੱਦੀ ਤੇ ਬੈਠਾ, ਸ਼ੁਰੂ ਵਿੱਚ ਉਹ ਬੇਹਦ ਮਹਜਬੀ-ਤੁਅੱਸਬ ਨਾਲ ਭਰਿਆ ਪਿਆ ਸੀ ਜਿਸ ਕਾਰਨ ਉਸਨੇ ਹਿੰਦੁਸਤਾਨੀਆਂ ਨੂੰ ਆਮ ਕਰਕੇ ਅਤੇ ਸਿੱਖਾਂ ਨੂੰ ਖਾਸ ਕਰਕੇ ਆਪਣੇ ਰਸਤੇ ਦੀ ਰੁਕਾਵਟ ਸਮਝਿਆ। ਇਸ ਦੇ ਸਿੱਟੇ ਵਜੋਂ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਈ ਪਰ ਬਾਅਦ ਵਿੱਚ ਉਸਦੇ ਵਿਚਾਰਾਂ ਵਿੱਚ ਵੱਡੀ ਤਬਦੀਲੀ ਆਈ। ਜਹਾਂਗੀਰ ਤੋਂ ਬਾਅਦ ਸ਼ਾਹਜਹਾਂ ਨੇ ਵੀ ਧਾਰਮਿਕ ਮਾਮਲਿਆਂ ਤੋਂ ਆਪਣੇ ਆਪ ਨੂੰ ਵੱਖ ਰੱਖਣ ਦੀ ਕੋਸ਼ਿਸ਼ ਕੀਤੀ।

1658ਈ: ਵਿੱਚ ਔਰੰਗਜ਼ੇਬ ਰਾਜ ਗੱਦੀ ਤੇ ਬੈਠਾ। ਉਸਨੇ ਆਪਣੇ ਵਾਰਸਾਂ ਦੀ ਹਿੰਦੁਸਤਾਨ ਦੇ ਵਾਸੀਆਂ ਨੂੰ ਧਰਮ ਦੇ ਮਾਮਲੇ ਵਿੱਚ ਦਿੱਤੀ ਖੁਲ੍ਹ ਨੂੰ ਇਸਲਾਮ ਅਤੇ ਇਸਲਾਮਕ ਰਾਜ ਲਈ ਵੱਡਾ ਖ਼ਤਰਾ ਮੰਨਿਆ। ਗੱਦੀ ਤੇ ਬੈਠਦਿਆਂ ਹੀ ਉਸਨੇ ਆਪਣੀ ਦਿਲੀ ਇੱਛਾ ਅਨੁਸਾਰ ਨਿਰੋਲ ਇਸਲਾਮੀ ਰਾਜ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਜਿਸ ਵਿੱਚ ਹੋਰ ਧਰਮਾਂ ਦੇ ਲੋਕਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਹੀ ਜਿਊਣਾ ਪ੍ਰਵਾਨ ਕਰਨਾ ਪੈਣਾ ਸੀ ਜਾਂ ਉਨ੍ਹਾਂ ਨੂੰ ਇਸਲਾਮ ਧਰਮ ਗ੍ਰਹਿਣ ਕਰਨਾ ਪੈਣਾ ਸੀ। ਉਹ ਆਪਣੇ ਪੜਦਾਦੇ ਅਕਬਰ ਨੂੰ ਹਿੰਦੂ ਧਰਮ ਪ੍ਰਤੀ ਵਰਤੇ ਸਨੇਹ ਕਾਰਣ ਸਖ਼ਤ ਨਫ਼ਰਤ ਕਰਦਾ ਸੀ ਅਤੇ ਉਸਦੇ ਪਦ ਚਿੰਨ੍ਹਾਂ ਤੇ ਚਲਣ ਵਾਲੇ ਆਪਣੇ ਭਰਾ ਦਾਰੇ ਨੂੰ ਕਤਲ ਕਰਨਾ ਇਸ ਦਾ ਹੀ ਅਮਲ ਵਿੱਚ ਪ੍ਰਗਟਾਅ ਸੀ। ਗੱਦੀ ਤੇ ਬੈਠਦਿਆਂ ਗੈਰ ਮੁਸਲਮ ਧਰਮੀਆਂ ਵਿਰੁੱਧ ਉਸਨੇ ਜਬਰ ਜੁਲਮ ਦਾ ਕੁਹਾੜਾ ਚਲਾਉਣਾ ਸ਼ੁਰੂ ਕਰ ਦਿੱਤਾ। ਹਿੰਦੂ ਤਿਉਹਾਰ ਮਨਾਉਣ ਸੰਗੀਤ ਤੇ ਨਾਚ ਦੀ ਮਨਾਹੀ ਦੇ ਸਖਤ ਹੁਕਮ ਜਾਰੀ ਕਰ ਦਿੱਤੇ। ਅਵੱਗਿਆ ਕਰਨ ਤੇ ਮੌਤ -ਨਾ ਵਕੀਲ ਨਾ ਦਲੀਲ, ਸੰਪੂਰਨ ਤਾਨਾਸ਼ਾਹੀ ਦਾ ਨਾਦ। ਅਗਲੇ ਹੁਕਮਾਂ ਵਿੱਚ ਹਿੰਦੂਆਂ ਨੂੰ ਨੌਕਰੀਆਂ ਤੇ ਲਾਉਣ ਦੇ ਨਾਲ-ਨਾਲ ਦਾੜ੍ਹੀ ਰੱਖਣ ਦੀ ਵੀ ਸਖ਼ਤ ਮਨਾਹੀ ਕਰ ਦਿੱਤੀ। ਮੰਦਰਾਂ ਦੀ ਉਸਾਰੀ ਅਤੇ ਗ਼ੈਰ-ਮੁਸਲਮਾਨਾਂ ਤੇ ਕਰਾਂ ਦੇ ਮਸਲਿਆਂ ਵਿੱਚ ਅਜਿਹਾ ਦਮਨਕਾਰੀ ਚੱਕਰ ਚਲਾਇਆ ਕਿ ਕੁਲ ਕਾਇਨਾਤ ਭੈ-ਭੀਤ ਹੋ ਗਈ। ਹਿੰਦੂ ਸਮਾਜ ਵਿਚ ਕੁਰਲਾਹਟ ਮੱਚ ਗਈ ਪਰ ਬੇਬਸੀ ਦੇ ਆਲਮ ਵਿਚ ਹੱਥ ਮਲਣ ਤੋਂ ਬਿਨਾ ਕੋਈ ਚਾਰਾ ਈ ਨਹੀਂ ਸੀ।

1666 ਈ: ਨੂੰ ਇਕ ਹੋਰ ਤਾਨਸ਼ਾਹੀ ਹੁਕਮ ਜਾਰੀ ਕੀਤਾ ਕਿ ਹਿੰਦੁਸਤਾਨ ਦੀ ਧਰਤਿ ਤੇ ਅਗੇ ਤੋਂ ਨਵੇਂ ਮੰਦਰ ਉਸਾਰੇ ਨਹੀਂ ਜਾਣਗੇ। ਇਸ ਦੇ ਨਾਲ ਹੀ ਮਥੁਰਾ ਦੇ ਕੇਸ਼ਵ ਰਾਏ ਮੰਦਰ ਨੂੰ ਢਾਹ-ਢੇਰੀ ਕਰਨ ਦਾ ਫ਼ੁਰਮਾਨ ਵੀ ਜਾਰੀ ਹੋ ਗਿਆ ਸੀ। ਇਹ ਪਹਿਲਾ ਹਿੰਦੂ ਤੀਰਥ ਅਸਥਾਨ ਸੀ ਜੋ ਔਰੰਗਜ਼ੇਬ ਦੀ ਦਮਨਕਾਰੀ ਨੀਤੀ ਦੀ ਭੇਂਟ ਚੜ੍ਹਿਆਂ। ਇਸ ਤੋਂ ਬਾਅਦ ਇਹ ਸਿਲਸਿਲਾ ਨਿਰੰਤਰਤਾ ਵਿੱਚ ਜਾਰੀ ਰਿਹਾ। 1669ਈ: ਨੂੰ ਬਨਾਰਸ ਦਾ ਵਿਸ਼ਵਨਾਥ ਅਤੇ ਗੋਪੀਨਾਥ ਮੰਦਰ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ ਗਈਆਂ। 1670ਈ: ਦੇ ਫ਼ੁਰਮਾਨਾਂ ਰਾਹੀਂ ਹਿੰਦੂਆਂ ਦੇ ਘੋੜੇ ਤੇ ਚੜ੍ਹਣ, ਹਥਿਆਰ ਰੱਖਣ ਤੇ ਪਗ ਬੰਨ੍ਹਣ ਤੇ ਪੂਰਨ ਪਾਬੰਦੀ ਲਾ ਦਿੱਤੀ ਗਈ। 1671 ਈ: ਦੇ ਫ਼ੁਰਮਾਨ ਨਾਲ ਨੌਕਰੀਆਂ ਤੇ ਲਗੇ ਸਾਰੇ ਹਿੰਦੂ ਸ਼ਾਹੀ ਨਛੱਤਰ, ਨਜੂਮੀ ਅਤੇ ਅਹਿਲਕਾਰ ਨੌਕਰੀਆਂ ਤੋਂ ਕੱਢ ਬਾਹਰ ਕੀਤੇ। ਅਕਬਰ ਦੇ ਵੇਲੇ ਖਤਮ ਕੀਤੇ ਜਜ਼ੀਆ ਅਤੇ ਯਾਤਰੂ ਟੈਕਸ ਮੁੜ ਲਾਗੂ ਕੀਤੇ ਜਿਨ੍ਹਾਂ ਨੇ ਲੋਕਾਂ ਦਾ ਬੁਰੀ ਤਰਾਂ ਲਹੂ ਨਿਚੋੜ ਲਿਆ। ਰੋਜ਼ਾਨਾ ਸਖ਼ਤ ਸ਼ਾਹੀ ਫ਼ੁਰਮਾਨ ਜਾਰੀ ਕੀਤੇ ਜਾਣ ਲਗੇ ਤਾਂ ਜੋ ਲੋਕ ਖੁਦ-ਬਖੁਦ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਹੋ ਜਾਣ। ਉਨ੍ਹਾਂ ਫ਼ਤਵਿਆਂ ਵਿੱਚ ਇਕ ਫ਼ਤਵੇ ਦੀ ਇਬਾਰਤ ਇਸ ਤਰ੍ਹਾਂ ਸੀ:

ਕਾਫ਼ਰਾਂ ਨੂੰ ਮੋਮਿਨ ਬਣਾਓ, ਜੇ ਨਾ ਬਣਨ ਤਾਂ ਗੁਲਾਮ ਜ਼ਰੂਰ ਬਣਾਓ,
ਨਾ ਮੰਨਣ ਤੇ ਉਨ੍ਹਾਂ ਦੀ ਧਨ-ਸੰਪਤੀ ਤੇ ਕਬਜ਼ਾ ਕਰਕੇ ਉਨ੍ਹਾਂ ਦੀ ਹੋਂਦ ਦੇ ਸਾਧਨ ਖੋਹ ਲਓ।
ਅਜਿਹਾ ਕਰਨ ਦੇ ਬਾਵਜੂਦ ਵੀ ਜੇਕਰ ਉਹ ਅੜੇ ਰਹਿਣ ਤਾਂ ਮਾਰ ਮੁਕਾ ਦਿਓ।

ਜਦੋਂ ਅਜਿਹਾ ਦਮਨਕਾਰੀ ਚੱਕਰ ਚਲ ਰਿਹਾ ਸੀ ਤਾਂ ਸਿੱਖ ਧਰਮ ਵੱਲੋਂ ਸਾਹਮਣੇ ਆਉਣਾ ਲਾਜ਼ਮੀ ਹੀ ਸੀ ਨਤੀਜੇ ਵੱਜੋਂ ਖ਼ੂਨ ਦੀਆਂ ਨਦੀਆਂ ਦਾ ਵਹਿਣਾ ਹੀ ਵਹਿਣਾ ਸੀ। ਇਹ ਸੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਦੇ ਤੌਰ ਤੇ ਸਾਹਮਣੇ ਆਇਆ। ਔਰੰਗਜ਼ੇਬ ਦੇ ਜਬਰ ਅਤੇ ਜ਼ੁਲਮ ਨੂੰ ਠਲ੍ਹ ਪਾਉਣ ਲਈ ਗੁਰੂ ਪਾਤਸ਼ਾਹ ਨੇ ਅਗੇ ਆ ਕੇ ਅਜਿਹਾ ਇਤਿਹਾਸ ਸਿਰਜ ਦਿੱਤਾ ਜੋ ਸੰਸਾਰੀ ਇਤਿਹਾਸ ਵਿੱਚ ਅਦੁੱਤੀ ਮਿਸਾਲ ਦੇ ਤੌਰ ਤੇ ਹਮੇਸ਼ਾ-ਹਮੇਸ਼ਾ ਲਈ ਮਹਿਫ਼ੂਜ਼ ਹੋ ਗਿਆ।

## 5.4 ਨਕਸ਼ਬੰਦੀ ਸਿਲਸਿਲਾ

ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰ ਵਰਗੇ ਸੰਦੇਸ਼ ਜਦੋਂ ਇਸਲਾਮੀ ਕਟੜਤਾ ਦੀ ਭੇਂਟ ਚੜ ਗਏ ਤਾਂ ਇਸ ਦੇ ਵਿਰੋਧ ਵਿੱਚ ਸੂਫੀਵਾਦ ਨਾਂ ਦੀ ਇਕ ਲਹਿਰ ਚਲੀ, ਜਿਸਨੇ ਕਟੜਤਾ ਦੀ ਹਨ੍ਹੇਰੀ ਨੂੰ ਠਲ੍ਹ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਦਾ ਬਾਨੀ ਅਬੂ ਹਾਸ਼ਮ ਕੂਫ਼ੀ ਸੀ ਜੋ ਕੂਫ਼ ਸ਼ਹਿਰ ਦਾ ਵਸਨੀਕ ਸੀ। ਇਹ ਲਹਿਰ

ਬਹੁਤ ਹੀ ਹਰਮਨ ਪਿਆਰੀ ਹੋਈ ਅਤੇ ਹਿੰਦੁਸਤਾਨ ਦੀ ਧਰਤੀ ਤਕ ਪਹੁੰਚਣ ਤਕ ਇਹ ਕਈ ਹਿੱਸਿਆ ਵਿੱਚ ਵੰਡੀ ਗਈ, ਜਿੰਨ੍ਹਾਂ ਨੂੰ ਸਿਲਸਿਲੇ ਦਾ ਨਾਮ ਦਿੱਤਾ ਗਿਆ। ਇਨ੍ਹਾਂ ਵਿੱਚ ਪ੍ਰਮੁੱਖ ਸਿਲਸਿਲੇ-ਚਿਸ਼ਤੀ, ਕਾਦਰੀ ਅਤੇ ਨਕਸ਼ਬੰਦੀ ਸਨ, ਜਿਨ੍ਹਾਂ ਦੇ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਤਰ੍ਹਾਂ ਦੇ ਹੀ ਸਬੰਧ ਰਹੇ। ਚਿਸ਼ਤੀ ਸਿਲਸਿਲੇ ਦੇ ਦੈਵੀ ਫ਼ਕੀਰ ਬਾਬਾ ਫ਼ਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ, ਕਾਦਰੀ ਸਿਲਸਿਲੇ ਦੇ ਫ਼ਕੀਰ ਸਾਈਂ ਮੀਆਂ ਮੀਰ ਨੇ ਗੁਰੂ ਅਰਜਨ ਪਾਤਸ਼ਾਹ ਦੇ ਹੁਕਮ ਤੇ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਨਕਸ਼ਬੰਦੀ ਸਿਲਸਿਲੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾਈ। ਸੁਹਰਾਵਰਦੀ ਸਿਲਸਿਲੇ ਨਾਲ ਸਬੰਧਤ ਮਲੇਰਕੋਟਲੇ ਦੇ ਨਵਾਬ ਨੇ ਛੋਟੇ ਸਾਹਿਬਜਾਦਿਆਂ ਦੀ ਸ਼ਹਾਦਤ ਵੇਲੇ ਆਹ ਦਾ ਨਾਅਰਾ ਮਾਰਿਆ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ ਪਿਆਰ ਵਾਲੇ ਸਿਧਾਤਾਂ ਨੂੰ ਤਿਲਾਂਜਲੀ ਦੇ ਪੂਰਨ ਤੌਰ ਤੇ ਕਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ। ਆਪਣੀ ਕਟੜਤਾ ਦੀ ਇਸ ਅਗਨੀ ਵਿੱਚ ਉਹ ਕੁਲ 'ਕਾਫਰਾਂ' ਨੂੰ ਫ਼ਨਾਹ ਕਰਨ ਦੀ ਤਾਕਤ ਲਈ ਅੱਲਾਹ ਅੱਗੇ ਅਰਜੋਈਆਂ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗੈਰ-ਧਰਮੀਆਂ ਨੂੰ ਖਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ। ਨਫ਼ਰਤ ਦੇ ਇਸ ਕਰਮ ਦੀ ਸਿਖਰ ਸ਼ੇਖ ਅਹਿਮਦ ਸਰਹਿੰਦੀ ਦੇ ਵੇਲੇ ਸੀ। ਉਹ ਮੁਜ਼ੱਦਦ ਅਲਫ਼ਿਸਾਨੀ (ਹਜ਼ਾਰਾਂ ਯੁਗਾਂ ਦਾ ਸੁਧਾਰਕ) ਦਾ ਖ਼ਿਤਾਬ ਧਾਰਨ ਕਰਕੇ ਪਿਛਾਂਹ ਖਿਚੂ ਸ਼ਕਤੀਆਂ ਦਾ ਆਗੂ ਬਣ ਬੈਠਾ। ਉਸਦੀ ਇੱਛਾ ਸੀ ਕਿ ਸਭ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮੁਆਮਲਿਆਂ ਦਾ ਨਿਪਟਾਰਾਂ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ। ਅਕਬਰ ਦਾ ਦੀਨਿ-ਇਲਾਹੀ, ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨ੍ਹਾਂ ਦੇ ਤਿਥਾਂ-ਤਿਉਹਾਰਾਂ ਵਿੱਚ ਉਸਦੀ ਸ਼ਮੂਲੀਅਤ ਨੂੰ ਉਹ ਇਸਲਾਮ ਵਾਸਤੇ ਖ਼ਤਰਾ ਤਸੱਵਰ ਕਰਦਾ। ਇਕ ਅਜਿਹਾ ਖ਼ਤਰਾ ਜੋ ਇਸਲਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖ਼ਤਮ ਕਰ ਸਕਦਾ ਸੀ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਸ ਸਿਲਸਿਲੇ ਦੀ ਅਗਵਾਈ ਸ਼ੇਖ ਮਾਸੂਮ ਕਰਦਾ ਸੀ। ਉਸ ਵੇਲੇ ਪੰਜਾਬ ਦੀ ਸਾਰੀ ਧਰਤੀ ਤੇ ਗੁਰੂ ਮਹਿਮਾ ਦਾ ਗਾਇਨ ਸੀ, ਜੋ ਸ਼ੇਖ ਮਾਸੂਮ ਲਈ ਅਸਹਿ ਸੀ। ਇਸਲਾਮੀ ਰਾਜ ਵਿੱਚ ਕਾਫ਼ਰ ਧਰਮ ਦਾ ਪ੍ਰਕਾਸ਼ ਉਸ ਲਈ ਕਿਆਮਤ ਦੇ ਦਿਨ ਵਰਗਾ ਹੀ ਸੀ। ਉਹ ਗੁਰੂ ਪਾਤਸ਼ਾਹ ਵਿਰੁੱਧ ਸਖ਼ਤ ਕਦਮ ਚੁਕਣ ਦੇ ਹੱਕ ਵਿੱਚ ਸੀ। ਗੁਰੂ ਪਾਤਸ਼ਾਹ ਦੀਆਂ ਧਰਮ ਪ੍ਰਚਾਰ ਲਈ ਯਾਤਰਾਵਾਂ ਨੂੰ ਉਹ ਇਸਲਾਮ ਅਤੇ ਇਸਲਾਮਕ ਸਰਕਾਰ ਵਿਰੁੱਧ ਪ੍ਰਚਾਰ ਮੰਨਦਾ ਸੀ। ਉਸ ਨੇ ਸਿੱਖ ਧਰਮ ਨੂੰ ਤਕੜੇ ਹਥੀਂ ਨਜਿੱਠਣ ਦਾ ਮਨ ਬਣਾਇਆ ਅਤੇ ਇਸਲਾਮਕ ਫ਼ਤਵਿਆਂ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫ਼ੁਰਮਾਨ ਵਜੋਂ ਜਾਰੀ ਕਰਵਾਉਣ ਵਿੱਚ ਸਫ਼ਲ ਹੋ ਗਿਆ। ਇਕ ਫ਼ਤਵਾ ਉਦਾਹਰਣ ਲਈ ਪੇਸ਼ ਹੈ:

> ਅੱਲਾਹ ਬਿਲਾ ਹੋਰ ਕੋਈ ਖੁਦਾ ਨਹੀਂ ਅਤੇ
> ਮੁਹੰਮਦ ਸਾਹਿਬ ਹੀ ਅੱਲਾਹ ਦਾ ਸਨੇਹਾ ਦੇਣ ਵਾਲੇ ਪੈਗੰਬਰ ਹਨ।
> ਇਸ ਕਲਮੇ ਤੇ ਯਕੀਨ ਰਖਣ ਵਾਲਾ ਮੋਮਿਨ (ਇਮਾਨ ਵਾਲਾ)
> ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ।
> ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫ਼ਰਜ਼ ਹੈ ਕਿ
> ਉਹ ਕਾਫਰਾਂ ਦੀ ਹਥਿਆਰਬੰਦ (ਦਾਰੁਲ-ਹਰਬ) ਦੁਨੀਆਂ ਨੂੰ
> ਸ਼ਾਂਤੀ ਦੀ ਦੁਨੀਆਂ(ਦਾਰੁਲ-ਇਸਲਾਮ) ਵਿੱਚ ਤਬਦੀਲ ਕਰਨ ਲਈ
> ਧਰਮ-ਯੁੱਧ (ਜਹਾਦ) ਕਰਨ।

ਮੁਗ਼ਲੀਆਂ ਹਕੂਮਤ ਵਿੱਚ ਜਦੋਂ-ਜਦੋਂ ਵੀ ਬਾਦਸ਼ਾਹ ਨਕਸ਼ਬੰਦੀ ਸਕੂਲ ਦਾ ਧਾਰਨੀ ਬਣਿਆ ਤਾਂ ਸਿੱਖ ਧਰਮ ਲਈ ਸਖਤੀਆਂ ਦਾ ਦੌਰ ਸ਼ੁਰੂ ਹੋਇਆ। ਜਹਾਂਗੀਰ ਨੂੰ ਚੜ੍ਹਾਈ ਗਈ ਕਟੜਤਾ ਦੀ ਪੁਠ ਵਿੱਚ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਸਾਹਮਣੇ ਆਈ ਸੀ ਅਤੇ ਹੁਣ ਔਰੰਗਜ਼ੇਬ ਦੇ ਇਸ ਸਿਲਸਿਲੇ ਨੂੰ ਸਿਰ ਨਵਾਉਣ ਵਿਚੋਂ ਜੋ ਸਾਹਮਣੇ ਆਉਣਾ ਸੀ, ਉਹ ਪ੍ਰਤੱਖ ਤੌਰ ਤੇ ਨਜ਼ਰ ਆਉਣ ਲੱਗਾ।

## 5.5 ਕਸ਼ਮੀਰੀ ਪੰਡਤਾਂ ਦੀ ਫ਼ਰਿਆਦ

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮੋੜ ਉਸ ਵੇਲੇ ਕੱਟਿਆ ਗਿਆ ਜਦੋਂ 1675 ਈ: ਨੂੰ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਅਨੰਦਪੁਰ ਸਾਹਿਬ ਦੀ ਧਰਤੀ ਤੇ ਆਣ ਪਹੁੰਚਿਆ। ਕਸ਼ਮੀਰ, ਹਿੰਦੂ ਵਿਦਵਤਾ ਦਾ ਸਰਵਉੱਚ ਕੇਂਦਰ ਸੀ ਤੇ ਕਸ਼ਮੀਰੀ ਪੰਡਤ ਆਪਣੀ ਵਿਦਵਤਾ ਕਾਰਨ ਉੱਤਰੀ ਭਾਰਤ ਦੇ ਹਿੰਦੂਆਂ ਵਿੱਚ ਬਹੁਤ ਉੱਚਾ ਸਥਾਨ ਰੱਖਦੇ ਸਨ।

ਉਸ ਵੇਲੇ ਕਸ਼ਮੀਰ ਦਾ ਸੂਬੇਦਾਰ ਸ਼ੈਫ਼ਖਾਨ ਸੀ ਜੋ ਦਰਵੇਸ਼ ਸੁਭਾਅ ਦਾ ਮਾਲਕ ਸੀ। ਹਿੰਦੂ ਅਤੇ ਮੁਸਲਮਾਨਾਂ ਵਿੱਚ ਫਰਕ ਕਰਨਾ ਉਸ ਦੀ ਮਾਨਸਿਕਤਾ ਦਾ ਹਿੱਸਾ ਹੀ ਨਹੀਂ ਸੀ। ਕੁਲ ਕਸ਼ਮੀਰੀ ਪਰਜਾ ਉਸ ਦਾ ਸਤਿਕਾਰ ਕਰਦੀ ਸੀ। ਪਰ ਔਰੰਗਜ਼ੇਬ ਉਸ ਦੇ ਨਿਮਰ ਸੁਭਾਅ ਅਤੇ ਹਿੰਦੂਆਂ ਪ੍ਰਤੀ ਦਿਖਾਈ ਜਾਂਦੀ ਦਿਆਲਤਾ ਕਰਕੇ ਉਸਨੂੰ ਬਹੁਤ ਨਫ਼ਰਤ ਕਰਦਾ ਸੀ। 1671 ਈ: ਨੂੰ ਔਰੰਗਜ਼ੇਬ ਨੇ ਸ਼ੈਫ਼ਖਾਨ ਨੂੰ ਸੂਬੇਦਾਰੀ ਤੋਂ ਹਟਾ ਕੇ ਇਫ਼ਤਖਾਰ ਖਾਨ ਨੂੰ 'ਸ਼ੇਰ ਅਫ਼ਗਾਨ' ਦੀ ਉਪਾਧੀ ਦੇ ਕੇ ਕਸ਼ਮੀਰ ਦਾ ਸੂਬੇਦਾਰ ਲਾ ਦਿੱਤਾ ਅਤੇ ਆਪਣੇ ਮਿਸ਼ਨ ਦੀ ਜਾਣਕਾਰੀ ਵੀ ਦੇ ਦਿੱਤੀ। ਸੂਬੇਦਾਰ ਬਣਦਿਆਂ ਹੀ ਉਸਨੇ ਦਮਨਕਾਰੀ ਚੱਕਰ ਚਲਾਇਆ, ਸਖ਼ਤੀ ਦਾ ਅਜਿਹਾ ਦੌਰ ਚੱਲਿਆ ਕਿ ਹਜ਼ਾਰਾਂ ਹੀ ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਦਿੱਤਾ ਗਿਆ। ਇਸ ਨਾਲ ਪੂਰੇ ਕਸ਼ਮੀਰ ਵਿੱਚ ਹਾਹਾਕਾਰ ਮਚ ਗਈ। ਬੇਬਸੀ ਦੇ ਆਲਮ ਵਿੱਚ ਕੋਈ ਰਾਹ ਨਜ਼ਰ ਨਾ ਆਇਆ। ਅੰਤ ਕੁਝ ਹਿੰਦੂਆਂ ਦੇ ਪ੍ਰਤੀਨਿਧ ਨਾਨਕ ਪਾਤਸ਼ਾਹ ਦੇ ਸ਼ਰਧਾਲੂ ਸਿੱਖ ਬ੍ਰਹਮ ਦਾਸ ਦੇ ਪੜਪੋਤਰੇ ਕਿਰਪਾ ਰਾਮ ਜੀ ਦੀ ਸ਼ਰਣ ਵਿੱਚ ਜਾ ਪਹੁੰਚੇ। ਉਸਨੇ ਮੁਕਤੀ ਦੇ ਇਕੋ-ਇਕ ਰਾਹ ਨਾਨਕ ਦਰਬਾਰ ਵੱਲ ਇਸ਼ਾਰਾ ਕੀਤਾ। ਉਸਦੀ ਨਿਗਾਹਬਾਨੀ ਹੇਠ ਹੀ 16 ਮੈਂਬਰੀ ਵਫ਼ਦ ਨੇ ਅਨੰਦਪੁਰ ਦੀ ਧਰਤੀ ਤੇ ਗੁਰੂ ਪਾਤਸ਼ਾਹ ਨੂੰ ਨਮੋ ਕਰ ਅਤੇ ਸਮੁੱਚੇ ਕਸ਼ਮੀਰ ਦੇ ਹਾਲਾਤਾਂ ਨੂੰ ਗੁਰੂ ਜੀ ਸਾਹਮਣੇ ਬਿਆਨ ਕੀਤਾ। ਇਸ ਮੁਲਾਕਾਤ ਨੂੰ ਭੱਟ ਵਹੀ ਮੁਲਤਾਨੀ ਸਿੰਧੀ ਨੇ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ:

> ਭਾਈ ਕ੍ਰਿਪਾ ਰਾਮ ਬੇਟਾ ਅੜੂਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ,
> ਬੰਸ ਠਾਕਰ ਕਾ, ਦਤ ਗੋਤਰਾ, ਮੁਝਾਲ ਬ੍ਰਾਹਮਣ ਵਾਸੀ ਮਟਨ ਦੇਸ਼ ਕਸ਼ਮੀਰ
> ਸੰਮਤ ਸਤਰਾਂ ਸੈ ਬਤੀਸ, ਜੇਠ ਮਾਸੇ ਸੁਦੀ ਇਕਾਦਸ਼ੀ ਕੇ,
> ਇਹੁ ਖੋੜਸ ਬ੍ਰਾਹਮਣੋਂ ਗੈਲ ਦਰਬਾਰ ਆਹਿ ਫ਼ਰਿਆਦੀ ਹੋਇਆ।
> ਗੁਰੂ ਜੀ ਨੇ ਇਸ ਧੀਰਜ ਦਈ,
> ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।

ਸਿੱਖ ਰਵਾਇਤ ਹੈ ਕਿ ਬ੍ਰਾਹਮਣਾਂ ਦੀ ਇਸ ਫ਼ਰਿਆਦ ਦੇ ਸਮੇਂ ਜਦੋਂ ਸਾਰੇ ਗੰਭੀਰ ਮੁਦਰਾ ਵਿੱਚ ਵਿਚਾਰਲੀਨ ਸਨ ਤਾਂ ਬਾਲ ਗੋਬਿੰਦ , ਗੁਰੂ ਦਰਬਾਰ ਵਿੱਚ ਪਹੁੰਚ ਕੇ, ਗੰਭੀਰ ਚਿਤ ਬੈਠੀ ਸਾਧ ਸੰਗਤ ਨੂੰ ਵੇਖ ਕੇ ਹੈਰਾਨ ਹੋ ਗਏ। ਆਪ ਨੇ ਗੁਰੂ ਪਿਤਾ ਕੋਲੋ ਸੰਜੀਦਗੀ ਦਾ ਕਾਰਣ ਪੁੱਛਿਆ। ਗੁਰੂ ਬਾਬੇ ਨੇ ਕਸ਼ਮੀਰੀ ਪੰਡਤਾਂ ਦੀ ਵਿਥਿਆ ਸੁਣਾ ਇਹ ਬਚਨ ਕੀਤਾ ਕਿ ਇਨ੍ਹਾਂ ਦੇ ਬਚਾਅ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਲਾਜ਼ਮੀ ਹੈ। ਬਾਲ ਗੋਬਿੰਦ ਜੀ ਨੇ ਗੁਰੂ ਪਾਤਸ਼ਾਹ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਆਪ ਤੋਂ ਵੱਧ ਯੋਗ ਮਹਾਂਪੁਰਖ ਕੌਣ ਹੋ ਸਕਦਾ ਹੈ। ਗੁਰੂ ਸਾਹਿਬ ਪ੍ਰਸੰਨ ਹੋਏ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਸੂਬੇਦਾਰ ਨੂੰ ਕਹਿ ਦੇਣ ਕਿ ਉਹ ਧਰਮ ਛੱਡਣ ਲਈ ਤਿਆਰ ਹਨ, ਬਸ਼ਰਤੇ ਕਿ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲਣ ਲਈ ਮਨਾ ਲਿਆ ਜਾਵੇ।

ਖੁਫ਼ੀਆਂ ਅਹਿਲਕਾਰਾਂ ਨੇ ਬ੍ਰਾਹਮਣਾਂ ਦੇ ਕਸ਼ਮੀਰ ਪਹੁੰਚਣ ਤੋਂ ਪਹਿਲਾਂ ਹੀ ਕਸ਼ਮੀਰੀ ਪੰਡਤਾਂ ਦੀ ਗੁਰੂ ਤੇਗ ਬਹਾਦਰ ਜੀ ਨਾਲ ਮੁਲਾਕਾਤ ਅਤੇ ਗੁਰੂ ਸਾਹਿਬ ਦੇ ਸੁਨੇਹੇ ਨੂੰ ਔਰੰਗਜ਼ੇਬ ਕੋਲ ਪਹੁੰਚਾ ਦਿੱਤਾ, ਜੋ ਉਸ ਵੇਲੇ ਹਸਨ ਅਬਦਾਲ ਵਿੱਚ ਸੀ। ਬਾਦਸ਼ਾਹ ਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ:

> ਤੇਗ ਬਹਾਦਰ ਰਾ ਗ੍ਰਿਫ਼ਤਾਰ, ਮੁਕਯਦ ਉ ਮਹਿਬੂਸ ਦਰੰਦ

ਇਸ ਹੁਕਮ ਦੀ ਤਾਮੀਲ ਹੋਈ ਅਤੇ ਸਰਹਿੰਦ ਦੇ ਸੂਬੇਦਾਰ ਦਿਲਾਵਰ ਖ਼ਾਂ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖ਼ਾਂ ਨੂੰ ਇਸ ਸੰਬੰਧੀ ਹੁਕਮ ਜਾਰੀ ਕਰ ਗੁਰੂ ਜੀ ਨੂੰ ਗ੍ਰਿਫਤਾਰ ਕਰ ਦਰਬਾਰ ਵਿੱਚ ਹਾਜ਼ਰ ਕਰਨ ਦਾ ਹੁਕਮ

ਜਾਰੀ ਕਰ ਦਿੱਤਾ। ਗੁਰੂ ਸਾਹਿਬ ਨੇ ਇਧਰ ਸ਼ਹਾਦਤ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਅਤੇ ਦਿੱਲੀ ਵੱਲ ਚਾਲੇ ਪਾ ਦਿੱਤੇ, ਪਰ ਅਜੇ ਉਹ ਰੋਪੜ ਦੇ ਇਕ ਪਿੰਡ ਮਲਕਪੁਰ ਰੰਘੜਾਂ ਵਿੱਚ ਹੀ ਸਨ ਕਿ ਗੁਪਤਚਰਾਂ ਦੀ ਰਿਪੋਰਟ ਤੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗੱਲ ਦੀ ਪੁਸ਼ਟੀ ਭੱਟ ਵਹੀ ਇਸ ਤਰ੍ਹਾਂ ਕਰਦੀ ਹੈ:

ਗੁਰੂ ਤੇਗ ਬਹਾਦਰ ਜੀ ਮਹੱਲ ਨਾਮਾਂ ਕੋ
ਨੂਰ ਮੁਹੰਮਦ ਖ਼ਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ
ਸਾਲ ਸਤਰਾ ਸੈ ਬਤੀਸ ਸਾਵਨ ਪ੍ਰਗਿਸਟੇ ਬਾਰਾਂ
ਮਲਕਪੁਰ ਪਰਗਨਾ ਘਨਉਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ
ਸਾਥ ਸਤੀ ਦਾਸ ਮਤੀ ਦਾਸ ਬੇਟੇ ਹੀਰਾ ਮਲ ਛਿਬੜ ਕੇ
ਸਾਥ ਦਿਆਲ ਦਾਸ ਬੇਟਾ ਮਾਈ ਦਾਸ ਬਲਉਤ ਕਾ ਪਕੜਿਆ ਆਇਆ,
ਚਾਰ ਮਾਹ ਸਰਹੰਦ ਔਰ ਦਿੱਲੀ ਬੰਦੀ ਖ਼ਾਨੇ ਮੇ ਰਹੇ।

### 5.6 ਸ਼ਹਾਦਤ

ਸਮਕਾਲੀ ਸ੍ਰੋਤਾਂ ਅਨੁਸਾਰ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿੱਖਾਂ ਸਮੇਤ ਲੰਮਾ ਸਮਾਂ ਸਰਹਿੰਦ ਵਿਖੇ ਕੈਦ ਰੱਖਿਆ ਗਿਆ। ਮੁਗਲ ਬਾਦਸ਼ਾਹ ਦਾ ਅਗਲਾ ਹੁਕਮ ਅਜੇ ਆਉਣਾ ਬਾਕੀ ਸੀ। ਔਰੰਗਜ਼ੇਬ ਨੇ ਅਗਲਾ ਹੁਕਮ ਵੀ ਭੇਜਣ ਵਿੱਚ ਬਹੁਤੀ ਦੇਰੀ ਨਾ ਕੀਤੀ, ਹੁਕਮ ਸੀ:

ਹੁਕਮੇ ਦੀਗਰ ਦਰ ਬਾਰਾਇ ਤੇਗ ਬਹਾਦਰ ਰਸੀਦ
ਕਿ ਊ ਰਾ ਕੁਸ਼ਤਾ ਵਾ ਜਿਸਦਸ ਰਾ ਚੰਦ ਹਿੱਸਾ ਨਮੂਦਾ ਅਤਰਾਫਿ ਸ਼ਹਿਰ ਬਿਵਾਜੇਵੰਦ
ਹਸਬਉਲ ਹੁਕਮ ਬਵਕੂਹ ਪੈਵਸਤ

ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਜਿਸਮ ਦੇ ਟੁਕੜੇ-ਟੁਕੜੇ ਕਰ ਸ਼ਹਿਰ ਦੇ ਆਲੇ-ਦੁਆਲੇ ਟੰਗ ਦਿੱਤੇ ਜਾਣ।

ਇਹ ਹੁਕਮ ਮਿਲਦੇ ਹੀ ਨਵੰਬਰ ਦੀ 5 ਤਾਰੀਖ਼ 1675 ਈ। ਨੂੰ ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਦਿੱਲੀ ਭੇਜ ਦਿੱਤਾ ਗਿਆ। ਦਿੱਲੀ ਦੇ ਨਾਜ਼ਿਮ ਅਤੇ ਮੁੱਖ ਕਾਜ਼ੀ ਨੇ ਕਿਸੇ ਵੀ ਲੁਕ-ਲੁਕਾਅ ਤੋਂ ਬਿਨਾ ਗੁਰੂ ਸਾਹਿਬ ਸਾਹਮਣੇ ਸਿੱਧੀਆਂ ਤਿੰਨ ਸ਼ਰਤਾਂ ਰੱਖੀਆਂ:

1. ਕੋਈ ਕਰਾਮਾਤ ਦਿਖਾਓ
2. ਇਸਲਾਮ ਕਬੂਲ ਕਰੋ
3. ਮਰਨ ਲਈ ਤਿਆਰ ਰਹੋ

ਨਾਜ਼ਿਮ ਅਤੇ ਕਾਜ਼ੀ ਦੀ ਜ਼ੋਰ ਅਜਮਾਇਸ਼ ਕਿਸੇ ਕੰਮ ਨਾ ਆਈ। ਆਪ ਨੂੰ ਕੋਤਵਾਲੀ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਤੇ ਤਸ਼ੱਦਦ ਕੀਤਾ ਜਾਂਦਾ ਰਿਹਾ। ਪਰ ਗੁਰੂ ਸਾਹਿਬ ਦੀ ਅਡੋਲਤਾ ਅਤੇ ਦ੍ਰਿੜ੍ਹਤਾ ਸਾਹਮਣੇ ਉਨ੍ਹਾਂ ਦੀ ਪੇਸ਼ ਨਾ ਗਈ। ਗੁਰੂ ਸਾਹਿਬ ਨੇ ਕਾਜ਼ੀ ਨੂੰ ਕਿਹਾ:

ਯਾਦ ਰਖ ਰੱਬ ਸਭ ਦਾ ਸਾਂਝਾ ਹੈ, ਕਿਆ ਰਾਜਾ ਕਿਆ ਰੰਕ,
ਉਹ ਕਿਸੇ ਇਕ ਫ਼ਿਰਕੇ ਕਾ ਨਹੀਂ।
ਉਸ ਸਾਚੇ ਸਾਹਿਬ ਕੋ ਕੋਈ ਐਸਾ ਦੀਨ ਹਰਗਿਜ਼ ਮਨਜ਼ੂਰ ਨਹੀਂ ਹੋਤਾ
ਜੋ ਤਲਵਾਰ ਕੇ ਜੋਰ ਸੇ ਫੈਲਾਇਆ ਜਾਵੇ।
ਯਾਦ ਰੱਖ, ਆਖਰ ਸਚ ਕੀ ਜੈ ਹੋਏਗੀ,
ਕੁਫ਼ਰ ਕਾ ਭਾਂਡਾ ਚੁਰੰਸਤੇ ਮੇਂ ਫੁਟੇਗਾ।

ਕੋਈ ਪੇਸ਼ ਨਾ ਜਾਂਦੀ ਵੇਖ ਗੁਰੂ ਪਾਤਸ਼ਾਹ ਨੂੰ ਡਰਾਉਣ ਲਈ ਗੁਰੂ ਸਾਹਿਬ ਦੇ ਤਿੰਨੇ ਸਾਥੀਆਂ ਨੂੰ ਸਖ਼ਤ ਤਸੀਹੇ ਦੇ ਸ਼ਹਾਦਤ ਦਾ ਜਾਮ ਪਿਲਾ ਦਿੱਤਾ ਗਿਆ ਪਰ ਸਿੱਖਾਂ ਅਤੇ ਗੁਰੂ ਸਾਹਿਬ ਦੀ ਨਿਡਰਤਾ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਸੀ। ਅਖੀਰ ਸ਼ਾਹੀ ਜੱਲਾਦ ਨੂੰ ਹੁਕਮ ਦਿੱਤਾ ਗਿਆ ਨਤੀਜਤਨ ਗੁਰੂ ਸਾਹਿਬ ਦਾ ਪਾਵਨ ਸੀਸ, ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧੜ ਤੋਂ ਅਲਗ ਕਰ ਦਿੱਤਾ ਗਿਆ।

ਸਿੱਖਾਂ ਲਈ ਇਹ ਸ਼ਹੀਦੀ ਜ਼ਿੰਦਾ ਮਿਸਾਲ ਹੋ ਨਿਬੜੀ। ਗੁਰੂ ਸਾਹਿਬ ਦੀ ਨਿਰਭੈਤਾ ਸਿੱਖਾਂ ਲਈ ਦੈਵੀ ਗੁਣ ਬਣ ਗਿਆ। ਜਿਸ ਰਾਹ ਤੇ ਗੁਰੂ ਆਪ ਤੁਰਦਾ ਹੈ, ਉਸ ਰਾਹ ਤੇ ਤੁਰਨੋ ਸਿੱਖ ਕਿਉਂ ਝਿਜਕੇ। ਹੁਣ ਡਰ ਦੀ ਥਾਂ ਸ਼ਹੀਦੀਆਂ ਦਾ ਚਾਉ ਸਿੱਖਾਂ ਨੂੰ ਚੜਨ ਲਗਾ। ਸਿੱਖਾਂ ਦੇ ਮਨ ਵਿੱਚ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਇਹ ਭਾਵਨਾ ਸੀ ਕਿ ਮੁਗਲੀਆਂ ਹਾਕਮ ਆਪਣੇ ਕੀਤੇ ਤੇ ਪਛੋਤਾਵਾ ਕਰਦੇ ਹੋਏ ਅਗੇ ਤੋਂ ਅਜਿਹਾ ਗੁਨਾਹ ਕਰਨ ਤੋਂ ਤੌਬਾ ਕਰ ਲੈਣਗੇ ਪਰ ਨੌਵੇਂ ਗੁਰੂ ਬਾਬੇ ਦੀ ਸ਼ਹਾਦਤ ਨਾਲ ਹੁਕਮਰਾਨ ਧਿਰ ਅਤੇ ਨਾਨਕ ਚਿੰਤਨ ਦੇ ਅਨੁਯਾਈਆਂ ਵਿੱਚ ਲਕੀਰ ਖਿੱਚੀ ਗਈ। 1686ਈ: ਤੋ ਲੈ ਕੇ 1704 ਈ: ਤਕ ਸਿੱਖਾਂ ਅਤੇ ਮੁਗਲਾਂ ਵਿਚਕਾਰ ਅਨੇਕਾਂ ਯੁੱਧ ਹੋਏ ਜਿਸ ਵਿੱਚ ਦੁਨੀਆਂ ਦੇ ਵਿੱਚ ਧਾਕ ਜਮਾਈ ਬੈਠੇ ਮੁਗਲਈ ਜਰਨੈਲ ਸਿੰਘਾਂ ਹਥੋਂ ਮਾਰੇ ਗਏ ਅਤੇ ਹਰ ਜੰਗ ਵਿੱਚ ਹੋਈ ਹਾਰ ਨੇ ਹੁਕਮਰਾਨਾਂ ਦੇ ਮਾਨ-ਅਭਿਮਾਨ ਨੂੰ ਤੋੜ ਕੇ ਰੱਖ ਦਿੱਤਾ। 1699 ਈ: ਨੂੰ ਦਸਮ ਪਾਤਸ਼ਾਹ ਨੇ ਖ਼ਾਲਸੇ ਦੀ ਸਿਰਜਨਾ ਕਰ ਸਿੱਖਾਂ ਨੂੰ ਨਵਾਂ ਸਰੂਪ ਦੇ ਦਿੱਤਾ ਅਤੇ ਜੂਝ ਮਰਨ ਵਾਲਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜਿਸਨੇ ਸਤ-ਅਠ ਸੌ ਸਾਲ ਪੁਰਾਣੇ ਮੁਸਲਮਾਨੀ ਰਾਜ ਨੂੰ ਨੇਸਤੋ-ਨਬੂਦ ਕਰ ਕੇ ਰੱਖ ਦਿੱਤਾ। ਖ਼ਾਲਸੇ ਦੀ ਸਿਰਜਨਾ ਤੋਂ ਬਾਅਦ ਸਿੱਖਾਂ ਨੂੰ ਖ਼ੂਨ ਦੀਆਂ ਨਦੀਆਂ ਪਾਰ ਕਰਨੀ ਪਈਆਂ ਸਿੱਖਾਂ ਦੇ ਸਿਰਾਂ ਦੀਆਂ ਕੀਮਤਾਂ ਨਿਸਚਿਤ ਕਰ ਦਿੱਤੀਆਂ ਗਈਆਂ ਪਰ ਆਪਣੇ ਅਤੁੱਟ ਧਾਰਮਿਕ ਵਿਸ਼ਵਾਸ ਤੇ ਬਾਹੂਬਲ ਦੇ ਭਰੋਸੇ ਸਦਕਾ ਹਰ ਦੁੱਖ-ਸੁਖ ਨੂੰ ਗੁਰੂ ਭਾਣੇ ਵਿੱਚ ਸਵੀਕਾਰਿਆ ਅਤੇ ਅੰਤ ਖਾਲਸਾ ਰਾਜ ਦੇ ਝੰਡੇ ਜਮੁਨਾ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਲਹਿਰਾ ਸਿੱਖ ਰਾਜ ਦੀ ਸਥਾਪਨਾ ਕਰ ਦਿੱਤੀ।

## 5.7 ਸਾਰ

ਨੌਵੇਂ ਗੁਰੂ ਨਾਨਕ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਨਿਮਰਤਾ, ਮਜ਼ਲੂਮਾਂ ਦੀ ਰੱਖਿਆ, ਬਲੀਦਾਨ ਆਦਿ ਗੁਣ ਆਪ ਦੀ ਸ਼ਖਸੀਅਤ ਵਿਚ ਸ਼ਾਮਲ ਸਨ। ਆਪ ਨੇ ਭਾਰਤ ਦੇ ਬਹੁਤ ਸਾਰੇ ਸਥਾਨਾਂ ਦੀਆਂ ਯਾਤਰਾਵਾਂ ਕੀਤੀਆਂ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀ ਖੁਸ਼ਬੂ ਨੇ ਨੌਵੇਂ ਗੁਰੂ ਨਾਨਕ ਨੇ ਵੀ ਬਾਖੂਬੀ ਵੰਡਿਆ। ਆਪ ਜੀ ਦੀ ਦੂਜੇ ਧਰਮ ਲਈ ਦਿੱਤੀ ਗਈ ਸ਼ਹਾਦਤ ਨੇ ਨਾ ਸਿਰਫ਼ ਭਾਰਤ ਦੇ ਭੂ-ਖੰਡ ਬਲਕਿ ਵਿਸ਼ਵ ਵਿਚ ਅਜਿਹੀ ਮਿਸਾਲ ਕਾਇਮ ਕੀਤੀ ਜੋ ਦੁਨੀਆਂ ਵਿਚ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦੀ।

## 5.8 ਸੰਬੰਧਿਤ ਪੁਸਤਕਾਂ


- ਡਾ. ਬਲਬੀਰ ਸਿੰਘ ਦਿਲ, ਗੁਰੂ ਤੇਗ਼ ਬਹਾਦਰ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ।
- ਪਿਆਰਾ ਸਿੰਘ ਪਦਮ, ਤੇਗ ਬਹਾਦਰ ਸਿਮਰਿਐ, ਲੋਅਰ ਮਾਲ, ਪਟਿਆਲਾ।
- ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ ਪਟਿਆਲਾ।
- ਮੋਹਨਜੀਤ ਸਬਿੰਦਰਜੀਤ ਸਾਗਰ (ਸੰਪ.), ਗੁਰੂ ਤੇਗ ਬਹਾਦਰ ਜੀਵਨ ਅਤੇ ਸਿਰਜਣਾ, ਅੰਮ੍ਰਿਤਸਰ।
- ਪਿਆਰ ਸਿੰਘ (ਸੰਪ.), ਸ੍ਰੀ ਗੁਰੂ ਤੇਗ ਬਹਾਦਰ (ਫ਼ਾਰਸੀ ਸਰੋਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
- G.S. Talib and Fauja Singh, Guru Tegh Bahadur Martyr and Teacher, Punjabi Univeristy Pataiala.

- Trilochan Singh, Guru Tegh Bahadur – Prophet and Martyr, Delhi Gurdwara Parbandhak Committee.

## ONE YEAR DIPLOMA IN SIKH THEOLOGY

### SEMESTER-II

### COURSE: THEOLOGICAL DEVELOPMENT OF SIKHISM

---

### UNIT 6- GURU GOBIND SINGH JI: LIFE AND BATTLES

---

**STRUCTURE**

6.0 ਉਦੇਸ਼

6.1 ਜਾਣ-ਪਛਾਣ

6.2 ਜੀਵਨ

6.3 ਵਿਆਹ ਅਤੇ ਸੰਤਾਨ

6.4 ਗੁਰੂ ਜੀ ਨੂੰ ਚੁਣੌਤੀਆਂ

6.4.1 ਔਰੰਗਜੇਬ ਦੀ ਕੱਟੜ ਨਿਤੀ

6.4.2 ਮੀਣੇ, ਧੀਰਮਲੀਏ, ਰਾਮਰਾਈਏ ਅਤੇ ਉਨ੍ਹਾਂ ਵਲੋਂ ਗੁੰਮਰਾਹ ਕੀਤੇ ਲੋਕ

6.4.3 ਅਖੌਤੀ ਉਚ ਜਾਤੀ ਪਹਾੜੀ ਰਾਜੇ

6.5 ਖਾਲਸਾ ਪੰਥ ਦੀ ਸਾਜਨਾ

4.6 ਗੁਰਿਆਈ ਅਤੇ ਪ੍ਰਮੁੱਖ ਘਟਨਾਵਾਂ

6.6.1 ਸੈਨਾ ਦਾ ਸੰਗਠਨ

6.6.2 ਰਾਜਸੀ ਚਿੰਨ੍ਹ ਧਾਰਨ ਕਰਨਾ

6.6.3 ਨਾਹਨ ਤੋਂ ਸੱਦਾ

6.6.4 ਪਾਉਂਟਾ ਸਾਹਿਬ ਵਿਖੇ ਸਰਗਰਮੀਆਂ

6.7 ਗੁਰੂ ਜੀ ਦੀਆਂ ਲੜਾਈਆਂ

6.7.1 ਪੂਰਵ ਖ਼ਾਲਸਾ ਕਾਲ ਦੀਆਂ ਲੜਾਈਆਂ

6.7.1.1 ਭੰਗਾਣੀ ਦੀ ਲੜਾਈ 1688 ਈਸਵੀ

6.7.1.2 ਨਦੌਣ ਦੀ ਲੜਾਈ 1690 ਈਸਵੀ

6.7.1.3 ਖਾਨਜਾਦਾ ਦੀ ਮੁਹਿੰਮ 1694 ਈਸਵੀ

6.7.1.4 ਹੁਸੈਨ ਖਾਂ ਦੀ ਮੁਹਿੰਮ 1695 ਈਸਵੀ

6.7.1.5 ਜੁਝਾਰ ਸਿੰਘ ਦੀ ਮੁਹਿੰਮ 1695 ਈਸਵੀ

6.7.1.6 ਸ਼ਾਹਜ਼ਾਦਾ ਮੁੱਅਜਮ ਦੀ ਮੁਹਿੰਮ 1698 ਈਸਵੀ

6.7.2 ਉਤਰ ਖ਼ਾਲਸਾ ਕਾਲ ਦੀਆਂ ਲੜਾਈਆਂ

6.7.2.1 ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ 1701 ਈਸਵੀ

6.7.2.2 ਨਿਰਮੋਹਗੜ੍ਹ ਦੀ ਲੜਾਈ 1702 ਈਸਵੀ

6.7.2.3 ਬਸੋਲੀ ਦੀ ਲੜਾਈ 1702 ਈਸਵੀ

6.7.2.4 ਆਨੰਦਪੁਰ ਸਾਹਿਬ ਦੀ ਦੂਸਰੀ ਲੜਾਈ 1704 ਈਸਵੀ

6.7.2.5 ਸ਼ਾਹੀ ਟਿੱਬੀ ਅਤੇ ਸਰਸਾ ਦੀਆਂ ਲੜਾਈਆਂ 1704 ਈਸਵੀ

6.7.2.6 ਚਮਕੌਰ ਸਾਹਿਬ ਦੀ ਲੜਾਈ 1704 ਈਸਵੀ

6.7.2.7 ਖਿਦਰਾਣੇ ਦੀ ਢਾਬ ਦੀ ਲੜਾਈ 1705 ਈਸਵੀ

6.8 ਮਹੱਤਵ

6.9 ਸਾਰ

6.10 ਸੰਬੰਧਿਤ ਪੁਸਤਕਾਂ

## 6.0 ਉਦੇਸ਼

ਇਸ ਅਧਿਆਇ ਦਾ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਧਰਮ ਯੁਧਾਂ (ਲੜਾਈਆਂ) ਬਾਰੇ ਖੋਜਾਰਥੀਆਂ, ਪਾਠਕਾਂ ਅਤੇ ਜਨ ਸਧਾਰਨ ਵਿਚ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਤਾਂ ਜੋ ਗੁਰੂ ਪਾਤਸ਼ਾਹ ਦੇ ਦਸੇ ਰਾਹ (ਜੁਲਮ ਅਤੇ ਜਾਲਮ ਖਿਲਾਫ ਜੁਝਣਾ) 'ਤੇ ਚਲ ਕੇ ਜਬਰ ਅਤੇ ਜੁਲਮ ਖਿਲਾਫ ਆਵਾਜ ਬੁਲੰਦ ਕਰ ਸਕੀਏ।

## 6.1 ਜਾਣ ਪਛਾਣ

ਗੁਰੂ ਗੋਬਿੰਦ ਸਿੰਘ ਜੀ ਸਿੱਖ ਧਰਮ ਦੇ ਦਸਵੇਂ ਗੁਰੂ ਹੋਏ ਹਨ। ਆਪ ਜੀ ਦਾ ਜਨਮ 1666 ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਘਰ ਪਟਨਾ (ਬਿਹਾਰ) ਵਿਖੇ ਹੋਇਆ। ਪਿਤਾ ਗੁਰੂ ਤੇਗ ਬਹਾਦਰ ਜੀ ਦੇ ਸ਼ਹਾਦਤ (1675 ਈਸਵੀ) ਤੋਂ ਬਾਅਦ ਮਹਿਜ਼ 9 ਸਾਲ ਦੀ ਉਮਰ ਵਿਚ ਆਪ ਜੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ। ਸਿੱਖ ਧਰਮ ਦੇ ਵਿਕਾਸ ਤੇ ਵਿਗਾਸ ਵਿਚ ਕ੍ਰਮਵਾਰ ਪਹਿਲੇ ਗੁਰੂ ਸਾਹਿਬਾਨਾਂ ਨੇ ਬੇਅੰਤ ਕਾਰਜ ਕੀਤੇ ਉਥੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਵੱਖਰਾ ਸਰੂਪ ਬਖ਼ਸ਼ਦਿਆਂ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਜਬਰ ਜ਼ੁਲਮ ਦੇ ਖ਼ਿਲਾਫ਼ ਧਰਮ ਯੁੱਧ ਵੀ ਕੀਤੇ। ਜੰਗਾਂ ਯੁੱਧਾਂ ਤੋਂ ਵਿਹਲੇ ਹੋ ਕੇ ਆਪ ਜੀ ਨੇ ਦਮਦਮਾ ਸਾਹਿਬ ਦੀ ਧਰਤੀ 'ਤੇ ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਪਾਦਨ ਕਰਵਾਇਆ ਅਤੇ ਆਪਣੇ ਆਖ਼ਰੀ ਸਮੇਂ ਨਾਂਦੇੜ ਦੀ ਧਰਤੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇ ਆਪ ਸੱਚਖੰਡ ਬਿਰਾਜ ਗਏ।

## 6.2 ਜੀਵਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਬਤ ਅਨੇਕਾਂ ਸਮਕਾਲੀ ਸਰੋਤ ਪ੍ਰਾਪਤ ਹੁੰਦੇ ਹਨ। ਇਨ੍ਹਾਂ ਸਰੋਤਾਂ ਵਿੱਚ ਸਿੱਖ ਅਤੇ ਗੈਰ ਸਿੱਖ ਸਰੋਤ ਵੀ ਸ਼ਾਮਲ ਹਨ ਪਰ ਗੁਰੂ ਜੀ ਦੇ ਜੀਵਨ ਬਾਰੇ ਉਨ੍ਹਾਂ ਦੀ ਆਪਣੀ ਲਿਖੀ ਹੋਈ ਰਚਨਾ 'ਬਚਿੱਤਰ ਨਾਟਕ' ਵੀ ਉਲੇਖਣੀਅ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਪਿਛਲੇ ਜਨਮ ਬਾਰੇ ਗੱਲ ਕਰਦਿਆਂ ਇਸ ਲੋਕ ਤੇ ਆਉਣ ਦੀ ਵਾਰਤਾ ਨੂੰ ਅੰਕਿਤ ਕੀਤਾ ਹੈ। ਅਕਾਲ ਪੁਰਖ ਨਾਲ ਚੱਲ ਰਹੀ ਵਾਰਤਾ ਆਪ ਜੀ ਨੇ ਮਾਤ ਲੋਕ ਤੇ ਆਉਣ ਅਤੇ ਜਗਤ ਦੇ ਤਮਾਸ਼ੇ ਨੂੰ ਵੇਖਣ ਦੀ ਗੱਲ ਕਰਦੇ ਹੋਏ ਅਤੇ ਆਪਣੇ ਆਪ ਨੂੰ ਪਰਮ ਪੁਰਖ ਦਾ ਦਾਸ ਬਿਆਨਿਆ ਹੈ।

ਮੈ ਹੋ ਪਰਮ ਪੁਰਖ ਕੋ ਦਾਸਾ ॥

ਦੇਖਨਿ ਆਯੋ ਜਗਤ ਤਮਾਸਾ ॥

ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ ॥

ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ ॥੩੩॥ ਬਚਿਤ੍ਰ ਨਾਟਕ ਅ. ੬ (੩੩) ਸ੍ਰੀ ਦਸਮ ਗ੍ਰੰਥ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਜਨਮ 22 ਦਸੰਬਰ 1666 ਈਸਵੀ ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੇ ਗ੍ਰਹਿ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ।

ਤਹੀ ਪ੍ਰਕਾਸ ਹਮਾਰਾ ਭਯੋ ॥

ਪਟਨਾ ਸਹਰ ਬਿਖੈ ਭਵ ਲਯੋ ॥ ਬਚਿਤ੍ਰ ਨਾਟਕ ਅ. ੭ (੨) ਸ੍ਰੀ ਦਸਮ ਗ੍ਰੰਥ ਸਾਹਿਬ

ਜਦੋਂ ਆਪ ਜੀ ਦਾ ਜਨਮ ਹੋਇਆ ਉਸ ਵਕਤ ਪਿਤਾ ਗੁਰਦੇਵ ਗੁਰੂ ਤੇਗ ਬਹਾਦਰ ਜੀ ਢਾਕਾ (ਬੰਗਾਲ) ਵਿਚ ਗਏ ਹੋਏ ਸਨ। ਗੁਰੂ ਜੀ ਨੇ ਉੱਥੋਂ ਹੀ ਪਟਨਾ ਸਾਹਿਬ ਦੀਆਂ ਸੰਗਤਾਂ ਦੇ ਨਾਂ ਤੇ ਹੁਕਮਨਾਮਾ ਭੇਜਿਆ। ਪਟਨਾ ਸਾਹਿਬ ਦੀਆਂ ਸੰਗਤਾਂ ਦਾ ਪਰਿਵਾਰ ਦੀ ਸੇਵਾ ਅਤੇ ਹਿਫ਼ਾਜ਼ਤ ਲਈ ਧੰਨਵਾਦ ਕੀਤਾ ਅਤੇ ਬਾਲਕ ਦਾ ਨਾਂ ਗੋਬਿੰਦ ਰਾਇ ਰੱਖਣ ਬਾਰੇ ਕਿਹਾ। ਆਪ ਜੀ ਦੀ ਦੈਵੀ ਸ਼ਖ਼ਸੀਅਤ ਨੂੰ ਅਨੁਭਵ ਕਰਦਿਆਂ ਜ਼ਿਲ੍ਹਾ ਕਰਨਾਲ ਦੇ ਪੀਰ ਭੀਖਣ ਸ਼ਾਹ ਆਪ ਜੀ

ਦੇ ਦਰਸ਼ਨ ਕਰਨ ਹਿੱਤ ਪਟਨਾ ਸਾਹਿਬ ਪਹੁੰਚੇ। ਬਾਲ ਗੋਬਿੰਦ ਰਾਏ ਨੇ ਬਚਪਨ ਦੇ ਲਗਪਗ ਸਾਢੇ ਚਾਰ ਸਾਲ ਜਾਂ ਪੰਜ ਸਾਲ ਪਟਨਾ ਸਾਹਿਬ ਵਿਖੇ ਹੀ ਬਤੀਤ ਕੀਤੇ।

ਪੂਰਬ ਦੀ ਯਾਤਰਾ ਸਮਾਪਤ ਕਰਕੇ ਪਿਤਾ ਗੁਰਦੇਵ ਵਾਪਸ ਪੰਜਾਬ ਪਰਤੇ ਅਤੇ ਬਾਲ ਅਵਸਥਾ ਵਿੱਚ ਬਾਲ ਗੋਬਿੰਦ ਰਾਏ ਵੀ ਪਟਨਾ ਸਾਹਿਬ ਤੋਂ ਪੰਜਾਬ (ਆਨੰਦਪੁਰ ਸਾਹਿਬ) ਆ ਗਏ। ਇੱਥੇ ਆ ਕੇ ਪਿਤਾ ਜੀ ਨੇ ਆਪ ਜੀ ਨੂੰ ਅਨੇਕਾਂ ਪ੍ਰਕਾਰ ਦੀ ਸਿੱਖਿਆ ਜਿਵੇਂ- ਕਿ ਗੁਰਮੁਖੀ, ਗੁਰਬਾਣੀ, ਸੰਸਕ੍ਰਿਤੀ ਫ਼ਾਰਸੀ, ਅਰਬੀ ਦੀ ਪੜ੍ਹਾਈ ਕਰਾਈ ਗਈ। ਇਸ ਤੋਂ ਇਲਾਵਾ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ, ਤੀਰ ਅੰਦਾਜ਼ੀ ਆਦਿ ਦੀ ਸਿਖਲਾਈ ਕਰਾਈ ਗਈ।

ਉਧਰ ਔਰੰਗਜ਼ੇਬ ਨੇ ਹਿੰਦੁਸਤਾਨ ਵਿੱਚ ਧਰਮ ਪਰਿਵਰਤਨ ਦੀ ਲਹਿਰ ਐਸੀ ਛੇੜੀ ਕਿ ਸਭ ਨੂੰ ਮੁਸਲਮਾਨ ਬਣਾਉਣ ਦਾ ਅਹਿਦ ਹੀ ਲੈ ਲਿਆ ਹੋਵੇ। ਔਰੰਗਜ਼ੇਬ ਦੀ ਧਰਮ ਦੀ ਇਹ ਅੱਗ ਕਸ਼ਮੀਰ ਵਿੱਚ ਵੱਸਦੇ ਪੰਡਤਾਂ ਤੱਕ ਵੀ ਪਹੁੰਚ ਗਈ। ਦੁਖਿਆਰੇ ਪੰਡਤਾਂ ਦਾ ਇੱਕ ਜਥਾ ਕਿਰਪਾ ਰਾਮ ਦੀ ਅਗਵਾਈ ਵਿੱਚ ਆਨੰਦਪੁਰ ਸਾਹਿਬ ਆਪਣੇ ਧਰਮ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਜੀ ਪਾਸ ਆਇਆ। ਗੁਰੂ ਜੀ ਨੇ ਕਿਹਾ ਜੇਕਰ ਕੋਈ ਮਹਾਂਬਲੀ ਯੋਧਾ ਆਪਣਾ ਆਪ ਕੁਰਬਾਣ ਕਰੇਗਾ ਤਾਂ ਤੁਹਾਡਾ ਧਰਮ ਰਹਿ ਸਕਦਾ ਹੈ। ਉਸ ਵਕਤ ਪਾਸ ਹੀ ਬੈਠੇ ਬਾਲ ਗੋਬਿੰਦ ਰਾਏ ਜੀ ਨੇ ਕਿਹਾ ਕਿ ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਂਬਲੀ ਕੌਣ ਹੋ ਸਕਦਾ ਹੈ? ਗੁਰੂ ਤੇਗ ਬਹਾਦਰ ਜੀ ਆਨੰਦਪੁਰ ਸਾਹਿਬ ਤੋਂ ਦਿੱਲੀ ਨੂੰ ਕੂਚ ਕਰਨ ਸਮੇਂ ਸੰਗਤਾਂ ਨੂੰ ਹੁਕਮ ਕਰ ਗਏ ਕਿ ਗੁਰੂ ਨਾਨਕ ਇਸ ਗੱਦੀ ਦੇ ਅਗਲੇ ਵਾਰਸ ਗੋਬਿੰਦ ਰਾਏ ਹੋਣਗੇ। 11 ਨਵੰਬਰ 1675 ਈਸਵੀ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਬੁੱਢਾ ਜੀ ਦੀ ਅੰਸ਼ ਵਿੱਚੋਂ ਬਾਬਾ ਰਾਮ ਕੁਇਰ ਨੇ ਕਲਗੀ, ਜਿਗ੍ਹਾ ਸਜਾ ਕੇ ਸ੍ਰੀ ਸਾਹਿਬ ਪਹਿਨਾਕੇ ਗੋਬਿੰਦ ਰਾਏ ਨੂੰ ਗੁਰਿਆਈ ਤਿਲਕ ਲਗਾਇਆ। ਉਸ ਸਮੇਂ ਆਪ ਜੀ ਦੀ ਉਮਰ 9 ਸਾਲ ਦੀ ਸੀ। ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਜੀ ਨੇ ਸੰਗਤਾਂ ਵਿਚ ਮਾਯੂਸੀ ਨਹੀਂ ਆਉਣ ਦਿੱਤੀ ਸਗੋਂ ਸੰਗਤਾਂ ਨੂੰ ਨਿਡਰ ਅਤੇ ਚੜ੍ਹਦੀ ਕਲਾ ਵਿੱਚ ਰਹਿਣਾ ਸਿਖਾਇਆ। ਆਪ ਜੀ ਨੇ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਸ਼ਸਤਰ ਅਤੇ ਘੋੜੇ ਗੁਰੂ ਘਰ ਭੇਟ ਕਰਨ ਲਈ ਕਿਹਾ।

## 6.3 ਵਿਆਹ ਅਤੇ ਸੰਤਾਨ

ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਲਾਹੌਰ ਨਿਵਾਸੀ ਸ਼੍ਰੀ ਹਰਿ ਜੱਸ ਦੀ ਸਪੁੱਤਰੀ ਬੀਬੀ ਜੀਤੋ ਜੀ ਨਾਲ 1677 ਈਸਵੀ ਵਿੱਚ ਗੁਰੂ ਕੇ ਲਾਹੌਰ ਵਿਖੇ ਹੋਇਆ। ਆਪ ਜੀ ਦਾ ਦੂਜਾ

ਵਿਆਹ ਸ੍ਰੀ ਰਾਮ ਸ਼ਰਨ ਦੀ ਸਪੁੱਤਰੀ ਬੀਬੀ ਸੁੰਦਰੀ ਜੀ ਨਾਲ 1684 ਈਸਵੀ ਨੂੰ ਹੋਇਆ। ਆਪ ਜੀ ਦੀ ਤੀਸਰਾ ਵਿਆਹ ਸਾਹਿਬ ਦੇਵਾ ਨਾਲ ਹੋਇਆ ਪਰ ਇਹ ਵਿਆਹ ਸੰਸਾਰਕ ਰਿਸ਼ਤਾ ਨਾ ਹੋ ਕੇ ਕੇਵਲ ਅਧਿਆਤਮਕ ਰਿਸ਼ਤਾ ਸੀ। ਆਪ ਜੀ ਦੇ ਕੁੱਲ ਚਾਰ ਬੱਚੇ ਸਾਹਿਬਜ਼ਾਦਾ ਅਜੀਤ ਸਿੰਘ 1686 ਈਸਵੀ, ਸਾਹਿਬਜ਼ਾਦਾ ਜੁਝਾਰ ਸਿੰਘ ਦੀ 1689 ਈਸਵੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ 1696 ਈਸਵੀ, ਸਾਹਿਬਜ਼ਾਦਾ ਫਤਿਹ ਸਿੰਘ ਜੀ 1698 ਈਸਵੀ ਵਿਚ ਜਨਮ ਹੋਇਆ।

## 6.4 ਗੁਰੂ ਜੀ ਨੂੰ ਚੁਣੌਤੀਆਂ

ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਸਮੇਂ ਤਿੰਨ ਵੱਡੀਆਂ ਚੁਣੌਤੀਆਂ ਸਨ।

### 6.4.1 ਔਰੰਗਜੇਬ ਦੀ ਕੱਟੜ ਨਿਤੀ

### 6.4.2 ਮੀਣੇ, ਧੀਰਮਲੀਏ, ਰਾਮਰਾਈਏ ਅਤੇ ਉਨ੍ਹਾਂ ਵਲੋਂ ਗੁੰਮਰਾਹ ਕੀਤੇ ਲੋਕ

### 6.4.3 ਅਖੌਤੀ ਉਚ ਜਾਤੀ ਪਹਾੜੀ ਰਾਜੇ

### 6.4.1 ਔਰੰਗਜੇਬ ਦੀ ਕੱਟੜ ਨਿਤੀ

ਸਿੱਖ ਧਰਮ ਦੇ ਵਿਕਾਸ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਵਿਚ ਸਭ ਤੋਂ ਵੱਡੀ ਚੁਣੌਤੀ ਉਸ ਵਕਤ ਦੀ ਹਾਕਮ ਧਿਰ ਔਰੰਗਜ਼ੇਬ ਸੀ ਕਿਉਂਕਿ ਔਰੰਗਜ਼ੇਬ ਆਪਣੀ ਧਾਰਮਿਕ ਕੱਟੜਤਾ ਕਾਰਨ ਸਾਰੇ ਹਿੰਦੁਸਤਾਨ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਤਾਂ ਸਾਰਿਆਂ ਨੂੰ ਇਕ ਸਮਾਨ ਸਮਝਦੇ ਸਨ। ਔਰੰਗਜ਼ੇਬ ਦਾ ਡਰ ਲੋਕ ਮਨਾਂ ਤੋਂ ਕੱਢਣ ਵਾਸਤੇ ਗੁਰੂ ਜੀ ਨੇ ਆਨੰਦਪੁਰ ਸਾਹਿਬ ਵਿਖੇ ਰਣਜੀਤ ਨਗਾਰਾ ਵਜਾਇਆ, ਘੋੜ ਸਵਾਰ ਰੱਖੇ, ਔਰੰਗਜ਼ੇਬ ਵੱਲੋਂ ਰਾਗ 'ਤੇ ਮਨਾਹੀ ਸੀ ਪਰ ਗੁਰੂ ਜੀ ਨੇ ਆਨੰਦਪੁਰ ਸਾਹਿਬ ਵਿਚ ਰਾਗ ਵਿੱਦਿਆ ਦਾ ਕੇਂਦਰ ਬਣਾਇਆ।

### 6.4.2 ਮੀਣੇ, ਧੀਰਮਲੀਏ, ਰਾਮਰਾਈਏ ਅਤੇ ਉਨ੍ਹਾਂ ਵਲੋਂ ਗੁੰਮਰਾਹ ਕੀਤੇ ਲੋਕ

ਗੁਰੂ ਘਰ ਦੇ ਵਿਰੋਧੀ ਪ੍ਰਿਥੀ ਚੰਦ ਦੀ ਔਲਾਦ ਅਤੇ ਧੀਰਮੱਲੀਏ ਤੇ ਰਾਮ ਰਾਈਏ ਜੋ ਕਿ ਗੁਰਿਆਈ ਨਾ ਮਿਲਣ ਕਾਰਨ ਲਗਾਤਾਰ ਗੁਰੂ ਘਰ ਦਾ ਵਿਰੋਧ ਕਰ ਰਹੇ ਸਨ ਬਲਕਿ ਗੁਰੂ ਘਰ ਦੀਆਂ ਸੰਗਤਾਂ ਨੂੰ ਆਪਣੇ ਨਾਲ ਜੋੜ ਗੁਰੂ ਜੀ ਦੇ ਖ਼ਿਲਾਫ਼ ਕਰ ਰਹੇ ਸਨ। ਐਸੇ ਭਿਆਨਕ ਸਮੇਂ ਸਿੱਖ ਪੰਥ ਦੀ ਅਗਵਾਈ ਕਰਨੀ ਅਤੇ ਸਿੱਖ ਕੌਮ ਦੇ ਨਿਆਰੇਪਣ ਨੂੰ ਬਹਾਲ ਰੱਖਣਾ ਸੌਖਾ ਕਾਰਜ ਨਹੀਂ ਸੀ।

### 6.4.3 ਅਖੌਤੀ ਉਚ ਜਾਤੀ ਪਹਾੜੀ ਰਾਜੇ

ਗੁਰੂ ਨਾਨਕ ਦੇ ਘਰ ਵਿੱਚ ਊਚ-ਨੀਚ, ਜਾਤ-ਪਾਤ, ਨਸਲ ਦਾ ਕੋਈ ਵੀ ਭੇਦਭਾਵ ਕਿਸੇ ਨਾਲ ਨਹੀਂ ਕੀਤਾ ਜਾਂਦਾ ਸੀ ਸਗੋਂ ਗੁਰੂ ਜੀ ਨੇ ਤਾਂ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਉੱਚ ਜਾਤ ਅਭਿਮਾਨੀਆਂ ਨਾਲੋਂ ਚੰਗਾ ਅਤੇ ਸ੍ਰੇਸ਼ਟ ਦੱਸਦਿਆਂ ਇਹ ਕਿਹਾ

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ ਅੰਗ ੧੫

### 6.5 ਖਾਲਸਾ ਪੰਥ ਦੀ ਸਾਜਨਾ

ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਮਹਾਨ ਕਾਰਜ 1699 ਈਸਵੀ ਵਿੱਚ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਕੀਤਾ। ਖ਼ਾਲਸਾ ਪੰਥ ਦੀ ਸਾਜਨਾ ਨਾਲ ਸਿੱਖ ਕੌਮ ਵਿੱਚ ਐਸੀ ਨਿਡਰਤਾ ਪੈਦਾ ਹੋ ਗਈ ਕਿ ਸਿੱਖਾਂ ਨੇ ਪੰਜਾਬ ਵਿੱਚੋਂ ਮੁਗ਼ਲਾਂ ਤੇ ਅਫ਼ਗਾਨਾਂ ਵਰਗੇ ਵੱਡੇ ਸ਼ਕਤੀਸ਼ਾਲੀ ਸਾਮਰਾਜਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਰੱਖ ਦਿੱਤਾ। ਖ਼ਾਲਸਾ ਪੰਥ ਦੀ ਸਾਜਨਾ ਸਿੱਖ ਇਤਿਹਾਸ ਵਿੱਚ ਇੱਕ ਯੁੱਗ ਪਲਟਾਊ ਘਟਨਾ ਸੀ। ਇਸ ਨੇ ਨਾ ਸਿਰਫ਼ ਸਿੱਖ ਧਰਮ ਦੀ ਜਥੇਬੰਦਕ ਪ੍ਰਣਾਲੀ ਵਿਚ ਹੀ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਸਗੋਂ ਸਿੱਖ ਮਾਨਸਿਕਤਾ ਵਿੱਚ ਵੀ ਇੱਕ ਵਿਸ਼ੇਸ਼ ਕਿਸਮ ਦਾ ਅਹਿਸਾਸ ਭਰ ਦਿੱਤਾ ਸੀ। ਇਸ ਨੇ ਤਕਰੀਬਨ ਦੋ ਸੌ ਸਾਲ ਤੋਂ ਚੱਲੀ ਆ ਰਹੀ ਸਿੱਖ ਧਰਮ ਦੀ ਲਹਿਰ ਨੂੰ ਸੰਪੂਰਨ ਵੀ ਕੀਤਾ ਤੇ ਇਸ ਨੂੰ ਇੱਕ ਕੌਮੀ ਪਛਾਣ ਵੀ ਪ੍ਰਦਾਨ ਕੀਤੀ। ਇਸ ਮਹਾਨ ਘਟਨਾ ਤੋਂ ਪਿੱਛੋਂ ਸਿੱਖ ਇਤਿਹਾਸ ਨੇ ਇੱਕ ਐਸਾ ਮੋੜ ਕੱਟਿਆ ਕਿ ਉਹ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਇੱਕ ਵਿਸ਼ੇਸ਼ ਖਿੱਚ ਦਾ ਕਾਰਨ ਬਣ ਗਿਆ ਸੀ। ਇਹ ਕਿਸੇ ਵਿਸ਼ੇਸ਼ ਸਮਾਜ ਦੀ ਕਾਇਆ ਕਲਪ ਕਰਨ ਵਾਲਾ ਇੱਕ ਅਦੁੱਤੀ ਕਾਰਨਾਮਾ ਸੀ। ਜਿਸ ਨੇ ਸਿੱਖ ਸਿਧਾਂਤਾਂ ਅਤੇ ਸੰਕਲਪਾਂ ਨੂੰ ਨਾ ਹੀ ਸਿਰਫ਼ ਇੱਕ ਸੰਸਥਾਤਮਕ ਰੂਪ ਹੀ ਪ੍ਰਦਾਨ ਕੀਤਾ ਸਗੋਂ ਇਨ੍ਹਾਂ ਸੰਸਥਾਵਾਂ ਰਾਹੀਂ ਦੁਨੀਆਂ ਸਾਹਮਣੇ ਐਸੀਆਂ ਪ੍ਰੰਪਰਾਵਾਂ ਵੀ ਕਾਇਮ ਕੀਤੀਆਂ ਸਨ ਜਿਹੜੀਆਂ ਆਪਣੇ ਆਪਣੇ ਖੇਤਰ

ਵਿੱਚ ਸਭ ਤੋਂ ਪਹਿਲੀਆਂ ਸਾਬਤ ਹੋਈਆਂ ਸਨ ਜਿਵੇਂ ਕਿ ਸਰਬੱਤ ਖ਼ਾਲਸਾ ਦੀ ਸੰਸਥਾ ਰਾਹੀਂ ਇੱਕ ਵਿਸ਼ੇਸ਼ ਕਿਸਮ ਦੀ ਜਮਹੂਰੀਅਤ ਦਾ ਸੰਕਲਪ ਅਤੇ ਪੰਜ ਪਿਆਰਿਆਂ ਦੇ ਰੂਪ ਵਿੱਚ ਬਹੁਪੱਖੀ ਅਗਵਾਈ ਦਾ ਸੰਕਲਪ।

ਖ਼ਾਲਸਾ ਵਿਸ਼ਵਾਸ ਅਤੇ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਸਮੁੱਚੇ ਇਕੱਠ ਵਿੱਚੋਂ ਐਸੇ ਪੰਜ ਸਿੱਖਾਂ ਦੀ ਚੋਣ ਕੀਤੀ ਜੋ ਆਪਣਾ ਸਿਰ ਗੁਰੂ ਲਈ ਵਾਰ ਸਕਦੇ ਸਨ। ਇਨ੍ਹਾਂ ਪੰਜ ਸਿੰਘਾਂ ਵਿੱਚ ਭਾਈ ਦਇਆ ਸਿੰਘ, ਧਰਮ ਸਿੰਘ, ਮੋਹਕਮ ਸਿੰਘ, ਹਿੰਮਤ ਸਿੰਘ ਅਤੇ ਸਾਹਿਬ ਸਿੰਘ ਸਨ। ਇਨ੍ਹਾਂ ਦੇ ਪਹਿਲੇ ਨਾਵਾਂ ਨਾਲ ਸਿੰਘ ਸ਼ਬਦ ਨਹੀਂ ਸੀ ਲੱਗਿਆ ਹੋਇਆ ਅਤੇ ਪੰਜੇ ਸਿੰਘ ਵੱਖ ਵੱਖ ਜਾਤਾਂ ਵਿੱਚੋਂ ਸਨ। ਭਾਈ ਦਇਆ ਸਿੰਘ ਦੀ ਲਾਹੌਰ ਦੇ ਖੱਤਰੀ ਸਨ। ਭਾਈ ਧਰਮ ਸਿੰਘ ਦੀ ਦਿੱਲੀ ਦੇ ਸਹਾਰਨਪੁਰ ਖੇਤਰ ਦੇ ਜੱਟ ਸਨ। ਬਾਕੀ ਦੇ ਤਿੰਨ ਪੰਜਾਬ ਤੋਂ ਬਾਹਰਲੇ, ਭਾਰਤ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧਤ ਸ਼ੁੱਦਰ ਜਾਤੀ ਦੇ ਲੋਕਾਂ ਵਿਚੋਂ ਸਨ ਜਿਵੇਂ ਕਿ ਝੌਰ, ਨਾਈ ਅਤੇ ਛਿੰਬੇ। ਗੁਰੂ ਜੀ ਨੇ ਇਨ੍ਹਾਂ ਪੰਜਾਂ ਸਿੰਘਾਂ ਦੀ ਚੋਣ ਕਰਕੇ ਅੰਮ੍ਰਿਤ ਤਿਆਰ ਕੀਤਾ। ਅੰਮ੍ਰਿਤ ਦੀ ਤਿਆਰੀ ਲਈ ਸ਼ੁੱਧ ਜਲ ਨੂੰ ਸਰਬ ਲੋਹ ਦੇ ਬਾਟੇ ਵਿਚ ਪਾਇਆ ਗਿਆ ਅਤੇ ਇਸ ਵਿੱਚ ਮਿੱਠੇ ਪਤਾਸੇ ਮਿਲਾਏ ਗਏ। ਸ਼ੁੱਧ ਜਲ ਅਤੇ ਮਿੱਠੇ ਪਤਾਸਿਆਂ ਦੇ ਮਿਸ਼ਰਣ ਨੂੰ ਸਰਬਲੋਹ ਦੇ ਖੰਡੇ ਨਾਲ ਹਿਲਾਇਆ ਗਿਆ। ਜਲ ਵਿੱਚ ਖੰਡਾ ਹਿਲਾਉਂਦੇ ਸਮੇਂ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ। ਇਨ੍ਹਾਂ ਪੰਜ ਬਾਣੀਆਂ ਵਿੱਚ  ਸ਼ਾਮਲ ਸਨ– ਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ, ਗੁਰੂ ਅਮਰਦਾਸ ਜੀ ਦਾ ਅਨੰਦ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੀਆਂ ਬਾਣੀਆਂ ਜਾਪ ਸਾਹਿਬ, ਸਵੱਈਏ ਅਤੇ ਚੌਪਈ ਸਾਹਿਬ। ਪੰਜਾ ਬਾਣੀਆਂ ਦੇ ਪੜ੍ਹੇ ਜਾਣ ਦੇ ਸਮੇਂ ਦੌਰਾਨ ਜਲ ਅਤੇ ਪਤਾਸਿਆਂ ਦਾ  ਘੋਲ ਪੂਰੀ ਤਰ੍ਹਾਂ ਘੁਲ ਗਿਆ ਸੀ। ਇਸ ਤਰ੍ਹਾਂ ਅੰਮ੍ਰਿਤ ਤਿਆਰ ਕੀਤਾ ਗਿਆ। ਉਪਰੰਤ ਇਹ ਅੰਮ੍ਰਿਤ ਪੰਜਾਂ ਸਿੱਖਾਂ ਨੂੰ ਵਾਰੋ ਵਾਰੀ ਇੱਕੋ ਬਾਟੇ ਵਿੱਚੋਂ ਪਿਲਾਇਆ ਗਿਆ। ਫਿਰ ਪੰਜਾਂ ਸਿੱਘਾਂ ਨੂੰ ਬੀਰ ਰਸੀ ਆਸਨ ਵਿਚ ਬਿਠਾ ਕੇ ਪੰਜ ਵਾਰ ਉਨ੍ਹਾਂ ਦੇ ਅੱਖਾਂ ਵਿੱਚ, ਪੰਜ ਵਾਰੀ ਉਨ੍ਹਾਂ ਦੇ ਸੀਸ ਦੇ ਕੇਸਾਂ ਵਿੱਚ ਛਿੜਕਿਆ ਗਿਆ, ਪੰਜ ਵਾਰ ਹੀ ਉਨ੍ਹਾਂ ਨੂੰ ਪੰਜ-ਪੰਜ ਚੂਲੀਆਂ ਪੀਣ ਲਈ ਦਿੱਤੀਆਂ ਗਈਆਂ। ਹਰ ਵਾਰ ਚੂਲੀ ਪੀਣ ਸਮੇਂ ਪੰਜੇ ਸਿੰਘ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਬੋਲਦੇ ਸਨ। ਇਸ ਤਰ੍ਹਾਂ ਅੰਮ੍ਰਿਤ ਨੂੰ ਤਿਆਰ ਕਰਨ ਦੇ ਅਤੇ ਛਕਾਉਣ ਦੇ ਤਰੀਕੇ ਦਾ ਮਨੋਵਿਗਿਆਨਕ ਪ੍ਰਭਾਵ ਪੈਂਦਾ ਸੀ। ਸਰਬਲੋਹ ਦਾ ਦੋ ਧਾਰਾ ਖੰਡਾ ਸ਼ਕਤੀ ਦਾ ਪ੍ਰਤੀਕ ਸੀ। ਜਿਸ ਦਾ ਭਾਵ ਸੀ ਕਿ ਮਨੁੱਖ ਦੀ ਹੋਂਦ ਜਾਂ ਇਸ ਸੰਸਾਰ ਦੀ ਹੋਂਦ ਸਿਰਫ਼ ਸ਼ਕਤੀ 'ਤੇ ਹੀ ਆਧਾਰਤ ਹੈ। ਬਿਨਾਂ ਸ਼ਕਤੀ ਤੋਂ ਕੋਈ ਹੋਂਦ ਵੀ ਸਥਿਰ ਨਹੀਂ ਹੈ। ਗੁਰੂ ਬਾਣੀਆਂ ਦਾ ਪਾਠ ਆਤਮਿਕ ਸ਼ਕਤੀਆਂ ਮੁਹੱਈਆ ਕਰਨ ਦਾ ਆਧਾਰ ਹਨ। ਇਸ ਤਰ੍ਹਾਂ ਆਤਮਿਕ ਅਤੇ ਦੁਨਿਆਵੀ ਸ਼ਕਤੀ ਦਾ ਸੁਮੇਲ ਅੰਮ੍ਰਿਤ ਦਾ ਮਨੋਵਿਗਿਆਨਕ ਆਧਾਰ ਬਣਾਇਆ ਗਿਆ ਸੀ।

ਚੁਣੇ ਗਏ ਪੰਜੇ ਸਿੰਘ ਨੀਲੇ ਲਿਬਾਸ ਵਿੱਚ ਸਨ ਅਤੇ ਇਨ੍ਹਾਂ ਦੇ ਗਾਤਰੇ ਕਿਰਪਾਨਾਂ ਲਮਕ ਰਹੀਆਂ ਸਨ। ਇਨ੍ਹਾਂ ਪੰਜਾਂ ਸਿੰਘਾਂ ਦੇ ਨਾਵਾਂ ਨਾਲ ਸਿੰਘ ਸ਼ਬਦ ਜੁੜ ਗਏ ਅਤੇ ਇਨ੍ਹਾਂ ਨੂੰ ਗੁਰੂ ਜੀ ਦੇ ਪੰਜ ਪਿਆਰਿਆਂ ਦਾ ਵਿਸ਼ੇਸ਼ਣ ਦਿੱਤਾ ਗਿਆ। ਇਹ ਪੰਜ ਪਿਆਰੇ ਖ਼ਾਲਸਾ ਪੰਥ ਦੇ ਪਹਿਲੇ ਪੰਜ ਮੈਂਬਰ ਸਨ। ਇਨ੍ਹਾਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਗੁਰੂ ਸਾਹਿਬ ਖ਼ੁਦ ਹੱਥ ਜੋੜ ਕੇ ਉਨ੍ਹਾਂ ਦੇ ਸਾਹਮਣੇ ਖੜ੍ਹੇ ਗਏ ਅਤੇ ਬੇਨਤੀ ਕੀਤੀ ਕਿ ਹੁਣ ਇਨ੍ਹਾਂ ਪੰਜ ਪਿਆਰਿਆਂ ਰਾਹੀਂ ਉਨ੍ਹਾਂ (ਗੁਰੂ) ਨੂੰ ਵੀ ਉਸੇ ਤਰ੍ਹਾਂ ਅੰਮ੍ਰਿਤ ਛਕਾਇਆ ਜਾਵੇ। ਭਾਵੇਂ ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਸਭ ਨੂੰ ਹੈਰਾਨੀ ਹੋਈ ਪਰ ਇਹ ਗੁਰੂ ਜੀ ਦਾ ਇਹ ਹੁਕਮ ਸੀ ਇਸ ਕਰਕੇ ਪੰਜਾਂ ਪਿਆਰਿਆਂ ਰਾਹੀਂ ਉਨ੍ਹਾਂ (ਗੁਰੂ) ਨੂੰ ਵੀ ਉਸੇ ਤਰ੍ਹਾਂ ਅੰਮ੍ਰਿਤ ਛਕਾਇਆ ਗਿਆ ਅਤੇ ਉਹ ਵੀ ਗੁਰੂ ਰੂਪ ਖ਼ਾਲਸੇ ਦਾ ਮੈਂਬਰ ਬਣ ਗਏ। ਉਨ੍ਹਾਂ ਦੇ ਨਾਂ ਨਾਲ ਵੀ ਸਿੰਘ ਸ਼ਬਦ ਜੁੜ ਗਏ। ਇਸ ਨਾਲ ਦੁਨੀਆਂ ਦੇ ਇਤਿਹਾਸ ਵਿੱਚ ਬਿਲਕੁਲ ਹੀ ਇਕ ਨਿਵੇਕਲੀ ਘਟਨਾ ਵਾਪਰ ਗਈ ਸੀ। ਖ਼ਾਲਸੇ ਦੀ ਸਾਜਨਾ ਕਰਨ ਵਾਲਾ ਮਾਲਕ ਖੁਦ ਵੀ ਆਪਣੇ ਸਾਜੇ ਹੋਏ ਖ਼ਾਲਸੇ ਦਾ ਚੇਲਾ ਬਣ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਦੇ ਗੁਰੂ ਵੀ ਸਨ ਅਤੇ ਖ਼ਾਲਸੇ ਦੇ ਚੇਲੇ ਵੀ ਸਨ ਜਿਸਨੂੰ ਭਾਈ ਗੁਰਦਾਸ ਦੂਜੇ ਨੇ ਆਪਣੀ ਇਕ ਰਚਨਾ ਵਿਚ ਲਿਖਿਆ ਹੈ–

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

## 6.6 ਗੁਰਿਆਈ ਅਤੇ ਪ੍ਰਮੁੱਖ ਘਟਨਾਵਾਂ

ਗੁਰੂ ਗੋਬਿੰਦ ਸਿੰਘ ਦੇ ਗੁਰਿਆਈ ਕਾਲ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ ਪਹਿਲਾ ਭਾਗ 1675 ਈਸਵੀ ਤੋਂ 1699 ਈਸਵੀ ਤਕ ਦੇ ਕਾਲ ਨੂੰ ਪੂਰਵ ਖ਼ਾਲਸਾ ਕਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ 1699 ਈਸਵੀ ਤੋਂ 1708 ਈਸਵੀ ਤੱਕ ਦੇ ਕਾਲ ਨੂੰ ਉੱਤਰ ਖ਼ਾਲਸਾ ਕਾਲਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪੂਰਵ ਖ਼ਾਲਸਾ ਕਾਲ ਵਿੱਚ ਜਿਹੜੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

### 6.6.1 ਸੈਨਾ ਦਾ ਸੰਗਠਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ 1675 ਈਸਵੀ ਵਿੱਚ ਗੁਰੂਤਾ ਗੱਦੀ 'ਤੇ ਬੈਠੇ ਤਾਂ ਉਨ੍ਹਾਂ ਮੁਗਲ ਹਕੂਮਤ ਦੇ ਕੱਟੜ ਜ਼ੁਲਮ ਨੂੰ ਨਜਿੱਠਣ ਲਈ ਸੈਨਾ ਦਾ ਸੰਗਠਨ ਕਰਨਾ ਸ਼ੁਰੂ ਜ਼ਰੂਰੀ ਸਮਝਿਆ। ਆਪਣੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਜੀ ਨੇ ਇਹ ਐਲਾਨ ਕੀਤਾ ਕਿ ਜਿਸ ਸਿੱਖ ਦੇ ਘਰ ਚਾਰ ਪੁੱਤਰ ਹਨ ਉਹ ਉਨ੍ਹਾਂ ਵਿੱਚੋਂ ਦੋ ਪੁੱਤਰ ਸਿੱਖ ਪੰਥ ਦੀ ਸੇਵਾ  ਲਈ ਗੁਰੂ ਘਰ ਦੀ ਸੇਵਾ ਵਿੱਚ ਭਰਤੀ ਕਰਾਉਣ। ਇਸ ਹੁਕਮ ਦੇ ਨਾਲ ਨਾਲ ਗੁਰੂ ਸਾਹਿਬ ਨੇ ਇਹ ਆਦੇਸ਼ ਵੀ ਦਿੱਤਾ ਕਿ ਹੁਣ ਸਿੱਖ ਧਰਮ ਲਈ ਧਨ ਦੌਲਤ ਦੀ ਥਾਂ ਤੇ ਘੋੜੇ ਅਤੇ ਸ਼ਸਤਰ ਭੇਟਾ ਕਰਨ। ਸਿੱਖ ਧਰਮ ਨਾਲ ਸਬੰਧਤ ਲੋਕਾਂ ਨੇ ਗੁਰੂ ਜੀ ਦੇ ਉਪਰੋਕਤ ਹੁਕਮ  ਦੀ ਬੜੀ ਸ਼ਿੱਦਤ ਨਾਲ ਪਾਲਣਾ ਕੀਤੀ। ਬਹੁਤ ਛੇਤੀ ਹੀ ਗੁਰੂ ਜੀ ਦੀ ਸੈਨਾ ਵਿੱਚ ਬਹੁਤ ਸਾਰੇ ਸਿੱਖ ਭਰਤੀ ਹੋ ਗਏ ਅਤੇ ਉਨ੍ਹਾਂ ਗੁਰੂ ਜੀ ਅੱਗੇ ਬਹੁਤ ਸਾਰੇ ਘੋੜੇ ਅਤੇ ਸ਼ਸਤਰਾਂ ਦੀ ਵੀ ਭੇਟਾ ਚੜ੍ਹਾਈ।

### 6.6.2 ਰਾਜਸੀ ਚਿੰਨ੍ਹ ਧਾਰਨ ਕਰਨਾ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੁਰਖਿਆਂ ਦਾਦਾ ਗੁਰੂ ਹਰਗੋਬਿੰਦ ਸਾਹਿਬ ਜੀ ਤਰ੍ਹਾਂ ਰਾਜਸੀ ਚਿੰਨ੍ਹਾਂ ਨੂੰ ਧਾਰਨ ਕੀਤਾ। ਉਨ੍ਹਾਂ ਸਿੰਘਾਸਣ ਅਤੇ ਛਤਰ ਦੀ ਵਰਤੋਂ ਦੇ ਨਾਲ-ਨਾਲ ਦਸਤਾਰ ਵਿੱਚ ਕਲਗੀ ਸਜਾਉਣੀ ਵੀ ਸ਼ੁਰੂ ਕਰ ਦਿੱਤੀ। ਸੈਨਿਕ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਉਨ੍ਹਾਂ ਵੱਧ ਤੋਂ ਵੱਧ ਸਿੱਖਾਂ ਨੂੰ ਆਪਣੇ ਦਲ ਵਿੱਚ ਸ਼ਾਮਲ ਕਰਕੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਚੰਗੀ ਕਿਸਮ ਦੇ ਹਾਥੀ, ਘੋੜਿਆਂ ਨੂੰ ਤਰਜੀਹ ਦਿੱਤੀ। ਗੁਰੂ ਜੀ ਇਸ ਸਮੇਂ ਸ਼ਾਹੀ ਠਾਠ ਬਾਠ ਨਾਲ ਰਹਿੰਦੇ ਸਨ। ਉਨ੍ਹਾਂ ਇਕ ਵਿਸ਼ੇਸ਼ ਨਗਾਰਾ ਬਣਾਇਆ ਜਿਸਦਾ ਨਾਮ ਰਣਜੀਤ ਨਗਾਰਾ ਰੱਖਿਆ ਗਿਆ। ਇਸ ਨਗਾਰੇ ਦੀ ਆਪਣੀ ਹੀ ਇੱਕ ਵਿਸ਼ੇਸ਼ ਮਹੱਤਤਾ ਸੀ। ਇਸ ਦੀ ਵਰਤੋਂ ਉਹ ਸ਼ਿਕਾਰ ਤੇ ਜਾਂਦੇ ਸਮੇਂ, ਲੰਗਰ ਸ਼ੁਰੂ ਕਰਨ ਸਮੇਂ ਕਰਦੇ ਸਨ ਜਦੋਂ ਕਦੀ ਯੁੱਧ ਹੁੰਦਾ ਜਾਂ ਗੁਰੂ ਜੀ ਸਿੰਘਾਂ ਦਾ ਆਪਸ ਵਿੱਚ ਮੁਕਾਬਲਾ ਕਰਵਾਉਂਦੇ ਤਾਂ ਉਸ ਸਮੇਂ ਵੀ ਇਸ ਨਗਾਰੇ ਨੂੰ ਵਜਾਇਆ ਜਾਂਦਾ ਸੀ।

### 6.6.3 ਨਾਹਨ ਤੋਂ ਸੱਦਾ

ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ਜੀ ਦੀਆਂ ਸਰਗਰਮੀਆਂ ਨੂੰ ਵੇਖ ਕੇ ਈਰਖਾ ਕਰਨ ਲੱਗ ਪਿਆ ਪਰ ਗੁਰੂ ਜੀ ਉਸ ਨਾਲ ਕੋਈ ਲੜਾਈ ਮੁੱਲ ਨਹੀਂ ਲੈਣਾ ਚਾਹੁੰਦੇ ਸਨ। ਗੁਰੂ ਜੀ ਆਪਣੇ ਸਿੰਘਾਂ ਨਾਲ ਕਿਸੇ ਸੁਰੱਖਿਅਤ ਥਾਂ ਤੇ ਜਾ ਕੇ ਸੈਨਿਕ ਸ਼ਕਤੀ ਨੂੰ ਸੰਗਠਿਤ ਕਰਨਾ ਚਾਹੁੰਦੇ ਸਨ। ਗੁਰੂ ਜੀ ਕਿਸੇ ਹੋਰ ਥਾਂ 'ਤੇ ਜਾਣ ਬਾਰੇ ਵਿਚਾਰ ਬਣਾ ਰਹੇ ਸਨ ਕਿ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਨਾਹਨ ਆਉਣ ਦਾ ਸੱਦਾ ਪੱਤਰ ਭੇਜਿਆ। ਗੁਰੂ ਜੀ ਨੇ ਉਸ ਦਾ ਇਹ ਸੱਦਾ ਪ੍ਰਵਾਨ ਕਰ ਲਿਆ ਅਤੇ ਸਿੱਖਾਂ ਦੇ ਜਥੇ ਸਨ ਸਮੇਤ ਨਾਹਨ ਚਲੇ ਗਏ। ਗੁਰੂ ਜੀ ਨੇ ਇੱਥੇ ਆ ਕੇ ਜਮਨਾ ਨਦੀ ਦੇ ਕੰਢੇ 'ਤੇ ਸੁੰਦਰ ਸਥਾਨ ਦੀ ਉਸਾਰੀ ਕਰਵਾਉਣੀ ਸ਼ੁਰੂ ਕਰ ਦਿੱਤੀ ਇਸ ਦਾ ਨਾਂ ਉਨ੍ਹਾਂ ਪਾਉਂਟਾ ਸਾਹਿਬ ਰੱਖਿਆ।

### 6.6.4 ਪਾਉਂਟਾ ਸਾਹਿਬ ਵਿਖੇ ਸਰਗਰਮੀਆਂ

ਪਾਉਂਟਾ ਸਾਹਿਬ ਵਿਖੇ ਸੁੰਦਰ ਕਿਲ੍ਹੇ ਰੂਪੀ ਇਮਾਰਤ ਵਿੱਚ ਗੁਰੂ ਜੀ ਨੇ ਸਿੱਖਾਂ ਨੂੰ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਸਿੱਖਾਂ ਨੂੰ ਤੀਰ ਅੰਦਾਜ਼ੀ, ਸ਼ਸਤਰਾਂ ਦੀ ਵਰਤੋਂ ਦੇ ਨਾਲ ਨਾਲ ਘੋੜ ਸਵਾਰੀ ਕਰਨ ਦੇ ਤੌਰ ਤਰੀਕੇ ਵੀ ਸਿਖਾਏ। ਗੁਰੂ ਜੀ ਨੇ ਇਸ ਸਮੇਂ ਸਢੌਰਾ ਦੇ ਪੀਰ ਬੁੱਧੂ ਸ਼ਾਹ ਦੇ ਕਹਿਣ ਤੇ ਪੰਜ ਸੌ ਪਠਾਣਾਂ ਨੂੰ ਵੀ ਆਪਣੀ ਸੈਨਾ ਵਿੱਚ ਭਰਤੀ ਕਰ ਲਿਆ। ਇਸ ਸਮੇਂ ਇਹ ਪਠਾਣ ਬਹੁਤ ਪਰੇਸ਼ਾਨ ਸਨ ਕਿਉਂਕਿ ਮੁਗਲਾਂ ਨੇ ਉਨ੍ਹਾਂ ਨੂੰ ਆਪਣੀ ਫ਼ੌਜ ਵਿੱਚੋਂ ਕੱਢ ਦਿੱਤਾ ਸੀ। ਗੁਰੂ ਜੀ ਨੇ ਸ਼ਸਤਰ ਅਤੇ ਘੋੜ ਸਵਾਰੀ ਤੋਂ ਇਲਾਵਾ ਆਪਣੇ ਸਿੱਖਾਂ ਨੂੰ ਉੱਚ ਬੁੱਧੀ ਦਾ ਮਾਲਕ ਬਣਾਉਣ ਲਈ ਸਾਹਿਤ ਦੀ ਵੀ ਰਚਨਾ ਕੀਤੀ। ਇਸ ਸਮੇਂ ਉਨ੍ਹਾਂ ਸ਼ਸਤਰ ਨਾਮਮਾਲਾ, ਚੰਡੀ ਦੀ ਵਾਰ, ਅਕਾਲ ਉਸਤਤਿ, ਕ੍ਰਿਸ਼ਨ ਅਵਾਤਾਰ ਦੇ ਨਾਂ ਹੇਠ ਉੱਚ ਪਾਏ ਦਾ ਸਾਹਿਤ ਰਚਿਆ। ਗੁਰੂ ਜੀ ਨੇ ਆਪਣੇ ਦਰਬਾਰ ਵਿੱਚ 52 ਪ੍ਰਸਿੱਧ ਕਵੀਆਂ ਨੂੰ ਵੀ ਮਾਣ ਦਿੱਤਾ। ਉਨ੍ਹਾਂ ਕਵੀਆਂ ਵਿੱਚੋਂ ਹੰਸ ਰਾਜ, ਸੈਨਾਪਤੀ, ਨੰਦ ਲਾਲ ਦੇ ਨਾਮ ਵਰਨਣਯੋਗ ਹਨ। ਗੁਰੂ ਜੀ ਦੀ ਜਿੱਥੇ ਆਪਣੇ ਸਿੱਖਾਂ ਨੂੰ ਸਰੀਰਕ ਤੌਰ 'ਤੇ ਬਲਸ਼ਾਲੀ ਬਣਾਉਣਾ ਚਾਹੁੰਦੇ ਸਨ ਉਥੇ ਉਹ ਮਾਨਸਿਕ ਤੌਰ ਤੇ ਵੀ ਉਨ੍ਹਾਂ ਨੂੰ ਮਜ਼ਬੂਤ ਕਰਨ ਬਣਾਉਣ ਲਈ ਉੱਤਮ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਦੇ ਸਨ। ਗੁਰੂ ਸਾਹਿਬ ਦੀ ਸਾਹਿਤਕ ਰਚਨਾ ਦਾ ਉਦੇਸ਼ ਅਕਾਲ ਪੁਰਖ ਪ੍ਰਮਾਤਮਾ ਦੀ ਪ੍ਰਸੰਸਾ ਕਰਨ ਅਤੇ ਸਿੱਖਾਂ ਦੇ ਮਨੋਬਲ ਨੂੰ ਉੱਚਾ ਚੁੱਕਣਾ ਸੀ।

## 6.7 ਗੁਰੂ ਜੀ ਦੀਆਂ ਲੜਾਈਆਂ

ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਨੂੰ ਵੀ ਦੋ ਹਿੱਸਿਆਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ

ਪੂਰਵ ਖ਼ਾਲਸਾ ਕਾਲ ਦੀਆਂ ਲੜਾਈਆਂ ਅਤੇ ਉੱਤਰ ਖਾਲਸਾ ਕਾਲ ਦੀਆਂ ਲੜਾਈਆਂ

### 6.7.1 ਪੂਰਵ ਖ਼ਾਲਸਾ ਕਾਲ ਦੀਆਂ ਲੜਾਈਆਂ

#### 6.7.1.1 ਭੰਗਾਣੀ ਦੀ ਲੜਾਈ 1688 ਈਸਵੀ

ਸਤੰਬਰ 1688 ਵਿੱਚ ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀ ਰਾਜਆਂ ਵਿਚਾਲੇ ਭੰਗਾਣੀ ਦੇ ਸਥਾਨ ਤੇ ਪਹਿਲਾਂ ਯੁੱਧ ਹੋਇਆ। ਇਸ ਲੜਾਈ ਦੇ ਕਈ ਕਾਰਨ ਸਨ। ਪਹਿਲਾ ਕਾਰਨ ਇਹ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਪਾਉਂਟਾ ਸਾਹਿਬ ਵਿਖੇ ਆਪਣੇ ਸਿੱਖਾਂ ਨੂੰ ਸੈਨਿਕ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਸੀ। ਗੁਰੂ ਜੀ ਦੇ ਇਸ ਉਪਰਾਲੇ ਤੋਂ ਪਹਾੜੀ ਰਾਜਾਂ ਵਿੱਚ ਘਬਰਾਹਟ ਪੈਦਾ ਹੋ ਗਈ ਉਨ੍ਹਾਂ ਨੂੰ ਇਹ ਖ਼ਤਰਾ ਪੈਦਾ ਹੋ ਗਿਆ ਕਿ ਗੁਰੂ ਗੋਬਿੰਦ ਸਿੰਘ ਦੀ ਜਲਦੀ ਹੀ ਉਨ੍ਹਾਂ ਤੇ ਉਨ੍ਹਾਂ ਦੇ ਰਾਜਾਂ ਤੇ ਹਮਲਾ ਕਰ ਦੇਣਗੇ। ਉਨ੍ਹਾਂ ਨੂੰ ਆਪਣੇ ਅਧਿਕਾਰ ਵਿੱਚ ਲੈ ਲੈਣਗੇ। ਦੂਜਾ ਕਾਰਨ ਇਹ ਸੀ ਕਿ ਗੁਰੂ ਜੀ ਮੂਰਤੀ ਪੂਜਾ ਅਤੇ ਜਾਤੀ ਪ੍ਰਥਾ ਆਦਿ ਦੇ ਵਿਰੁੱਧ ਪ੍ਰਚਾਰ ਕਰਦੇ ਸਨ ਇਸ ਗੱਲ ਨੂੰ ਪਹਾੜੀ ਰਾਜੇ ਆਪਣੇ ਧਰਮ ਵਿੱਚ ਦਖ਼ਲ ਮੰਨਦੇ ਸਨ। ਤੀਸਰਾ ਕਾਰਨ ਇਹ ਸੀ ਕਿ ਪਹਾੜੀ ਰਾਜਾਂ ਨੇ ਗੁਰੂ ਜੀ ਪਾਸ ਜਾ ਰਹੀ ਸੰਗਤ ਨੂੰ ਰਸਤੇ ਵਿਚ ਹੀ ਲੁੱਟਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੂੰ ਇਹ ਗੱਲ ਪਸੰਦ ਨਹੀਂ ਸੀ। ਚੌਥਾ ਕਾਰਨ ਇਹ ਸੀ ਕਿ ਕਹਿਲੂਰ ਦਾ ਰਾਜਾ ਭੀਮ ਚੰਦ ਨੇ ਗੁਰੂ ਜੀ ਤੋਂ ਸਫੈਦ ਹਾਥੀ ਦੀ ਮੰਗ ਕੀਤੀ ਸੀ। ਗੁਰੂ ਜੀ ਨੇ ਉਸ ਦੀ ਇਹ ਮੰਗ ਠੁਕਰਾ ਦਿੱਤੀ। ਭੀਮ ਚੰਦ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ। ਪੰਜਵਾਂ ਕਾਰਨ ਇਹ ਸੀ ਕਿ ਮੁਗਲ ਸ਼ਾਸਕਾਂ ਨੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਗੁਰੂ ਜੀ ਵਿਰੁੱਧ ਭੜਕਾ ਦਿੱਤਾ। ਸਿੱਟੇ ਵਜੋਂ ਪਹਾੜੀ ਸ਼ਾਸਕਾਂ ਨੇ ਇਕੱਠੇ ਹੋ ਕੇ ਇਕ ਗੱਠਜੋੜ ਬਣਾ ਲਿਆ। ਇਨ੍ਹਾਂ ਵਿਚੋਂ ਪ੍ਰਮੁੱਖ ਰਾਜੇ ਕਹਿਲੂਰ ਦਾ ਸ਼ਾਸਕ ਭੀਮ ਚੰਦ ਅਤੇ ਸ੍ਰੀਨਗਰ ਦਾ ਰਾਜਾ ਫਤਹਿ ਸ਼ਾਹ ਸਨ। ਇਨ੍ਹਾਂ ਰਾਜਿਆਂ ਅਤੇ ਗੁਰੂ ਜੀ ਦੀ ਫ਼ੌਜ ਵਿਚਕਾਰ ਪਾਉਂਟਾ ਸਾਹਿਬ ਤੋਂ 10 (ਦੱਸ) ਕਿਲੋਮੀਟਰ ਦੇ ਫ਼ਾਸਲੇ 'ਤੇ ਭੰਗਾਣੀ ਦੇ ਸਥਾਨ ਤੇ 22 ਸਤੰਬਰ 1688 ਈਸਵੀ ਨੂੰ ਲੜਾਈ ਲੜੀ ਗਈ। ਇਸ ਲੜਾਈ ਦੇ ਸ਼ੁਰੂ ਹੋਣ ਸਾਰ ਹੀ ਗੁਰੂ ਜੀ ਦੀ ਫ਼ੌਜ ਵਿੱਚ ਭਰਤੀ ਕੀਤੇ ਪਠਾਣ ਗੁਰੂ ਜੀ ਨੂੰ ਧੋਖਾ ਦੇ ਗਏ ਤੇ ਪਹਾੜੀ ਰਾਜਿਆਂ ਨਾਲ ਜਾ ਰਲੇ। ਜਦੋਂ ਸਢੌਰਾ ਦੇ ਪੀਰ ਬੁੱਧੂ ਸ਼ਾਹ ਨੂੰ ਇਹ ਖ਼ਬਰ ਮਿਲੀ ਤਾਂ ਉਹ ਗੁਰੂ ਜੀ ਦੀ ਸਹਾਇਤਾ ਲਈ ਆਪਣੇ ਚਾਰ ਪੁੱਤਰਾਂ ਅਤੇ 700 ਸੌ ਸੈਨਿਕਾਂ ਨੂੰ ਨਾਲ ਲੈ ਕੇ ਯੁੱਧ ਖੇਤਰ ਵਿੱਚ ਪਹੁੰਚ ਗਿਆ। ਇਸ ਲੜਾਈ ਵਿੱਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ

ਸਪੁੱਤਰੀ ਬੀਬੀ ਵੀਰੋ ਜੀ ਦੇ ਪੰਜ ਪੁੱਤਰਾਂ ਨੇ ਬਹੁਤ ਬਹਾਦਰੀ ਵਿਖਾਈ। ਇਸ ਲੜਾਈ ਵਿੱਚ ਗੁਰੂ ਜੀ ਅਤੇ ਉਨ੍ਹਾਂ ਦੇ ਸੈਨਿਕਾਂ ਨੇ ਪਹਾੜੀ ਰਾਜਾਂ ਨੂੰ ਅਜਿਹੇ ਹੱਥ ਵਿਖਾਏ ਕਿ ਉਨ੍ਹਾਂ ਦੇ ਹੋਸ਼ ਉੱਡ ਗਏ। ਪਹਾੜੀ ਸੈਨਾ ਦੇ ਬਹਾਦਰ ਸੈਨਿਕ ਜਦ ਮਾਰੇ ਗਏ ਤਾਂ ਭੀਮ ਚੰਦ ਅਤੇ ਫ਼ਤਿਹ ਸ਼ਾਹ ਆਪਣੀਆਂ ਜਾਨਾਂ ਬਚਾਉਣ ਲਈ ਰਣ ਖੇਤਰ ਵਿੱਚੋਂ ਭੱਜ ਨਿਕਲੇ। ਭੰਗਾਣੀ ਦੀ ਇਸ ਲੜਾਈ ਵਿੱਚ ਗੁਰੂ ਜੀ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਗੁਰੂ ਜੀ ਦੀ ਹਰ ਪਾਸੇ ਪ੍ਰਸੰਸਾ ਹੋਈ। ਗੁਰੂ ਜੀ ਨੇ ਇਸ ਜਿੱਤ ਨੇ ਪਹਾੜੀ ਰਾਜਾਂ ਵਿੱਚ ਇੰਨਾ ਡਰ ਪੈਦਾ ਕਰ ਦਿੱਤਾ ਕਿ ਉਨ੍ਹਾਂ ਗੁਰੂ ਜੀ ਨੇ ਨਾਲ ਸੁਲ੍ਹਾ ਕਰ ਲਈ।

### 6.7.1.2 ਨਦੌਣ ਦੀ ਲੜਾਈ 1690 ਈਸਵੀ

ਇਹ ਦੂਜੀ ਲੜਾਈ ਦੀ ਮਾਰਚ 1690 ਈਸਵੀ ਨੂੰ ਹੋਈ। ਗੁਰੂ ਜੀ ਭੰਗਾਣੀ ਦੀ ਲੜਾਈ ਮਗਰੋਂ ਪਾਉਂਟਾ ਸਾਹਿਬ ਛੱਡ ਕੇ ਫਿਰ ਦੁਬਾਰਾ ਸ੍ਰੀ ਅਨੰਦਪੁਰ ਸਾਹਿਬ ਆ ਗਏ। ਗੁਰੂ ਜੀ ਨੇ ਇੱਥੇ ਆ ਕੇ ਪੰਜ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ ਅਤੇ ਕੇਸਗੜ੍ਹ ਦੀ ਉਸਾਰੀ ਕਰਾਈ। ਇਸ ਸਮੇਂ ਔਰੰਗਜ਼ੇਬ ਦੱਖਣ ਦੀਆਂ ਲੜਾਈਆਂ ਵਿੱਚ ਉਲਝਿਆ ਹੋਇਆ ਸੀ। ਪਹਾੜੀ ਰਾਜਿਆਂ ਨੇ ਇਸ ਗੱਲ ਦਾ ਫ਼ਾਇਦਾ ਉਠਾਉਂਦੇ ਹੋਏ ਮੁਗਲਾਂ ਨੂੰ ਦਿੱਤਾ ਜਾਣ ਵਾਲਾ ਕਰ (ਖਿਰਾਜ) ਦੇਣਾ ਬੰਦ ਕਰ ਦਿੱਤਾ। ਜਦੋਂ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਜੰਮੂ ਦੇ ਸੂਬੇਦਾਰ ਮੀਆਂ ਖਾਂ ਨੂੰ ਇਨ੍ਹਾਂ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਦਾ ਹੁਕਮ ਦਿੱਤਾ। ਮੀਆਂ ਖਾਨ ਨੇ ਤੁਰੰਤ ਸਮਰਾਟ ਦੇ ਹੁਕਮ ਦਾ ਪਾਲਣ ਕਰਦੇ ਹੋਏ ਜਰਨੈਲ ਆਲਿਫ ਖਾਂ ਦੇ ਅਧੀਨ ਮੁਗਲਾਂ ਦੀ ਇੱਕ ਭਾਰੀ ਫੌਜ ਨੂੰ ਇਨ੍ਹਾਂ ਪਹਾੜੀ ਰਾਜਾਂ ਦੇ ਵਿਰੁੱਧ ਕਾਰਵਾਈ ਕਰਨ ਲਈ ਭੇਜਿਆ। ਉਧਰ ਭੀਮ ਚੰਦ ਨੇ ਗੁਰੂ ਜੀ ਦੀ ਮਦਦ ਲਈ ਬੇਨਤੀ ਕੀਤੀ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ। ਉਹ ਕੁਝ ਚੋਣਵੇਂ ਸਿੰਘ ਨਾਲ ਲੈ ਕੇ ਮਦਦ ਲਈ ਪਹੁੰਚੇ। 20 ਮਾਰਚ 1690 ਈਸਵੀ ਨੂੰ ਕਾਂਗੜਾ ਤੋਂ 30 ਕਿਲੋਮੀਟਰ ਦੀ ਦੂਰੀ ਤੇ ਨਾਦੌਣ ਵਿਖੇ ਭੀਮ ਚੰਦ ਅਤੇ ਅਲਿਫ ਖਾਂ ਦੀਆਂ ਫੌਜਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਗੁਰੂ ਜੀ ਅਤੇ ਸਿੰਘਾਂ ਨੇ ਆਪਣੀ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਆਲਿਫ਼ ਖ਼ਾਂ ਅਤੇ ਉਸ ਦੇ ਸੈਨਿਕਾਂ ਨੂੰ ਰਣ ਭੂਮੀ ਵਿੱਚੋਂ ਭੱਜਣ ਲਈ ਮਜਬੂਰ ਹੋਣਾ ਪਿਆ। ਗੁਰੂ ਜੀ ਦੇ ਸਹਿਯੋਗ ਸਦਕਾ ਭੀਮ ਚੰਦ ਅਤੇ ਉਸ ਦੇ ਸਾਥੀ ਪਹਾੜੀ ਰਾਜਿਆਂ ਨੂੰ ਜਿੱਤ ਪ੍ਰਾਪਤ ਹੋਈ। ਇਸ ਯੁੱਧ ਤੋਂ ਬਾਅਦ ਪਹਾੜੀ ਰਾਜਾਂ ਦੇ ਮਨ ਵਿੱਚ ਬੇਈਮਾਨੀ ਪੈਦਾ ਹੋ ਗਈ। ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਸਵਾਸ਼ਘਾਤ ਕੀਤਾ ਤੇ ਮੁਗਲਾਂ ਨਾਲ ਮੁੜ ਸੰਧੀ ਕਰ ਲਈ।

### 6.7.1.3 ਖਾਨਜਾਦਾ ਦੀ ਮੁਹਿੰਮ 1694 ਈਸਵੀ

ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਸ਼ਕਤੀ ਨੂੰ ਵੇਖ ਕੇ ਮੁਗਲ ਸ਼ਾਸਕ ਸਾੜਾ ਕਰਦੇ ਸਨ। ਉਨ੍ਹਾਂ ਗੁਰੂ ਜੀ ਦੀ ਸ਼ਕਤੀ ਨੂੰ ਕੁਚਲਣ ਲਈ ਲਾਹੌਰ ਦੇ ਸੂਬੇਦਾਰ ਦਿਲਾਵਰ ਖਾਂ ਨੂੰ ਹੁਕਮ ਦਿੱਤਾ। ਦਿਲਾਵਰ ਖਾਂ ਨੇ ਆਪਣੇ ਪੁੱਤਰ ਰੁਸਤਮ ਖਾਨ ਨੂੰ ਕਿਹਾ ਕਿ ਉਹ ਗੁਰੂ ਜੀ ਦੇ ਵਿਰੁੱਧ ਫ਼ੌਜ ਭੇਜ ਦੇਵੇ। ਉਨ੍ਹਾਂ ਨੇ ਯੋਜਨਾ ਬਣਾ ਕੇ ਰਾਤ ਦੇ ਸਮੇਂ ਹਨ੍ਹੇਰੇ ਵਿੱਚ ਸ੍ਰੀ ਆਨੰਦਪੁਰ ਸਾਹਿਬ ਸਿੱਖਾਂ 'ਤੇ ਅਚਾਨਕ ਹਮਲਾ ਕਰਨ ਦੀ ਸਕੀਮ ਬਣਾਈ। ਜਦੋਂ ਮੁਗ਼ਲ ਸੈਨਿਕ ਰਾਤ ਦੇ ਸਮੇਂ ਸ੍ਰੀ ਆਨੰਦਪੁਰ ਸਾਹਿਬ ਦੇ ਨੇੜੇ ਪਹੁੰਚੇ ਤਾਂ ਰਾਤ ਦਾ ਪਹਿਰਾ ਦੇ ਰਹੇ ਆਲਮ ਸਿੰਘ ਨੂੰ ਇਸ ਬਾਰੇ ਪਤਾ ਚੱਲ ਗਿਆ। ਉਸ ਨੇ ਤੁਰੰਤ ਗੁਰੂ ਜੀ ਨੂੰ ਦਸਿਆ ਅਤੇ ਰਣਜੀਤ ਨਗਾਰਾ ਵਜਾਇਆ। ਸਿੱਖ ਸੈਨਿਕਾਂ ਨੇ ਜੈਕਾਰੇ ਲਾਏ ਅਤੇ ਗੋਲੀਆਂ ਦਾਗ਼ਣੀਆਂ ਸ਼ੁਰੂ ਕੀਤੀਆਂ ਤਾਂ ਮੁਗਲ ਸੈਨਿਕਾਂ ਵਿੱਚ ਹਫੜਾ ਦਫੜੀ ਮੱਚ ਗਈ। ਉਨ੍ਹਾਂ ਵਿੱਚੋਂ ਬਹੁਤੇ ਸੈਨਿਕ ਸਤਲੁਜ ਦਰਿਆ ਵਿੱਚ ਡੁੱਬ ਕੇ ਮਰ ਗਏ ਕਿਉਂਕਿ ਉਸ ਸਮੇਂ ਸਤਲੁਜ ਵਿਚ ਹੜ੍ਹ ਆਇਆ ਹੋਇਆ ਸੀ। ਗੁਰੂ ਜੀ ਨੇ ਇਸ ਲੜਾਈ ਵਿੱਚ ਆਸਾਨੀ ਨਾਲ ਜਿੱਤ ਪ੍ਰਾਪਤ ਕਰ ਲਈ।

### 6.7.1.4 ਹੁਸੈਨ ਖਾਂ ਦੀ ਮੁਹਿੰਮ 1695 ਈਸਵੀ

ਦਿਲਾਵਰ ਖਾਂ ਖਾਨਜ਼ਾਦਾ ਦੀ ਅਸਫਲਤਾ ਤੋਂ ਬੜਾ ਨਿਰਾਸ਼ ਹੋ ਗਿਆ। ਉਸ ਨੇ ਆਪਣੇ ਅਪਮਾਨ ਦਾ ਬਦਲਾ ਲੈਣ ਲਈ ਜਰਨੈਲ ਹੁਸੈਨ ਖਾਂ ਦੇ ਅਧੀਨ ਫ਼ੌਜ ਭੇਜੀ। ਕਹਿਲੂਰ ਦਾ ਰਾਜਾ ਭੀਮ ਚੰਦ ਅਤੇ ਕਟੋਚ ਦਾ ਰਾਜਾ ਕਿਰਪਾਲ ਚੰਦ ਹੁਸੈਨ ਖ਼ਾਨ ਨਾਲ ਮਿਲ ਗਏ ਸਨ। ਹੁਸੈਨ ਖਾਂ ਨੇ ਗੁਲੇਰ ਦੇ ਰਾਜੇ ਗਪਾਲ ਨੂੰ ਵਾਧੂ ਲਗਾਨ ਦੇਣ ਜਾਂ ਲੜਾਈ ਲਈ ਤਿਆਰ ਹੋਣ ਲਈ ਕਿਹਾ। ਗੁਰੂ ਜੀ ਨੇ ਗੋਪਾਲ ਦੀ ਮਦਦ ਲਈ 300 ਸਿੱਖ ਸੈਨਿਕ ਭੇਜੇ। ਭਿਆਨਕ ਲੜਾਈ ਹੋਈ, ਹੁਸੈਨ ਖਾਂ ਅਤੇ ਕਿਰਪਾਲ ਚੰਦ ਆਪਣੀ ਫੌਜ ਸਮੇਤ ਮਾਰੇ ਗਏ। ਗੋਪਾਲ ਰਾਜੇ ਦੀ ਜਿੱਤ ਹੋਈ। ਇਸ ਤਰ੍ਹਾਂ ਗੁਰੂ ਜੀ ਉਪਰ ਆਈ ਫੌਜ ਆਪਸ ਵਿਚ ਹੀ ਲੜ ਕੇ ਖਤਮ ਹੋ ਗਈ।

### 6.7.1.5 ਜੁਝਾਰ ਸਿੰਘ ਦੀ ਮੁਹਿੰਮ 1695 ਈਸਵੀ

ਹੁਸੈਨ ਖਾਨ ਦੀ ਅਸਫਲ ਮੁਹਿੰਮ ਤੋਂ ਪਿੱਛੋਂ ਭਾਵੇਂ ਜੁਝਾਰ ਸਿੰਘ ਦੀ ਮੁਹਿੰਮ ਬਾਰੇ ਵੀ ਵੇਰਵਾ ਬਚਿੱਤਰ ਨਾਟਕ ਵਿੱਚੋਂ ਮਿਲਦਾ ਹੈ ਪਰ ਇਸ ਲੜਾਈ ਦਾ ਵੀ ਗੁਰੂ ਜੀ ਨਾਲ ਕੋਈ ਸਬੰਧ ਨਹੀਂ ਸੀ। ਭਾਵੇਂ ਜੁਝਾਰ ਸਿੰਘ ਭਲਾਣ ਪਿੰਡ ਵਿਚਲੇ ਕਿਲ੍ਹੇ ਵਿੱਚ ਕਬਜ਼ਾ ਜਮਾ ਕੇ ਬੈਠ ਗਿਆ ਸੀ। ਇਹ ਭਲਾਣ ਪਿੰਡ ਆਨੰਦਪੁਰ ਸਾਹਿਬ ਤੋਂ ਪੱਛਮ-ਦੱਖਣ ਵੱਲ ਸਿਰਫ਼ 35-40 ਕਿਲੋਮੀਟਰ ਦੀ ਵਿੱਥ 'ਤੇ ਹੀ ਸੀ। ਪਰ ਲੜਾਈ ਉਸ ਦੀ ਕਹਿਲੂਰ ਦੀ ਸਟੇਟ ਨਾਲ ਹੋਈ ਸੀ। ਛੋਟੀ ਜਿਹੀ ਲੜਾਈ ਵਿੱਚ ਹੀ ਜੁਝਾਰ ਸਿੰਘ ਮਾਰਿਆ ਗਿਆ ਤੇ ਇਹ ਮੁਹਿੰਮ ਖ਼ਤਮ ਹੋ ਗਈ।

### 6.7.1.6 ਸ਼ਾਹਜ਼ਾਦਾ ਮੁੱਅਜਮ ਦੀ ਮੁਹਿੰਮ 1698 ਈਸਵੀ

ਅਲਫ਼ ਖਾਂ ਦਿਲਾਵਰ ਖਾਂ ਦੇ ਪੁੱਤਰ, ਹੁਸੈਨ ਖ਼ਾ, ਜੁਝਾਰ ਸਿੰਘ ਦੀਆਂ ਮੁਹਿੰਮਾਂ ਅਸਫ਼ਲ ਰਹਿਣ ਤੋਂ ਬਾਅਦ ਔਰੰਗਜ਼ੇਬ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ (ਪਿੱਛੋਂ ਬਹਾਦਰ ਸ਼ਾਹ) ਦੀ ਅਗਵਾਈ ਹੇਠ ਇੱਕ ਸ਼ਕਤੀਸ਼ਾਲੀ ਮੁਹਿੰਮ ਭੇਜਣ ਦੇ ਹੁਕਮ ਜਾਰੀ ਕੀਤੇ। ਇਹ ਘਟਨਾ ਕਰੀਬ 1698 ਈਸਵੀ ਦੀ ਹੈ। ਸ਼ਹਿਜ਼ਾਦੇ ਨੇ ਆਪਣਾ ਮੁੱਖ ਠਹਿਰਾਅ ਲਾਹੌਰ ਕੀਤਾ ਅਤੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਵੱਲ ਆਪਣਾ ਇੱਕ ਅਹਦੀਆ ਮਿਰਜਾ ਬੇਗ ਤੱਕੜੀ ਫੌਜ ਦੇ ਕੇ ਭੇਜ ਦਿੱਤਾ। ਸ਼ਹਿਜ਼ਾਦੇ ਦੀ ਆਮਦ ਬਾਰੇ ਅਤੇ ਇਸ ਦੇ ਅਹਦੀਏ ਦੀ ਮੁਹਿੰਮ ਬਾਰੇ ਪਹਾੜੀ ਰਿਆਸਤਾਂ ਵਿੱਚ ਖ਼ਬਰ ਪਹੁੰਚੀ ਤਾਂ ਸਾਰੇ ਪਾਸੇ ਖਲਬਲੀ ਮੱਚ ਗਈ। ਰਾਜਿਆਂ ਵਿੱਚ ਇੰਨੀ ਸਮਰੱਥਾ ਨਹੀਂ ਸੀ ਕਿ ਬਾਦਸ਼ਾਹ ਦੇ ਅਹਿਦਏ ਦੀ ਭੇਜੀ ਗਈ ਮੁਹਿੰਮ ਦਾ ਮੁਕਾਬਲਾ ਕਰ ਸਕਣ। ਇਸ ਲਈ ਉਨ੍ਹਾਂ ਡਰਦਿਆਂ ਨੇ ਆਪਣੇ ਪਰਿਵਾਰਾਂ ਨੂੰ ਦੂਰ ਇਲਾਕਿਆਂ ਵਿੱਚ ਭੇਜ ਦਿੱਤਾ। ਅਹਦੀਏ ਦੀ ਖਬਰ ਸੁਣ ਆਨੰਦਪੁਰ ਸਾਹਿਬ ਦੇ ਵਿੱਚ ਵੀ ਖਲਬਲੀ ਮੱਚ ਗਈ। ਲੋਕ ਆਨੰਦਪੁਰ ਸਾਹਿਬ ਨੂੰ ਛੱਡ ਕੇ ਭੱਜਣ ਦੀਆਂ ਗੱਲਾਂ ਕਰ ਰਹੇ ਸਨ। ਲੋਕ ਗੁਰੂ ਜੀ ਨੂੰ ਵੀ ਆਨੰਦਪੁਰ ਸਾਹਿਬ ਛੱਡ ਕੇ ਬਚਾਅ ਕਰਨ ਦੀਆਂ ਸਲਾਹਾਂ ਦੇ ਰਹੇ ਸਨ ਪਰ ਗੁਰੂ ਜੀ ਪਰਬਤ ਵਾਂਗ ਅਡੋਲ ਰਹੇ। ਉਨ੍ਹਾਂ ਨੂੰ ਯਕੀਨ ਸੀ ਕਿ ਸ਼ਹਿਜ਼ਾਦਾ ਮੁਅੱਜਮ ਦਾ ਆਉਣ ਵਾਲਾ ਅਹਦੀਆ ਸਿਰਫ਼ ਪਹਾੜੀਆਂ ਰਾਜਿਆਂ ਖ਼ਿਲਾਫ਼ ਹੀ ਲੜਾਈ ਕਰੇਗਾ, ਹੋਇਆ ਵੀ ਇਸੇ ਤਰ੍ਹਾਂ ਹੀ, ਕਿਉਂਕਿ ਸ਼ਾਹਜ਼ਾਦਾ ਮੁਅੱਜ਼ਮ ਦੀ ਗੁਰੂ ਸਾਹਿਬ ਜੀ ਨਾਲ ਬਹੁਤ ਨੇੜਤਾ ਸੀ ਕਿਉਂਕਿ ਉਨ੍ਹਾਂ ਦੀ ਫ਼ੌਜ ਵਿੱਚ ਇਕ ਤਕੜੀ ਸਿੱਖ ਸੈਨਿਕ ਟੁਕੜੀ ਸੀ। ਇਹ ਗੱਲ ਗੁਰੂ ਜੀ ਦੇ ਹੁਕਮਨਾਮੇ ਤੋਂ ਵੀ ਸਾਬਤ ਹੁੰਦੀ ਹੈ। ਇਸ ਲਈ ਗੁਰੂ ਸਾਹਿਬ ਨੂੰ ਭਰੋਸਾ ਸੀ, ਨਿਸ਼ਚਾ ਸੀ। ਕਿ ਸਾਹਜਾਦਾ ਦੀ ਫੌਜ ਸਿਰਫ ਉਨ੍ਹਾਂ ਦੇ ਦੁਸ਼ਮਣਾਂ ਨੂੰ ਹੀ ਮਾਰੇਗੀ। ਜਦੋਂ ਅਹਦੀਆ ਆਪਣੀ ਫ਼ੌਜ ਲੈ ਕੇ ਕਹਿਲੂਰ ਦੀ ਰਿਆਸਤ ਵਿੱਚ ਦਾਖ਼ਲ ਹੋਇਆ ਤਾਂ ਉਸ ਨੇ ਚਾਰੇ ਪਾਸੇ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ। ਆਨੰਦਪੁਰ ਸਾਹਿਬ ਪਹੁੰਚ ਕੇ ਉਨ੍ਹਾਂ ਲੋਕਾਂ ਨੂੰ ਮਾਰਿਆ ਗਿਆ ਜੋ ਗੁਰੂ ਸਾਹਿਬ ਦੇ ਖ਼ਿਲਾਫ਼ ਸਨ।ਜਾਂ ਜੋ ਗੁਰੂ ਘਰ ਦੇ ਖ਼ਿਲਾਫ਼ ਵਿਚਰ ਰਹੀਆਂ ਤਾਕਤਾਂ ਸਨ, ਉਨ੍ਹਾਂ ਦਾ ਮਲੀਆਮੇਟ ਕਰ ਦਿੱਤਾ। ਗੁਰੂ ਦੇ ਸਿੱਖਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੂਰੀ ਤਰ੍ਹਾਂ ਸਖਤ ਸੁਰੱਖਿਆ ਪ੍ਰਦਾਨ ਕੀਤੀ। ਇਸ ਤਰ੍ਹਾਂ ਇਹ ਮਾਰ ਧਾੜ ਗੁਰੂ ਜੀ ਦੇ ਹੱਕ ਵਿਚ ਅਤੇ ਪਹਾੜੀ ਰਾਜਾਂ ਦੀ ਤਬਾਹੀ ਦੇ ਰੂਪ ਵਿੱਚ ਖ਼ਤਮ ਹੋ ਗਈ।

### 6.7.2 ਉਤਰ ਖ਼ਾਲਸਾ ਕਾਲ ਦੀਆਂ ਲੜਾਈਆਂ

### 6.7.2.1 ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ 1701 ਈਸਵੀ

ਖ਼ਾਲਸੇ ਦੀ ਸਾਜਨਾ ਨਾਲ ਸਮੁੱਚੇ ਸਿੱਖ ਕੌਮ ਨੂੰ ਰਾਸ਼ਟਰੀ ਪੱਧਰ 'ਤੇ ਇਕ ਵੱਖਰੀ ਪਹਿਚਾਣ ਪ੍ਰਾਪਤ ਹੋਈ। ਆਨੰਦਪੁਰ ਸਾਹਿਬ ਵਿੱਚ ਖ਼ਾਲਸੇ ਦਾ ਵੱਡਾ ਇਕੱਠ ਹੋਣ ਲੱਗਾ। ਦਿਨ ਪ੍ਰਤੀ ਦਿਨ ਗੁਰੂ ਸਾਹਿਬ ਦੀ ਸ਼ਕਤੀ ਪਹਾੜੀ ਰਾਜਾਂ ਦੇ ਮੁਕਾਬਲੇ ਵਧਦੀ ਪ੍ਰਤੀਤ ਹੋਣ ਲੱਗੀ। ਜੋ ਕਿ ਪਹਾੜੀ ਰਾਜਾਂ ਨੂੰ ਬਿਲਕੁਲ ਵੀ ਚੰਗੀ ਨਹੀਂ ਸੀ ਲੱਗ ਰਹੀ ਇਸ ਲਈ ਕਹਿਲੂਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਨੂੰ ਧਮਕੀ ਭਰਿਆ ਪੱਤਰ ਭੇਜਦਿਆਂ ਕਿਹਾ ਕਿ ਤੁਸੀਂ ਆਨੰਦਪੁਰ ਸਾਹਿਬ ਰਹਿਣ ਲਈ ਟੈਕਸ ਭਰੋ, ਨਹੀਂ ਤਾਂ ਇਸ ਜਗ੍ਹਾ ਨੂੰ ਖਾਲੀ ਕਰਕੇ ਚਲੇ ਜਾਓ ਪਰ ਗੁਰੂ ਸਾਹਿਬ ਨੇ ਕਹਿਲੂਰ ਦੇ ਰਾਜੇ ਨੂੰ ਜਵਾਬ ਦਿੰਦਿਆਂ ਕਿਹਾ ਕਿ ਜੇਕਰ ਤੈਨੂੰ ਪੈਸੇ ਦੀ ਲੋੜ ਹੈ ਤਾਂ ਤੂੰ ਦਰਬਾਰ ਵਿੱਚ ਪੇਸ਼ ਹੋ ਕੇ ਜਿਤਨੇ ਪੈਸੇ ਚਾਹੀਦੇ ਹਨ ਲੈ ਲੈ ਪਰ ਜੇ ਜੇਕਰ ਉਹ ਉਨ੍ਹਾਂ ਨੂੰ ਡਰਾ ਕੇ ਕਰ ਦੇ ਤੌਰ 'ਤੇ ਪੈਸੇ ਲੈਣਾ ਚਾਹੁੰਦਾ ਹੈ ਤਾਂ ਅਸੀਂ ਇਕ ਵੀ ਪੈਸਾ ਦੇਣ ਲਈ ਤਿਆਰ ਨਹੀਂ। ਨਤੀਜੇ ਵਜੋਂ ਰਾਜਾ ਅਜਮੇਰ ਚੰਦ ਨੇ ਗੁਆਂਢੀ ਰਾਜੇ ਹੰਡੂਰ ਦੀ ਸੈਨਾ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਚਾਰੇ ਪਾਸਿਆਂ ਤੋਂ ਜਿੰਨੇ ਵੀ ਰਸਤੇ ਸਨ ਸਭ ਰਸਤੇ ਬੰਦ ਕਰ ਦਿੱਤੇ ਗਏ। ਉਧਰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਾਬਾ ਅਜੀਤ ਸਿੰਘ ਜੀ ਦੀ ਅਗਵਾਈ ਹੇਠ ਸਿੱਖ ਫੌਜਾਂ ਨੂੰ ਤਿਆਰ ਬਰ ਤਿਆਰ ਰੱਖਿਆ। ਗਹਿਗੱਚ ਦੀ ਲੜਾਈ ਹੋਈ। ਪਹਾੜੀ ਰਾਜੇ ਹਾਰਦੇ ਹੋਏ ਆਪਣੇ ਵਜ਼ੀਰਾਂ ਨਾਲ ਸਲਾਹ ਕਰਕੇ ਅਖੀਰ ਉਨ੍ਹਾਂ ਨੇ ਇੱਕ ਗਊ ਆਪਣੇ ਏਲਚੀ ਰਾਹੀਂ ਗੁਰੂ ਜੀ ਦੇ ਦਰਬਾਰ ਵਿੱਚ ਭੇਜੀ ਅਤੇ ਇਹ ਕਿਹਾ ਕਿ ਜੇਕਰ ਉਹ ਆਨੰਦਪੁਰ ਸਾਹਿਬ ਛੱਡ ਦੇਣ ਤਾਂ ਅਸੀਂ ਇਹ ਲੜਾਈ ਨਹੀਂ ਕਰਾਂਗੇ ਪਰ ਇਹ ਕੇਵਲ ਇੱਕ ਚਾਲ ਸੀ। ਗੁਰੂ ਜੀ ਇਸ ਚਾਲ ਤੋਂ ਭਲੀ ਭਾਂਤ ਜਾਣੂ ਸੀ ਪਰ ਫਿਰ ਵੀ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਆਨੰਦਪੁਰ ਸਾਹਿਬ ਨੂੰ ਛੱਡ ਕੇ ਨਿਰਮੋਹ ਗੜ੍ਹ ਦੇ ਸਥਾਨ ਤੇ ਚਲੇ ਗਏ ਪਰ ਉੱਥੇ ਵੀ ਪਹਾੜੀਆਂ ਨੇ ਅਚਾਨਕ ਹਮਲਾ ਕਰ ਦਿਤਾ।

### 6.7.2.2 ਨਿਰਮੋਹਗੜ੍ਹ ਦੀ ਲੜਾਈ 1702

ਜਦੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਪਹਾੜੀ ਰਾਜਿਆਂ ਦੇ ਬੇਨਤੀ ਕਰਨ 'ਤੇ ਆਨੰਦਪੁਰ ਸਾਹਿਬ ਨੂੰ ਛੱਡ ਕੇ ਕੀਰਤਪੁਰ ਸਾਹਿਬ ਦੇ ਨਜ਼ਦੀਕ ਨਿਰਮੋਹ ਨਾਮੀ ਪਿੰਡ ਚਲੇ ਗਏ ਤਾਂ ਇੱਥੇ ਭੀਮ ਚੰਦ ਨੇ ਮੁਗਲ ਫੌਜਾਂ ਨਾਲ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਤੇ 1702 ਈਸਵੀ ਵਿੱਚ ਹਮਲਾ ਕਰ ਦਿੱਤਾ। ਸਿੱਖਾਂ ਨੇ ਇਸ ਸਾਂਝੀ ਫ਼ੌਜ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਅੰਤ ਸਿੱਖ ਇਸ ਲੜਾਈ ਵਿੱਚ ਜੇਤੂ ਰਹੇ।

### 6.7.2.3 ਬਸੋਲੀ ਦੀ ਲੜਾਈ 1702 ਈਸਵੀ

ਬਸੋਲੀ ਦੇ ਰਾਜੇ ਧਰਮਪਾਲ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਇਲਾਕੇ ਵਿੱਚ ਆਉਣ ਦਾ ਸੱਦਾ ਦਿੱਤਾ। ਗੁਰੂ ਜੀ ਨੇ ਇਸ ਸੱਦੇ ਨੂੰ ਸਵੀਕਾਰ ਕਰ ਲਿਆ ਅਤੇ ਉਹ ਬਸੋਲੀ ਆ ਗਏ ਪਰ ਭੀਮ ਚੰਦ ਦੇ ਸੈਨਿਕਾਂ ਨੇ ਇਕ ਵਾਰ ਫਿਰ ਗੁਰੂ ਸਾਹਿਬ ਦਾ ਪਿੱਛਾ ਕੀਤਾ ਤੇ ਬਸੋਲੀ 'ਤੇ ਹੱਲਾ ਬੋਲ ਦਿੱਤਾ ਪਰ ਉਨ੍ਹਾਂ ਨੂੰ ਇੱਥੋਂ ਵੀ ਹਾਰ ਦਾ ਮੂੰਹ ਹੀ ਵੇਖਣਾ ਪਿਆ।

### 6.7.2.4 ਆਨੰਦਪੁਰ ਸਾਹਿਬ ਦੀ ਦੂਸਰੀ ਲੜਾਈ 1704 ਈਸਵੀ

ਪਹਾੜੀ ਰਾਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਪਣੀਆਂ ਹੋਈਆਂ ਲਗਾਤਾਰ ਹਾਰਾਂ ਦੇ ਅਪਮਾਨ ਦਾ ਬਦਲਾ ਲੈਣਾ ਚਾਹੁੰਦੇ ਸਨ। ਇਸ ਲਈ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੇ ਰਲ ਕੇ 1704 ਈਸਵੀ ਵਿਚ ਦੂਜੀ ਵਾਰ ਆਨੰਦਪੁਰ ਸਾਹਿਬ 'ਤੇ ਹਮਲਾ ਬੋਲ ਦਿੱਤਾ। ਮੁਗਲੀਆ ਫੌਜ ਅਤੇ ਪਹਾੜੀ ਫ਼ੌਜ ਨੇ ਰਲ ਕੇ ਆਨੰਦਪੁਰ ਸਾਹਿਬ ਕਿਲੇ ਦੇ ਅੰਦਰ ਕਈ ਵਾਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਦੀਆਂ ਫੌਜਾਂ ਨੇ ਉਨ੍ਹਾਂ ਦੇ ਕਿਸੇ ਵੀ ਮਨਸੂਬੇ ਨੂੰ ਸਿਰੇ ਨਾ ਲੱਗਣ ਦਿੱਤਾ। ਸਾਂਝੀ ਫੌਜ ਵੱਲੋਂ ਕੀਤੇ ਗਏ ਸਾਰੇ ਯਤਨਾਂ ਨੂੰ ਗੁਰੂ ਕੀਆਂ ਫੌਜਾਂ ਨੇ ਅਸਫਲ ਕਰ ਦਿੱਤਾ। ਅਖੀਰ ਸ਼ਾਹੀ ਫ਼ੌਜ ਅਤੇ ਪਹਾੜੀ ਫ਼ੌਜ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਹ ਘੇਰਾ ਮਈ ਤੋਂ ਦਸੰਬਰ ਮਹੀਨੇ ਤਕ

ਲਗਪਗ ਛੇ ਮਹੀਨੇ ਲੰਬਾ ਚੱਲਿਆ। ਘੇਰਾ ਲੰਬਾ ਹੋ ਜਾਣ ਕਾਰਨ ਕਿਲੇ ਦੇ ਅੰਦਰੋਂ ਰਸਦ ਮੁੱਕਣੀ ਸ਼ੁਰੂ ਹੋ ਗਈ। ਇਸ ਲਈ ਸਿੱਖਾਂ ਲਈ ਵੀ ਲੰਬਾ ਸਮਾਂ ਲੜਾਈ ਜਾਰੀ ਰੱਖਣਾ ਸੰਭਵ ਨਹੀਂ ਸੀ। ਭੁੱਖੇ ਸਿੰਘਾਂ ਦਾ ਸਬਰ ਡੋਲਣ ਲੱਗਾ। ਸਿੱਖਾਂ ਨੇ ਗੁਰੂ ਸਾਹਿਬ ਨੂੰ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦੇਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਕੁਝ ਸਮਾਂ ਹੋਰ ਰੁਕਣ ਲਈ ਸਿੰਘਾਂ ਨੂੰ ਕਿਹਾ ਪਰ 40 (ਚਾਲੀ) ਸਿੰਘ ਗੁਰੂ ਜੀ ਨੂੰ ਬੇਦਾਵਾ ਦੇ ਕੇ ਛੱਡ ਕੇ ਚਲੇ ਗਏ। ਦੂਜੇ ਪਾਸੇ ਸਾਂਝੀ ਫ਼ੌਜ ਵੀ ਲੰਬੇ ਸਮੇਂ ਦੇ ਘੇਰੇ ਨੂੰ ਖ਼ਤਮ ਕਰਨਾ ਚਾਹੁੰਦੀ ਸੀ ਕਿਉਂਕਿ ਹਾਰ ਹੋਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਭਾਰੀ ਅਪਮਾਨ ਦਾ ਸਾਹਮਣਾ ਕਰਨਾ ਪੈਣਾ ਸੀ। ਇਸ ਲਈ ਉਨ੍ਹਾਂ ਨੇ ਇੱਕ ਚਾਲ ਖੇਡੀ। ਮੁਗਲੀਆ ਫੌਜ ਨੇ ਕੁਰਾਨ ਅਤੇ ਪਹਾੜੀ ਰਾਜਿਆਂ ਨੇ ਗਾਂ ਦੀ ਸਹੁੰ ਖਾ ਕੇ ਗੁਰੂ ਸਾਹਿਬ ਨੂੰ ਭਰੋਸਾ ਦਿਵਾਇਆ ਕਿ ਜੇ ਗੁਰੂ ਜੀ ਆਨੰਦਪੁਰ ਸਾਹਿਬ ਛੱਡ ਦੇਣ ਤਾਂ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਏਗਾ। ਗੁਰੂ ਸਾਹਿਬ ਨੂੰ ਇਨ੍ਹਾਂ ਦੀ ਨੀਅਤ 'ਤੇ ਸ਼ੱਕ ਸੀ ਪਰ ਮਾਤਾ ਗੁਜਰੀ ਜੀ ਅਤੇ ਪ੍ਰਮੁੱਖ ਸਿੱਖਾਂ ਦੇ ਕਹਿਣ ਤੇ ਗੁਰੂ ਜੀ ਨੇ 20 ਦਸੰਬਰ 1704 ਈਸਵੀ ਨੂੰ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ।

### 6.7.2.5 ਸ਼ਾਹੀ ਟਿੱਬੀ ਅਤੇ ਸਰਸਾ ਦੀਆਂ ਲੜਾਈਆਂ 1704 ਈਸਵੀ

ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਗੁਰੂ ਗੋਬਿੰਦ ਸਿੰਘ ਜਿਉਂ ਹੀ ਆਨੰਦਪੁਰ ਸਾਹਿਬ ਤੋਂ ਬਾਹਰ ਨਿਕਲੇ ਮੁਗਲੀਆ ਫੌਜ ਅਤੇ ਪਹਾੜੀ ਰਾਜੇ ਆਪਣੇ ਵਾਅਦੇ ਤੋਂ ਮੁਕਰ ਗਏ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ 'ਤੇ ਅਚਨਚੇਤ ਹਮਲਾ ਬੋਲ ਦਿੱਤਾ। ਭਾਈ ਉਦੈ ਸਿੰਘ 50 ਸਿੰਘਾਂ ਦੇ ਨਾਲ ਇਸ ਮੁਗਲੀਆ ਫੌਜ ਦਾ ਟਾਕਰਾ ਕਰਨ ਲਈ ਅੱਗੇ ਹੋਏ। ਉਹ ਲੜਦੇ ਲੜਦੇ ਸ਼ਹੀਦ ਹੋ ਗਏ। ਇਸ ਤੋਂ ਬਾਅਦ ਮੁਗਲੀਆ ਫੌਜ ਅਤੇ ਸਿੱਖਾਂ ਵਿਚਾਲੇ ਸਰਸਾ ਵਿਖੇ ਭਾਰੀ ਲੜਾਈ ਹੋਈ। ਇਸ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿੱਛੜ ਗਿਆ। ਸਿੱਖਾਂ ਵਿਚ ਭਾਜੜ ਪੈ ਗਈ ਕਿਉਂਕਿ ਸਰਸਾ ਨਦੀ ਵਿੱਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ ਇਸ ਹੜ੍ਹ ਕਾਰਨ ਬੜਾ ਅਨਮੋਲ ਖ਼ਜ਼ਾਨਾ ਸਾਹਿਤ ਆਦਿ ਰੁੜ੍ਹ ਗਿਆ। ਇਸ ਭਾਜੜ ਵਿਚ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ, ਮਾਤਾ ਗੁਜਰੀ ਦੀ ਪਰਿਵਾਰ ਤੋਂ ਵਿੱਛੜ ਗਏ ਤੇ ਉਹ ਗੰਗੂ ਦੇ ਘਰ ਚਲੇ ਗਏ। ਗੁਰੂ ਘਰ ਦੇ ਰਸੋਈਏ ਗੰਗੂ ਨੇ ਗੁਰੂ ਦੇ ਪਰਿਵਾਰ ਨੂੰ ਚੰਦ ਮੋਹਰਾਂ ਦੀ ਖ਼ਾਤਰ ਸੂਬਾ ਸਰਹਿੰਦ ਵਜ਼ੀਰ ਖਾਂ ਦੇ ਪਾਸ ਗ੍ਰਿਫ਼ਤਾਰ ਕਰਵਾ ਦਿੱਤਾ। ਵਜ਼ੀਰ ਖ਼ਾਨ ਨੇ ਇਨ੍ਹਾਂ ਦੋਹਾਂ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿਖੇ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ।

### 6.7.2.6 ਚਮਕੌਰ ਸਾਹਿਬ ਦੀ ਲੜਾਈ 1704 ਈਸਵੀ

ਗੁਰੂ ਗੋਬਿੰਦ ਸਿੰਘ ਜੀ ਅਤੇ 40 ਹੋਰ ਸਿੱਖ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ 21 ਦਸੰਬਰ 1704 ਈਸਵੀ ਨੂੰ ਚਮਕੌਰ ਸਾਹਿਬ ਪਹੁੰਚੇ। ਸ਼ਾਹੀ ਫ਼ੌਜ ਵੀ ਬੜੀ ਤੇਜ਼ੀ ਨਾਲ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਇਸ ਲਈ ਗੁਰੂ ਸਾਹਿਬ ਨੇ ਚਮਕੌਰ ਸਾਹਿਬ ਦੀ ਇਕ ਕੱਚੀ ਗੜੀ ਵਿੱਚ ਜਾ ਸ਼ਰਨ ਲਈ। 10 (ਦੱਸ) ਲੱਖ ਦੀ ਸ਼ਾਹੀ ਫ਼ੌਜ ਨੇ 22 ਦਸੰਬਰ 1704 ਈਸਵੀ ਨੂੰ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਨੂੰ ਘੇਰਾ ਪਾ ਲਿਆ। ਭਿਆਨਕ ਲੜਾਈ ਹੋਈ, ਇਸ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੇ ਬਹਾਦਰੀ ਦੇ ਐਸੇ ਜੌਹਰ ਵਿਖਾਏ ਕਿ ਵਜ਼ੀਰ ਖ਼ਾਨ ਵੀ ਵੇਖ ਕੇ ਹੈਰਾਨ ਰਹਿ ਗਿਆ। ਇਸ ਦੌਰਾਨ ਅਣਗਿਣਤ ਮੁਸਲਿਮ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਦੇ ਲੜਦੇ ਹੋਏ ਗੁਰੂ ਕੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਚਮਕੌਰ ਦੀ ਇਹ ਲੜਾਈ ਕੁੱਲ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਵੱਖਰੀ ਲੜਾਈ ਹੈ। ਜਿਸ ਵਿਚ ਇਕ ਪਾਸੇ ਕੇਵਲ ਚਾਲੀ ਭੁੱਖੇ ਸਿੱਖ ਤੇ ਦੂਜੇ ਪਾਸੇ 10 (ਦਸ) ਲੱਖ ਦੀ ਵੱਡੀ ਫ਼ੌਜ ਹੈ ਪਰ ਫਿਰ ਵੀ ਸਿੰਘ ਬੜੀ ਸੂਰਬੀਰਤਾ ਦੇ ਨਾਲ ਲੜੇ, ਪੰਜ ਪੰਜ ਸਿੰਘਾਂ ਦੇ ਜਥੇ ਬਣਾ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿੱਚੋਂ ਸਿੰਘਾਂ ਨੂੰ ਜੰਗ ਮੈਦਾਨ ਵਿਚ ਭੇਜਿਆ। ਇਸ ਦੌਰਾਨ ਸਿੰਘ ਲੜਦੇ ਹੋਏ ਜੂਝਦੇ ਹੋਏ ਅਖ਼ੀਰ ਸ਼ਹੀਦੀਆਂ ਪਾ ਗਏ ਤਾਂ ਅਖੀਰ ਪੰਜ ਸਿੰਘ ਜਦੋਂ ਬਾਕੀ ਰਹਿ ਗਏ ਤਾਂ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਭਵਿੱਖ ਨੂੰ ਵੇਖਦਿਆਂ ਹੋਇਆਂ ਪੰਜਾਂ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਹੁਕਮ ਕੀਤਾ ਕਿ ਉਹ ਗੜ੍ਹੀ ਨੂੰ ਛੱਡ ਕੇ

ਚਲੇ ਜਾਣ ਖ਼ਾਲਸਾ ਪੰਥ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਗੁਰੂ ਸਾਹਿਬ ਜੀ ਚਮਕੌਰ ਸਾਹਿਬ ਦੀ ਗੜ੍ਹੀ ਨੂੰ ਛੱਡ ਕੇ ਚਲੇ ਗਏ

### 6.7.2.7 ਖਿਦਰਾਣੇ ਦੀ ਢਾਬ ਦੀ ਲੜਾਈ 1705 ਈਸਵੀ

ਖਿਦਰਾਣੇ ਦੀ ਲੜਾਈ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲ ਫੌਜਾਂ ਵਿਚਾਲੇ ਲੜੀ ਜਾਣ ਵਾਲੀ ਆਖ਼ਰੀ ਨਿਰਣਾਇਕ ਲੜਾਈ ਸੀ। ਗੁਰੂ ਸਾਹਿਬ ਮਾਛੀਵਾੜੇ ਦੇ ਜੰਗਲਾਂ ਵਿਚ ਅਨੇਕਾਂ ਤਕਲੀਫ਼ਾ ਨੂੰ ਝੱਲਦੇ ਹੋਏ ਆਲਮਗੀਰ ਰਾਏਕੋਟ ਤਖ਼ਤੂਪੁਰਾ ਹੁੰਦੇ ਹੋਏ ਖਿਦਰਾਣੇ ਦੀ ਢਾਬ ਤੇ ਪਹੁੰਚੇ ਸਨ। ਜਦੋਂ ਮੁਗਲ ਫੌਜਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਨੇ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿੱਚ ਸਿੰਘਾਂ ਨੇ ਬੜੀ ਬਹਾਦਰੀ ਵਿਖਾਈ ਉਨ੍ਹਾਂ ਨੇ ਮੁਗਲ ਫੌਜਾਂ ਦੇ ਅਜਿਹੇ ਛੱਕੇ ਛੁਡਵਾਏ ਗਏ ਉਹ ਲੜਾਈ ਦਾ ਮੈਦਾਨ ਛੱਡ ਕੇ ਭੱਜ ਗਏ। ਇਸ ਤਰ੍ਹਾਂ ਅੰਤਮ ਲੜਾਈ ਵਿਚ ਵੀ ਗੁਰੂ ਸਾਹਿਬ ਦੀ ਸ਼ਾਨਦਾਰ ਜਿੱਤ ਹੋਈ। ਇਸ ਲੜਾਈ ਵਿੱਚ ਚਾਲੀ ਸਿੱਖ ਲੜਦੇ ਲੜਦੇ ਸ਼ਹੀਦੀਆਂ ਪਾ ਗਏ ਜੋ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਵਿੱਚ ਗੁਰੂ ਸਾਹਿਬ ਦਾ ਸਾਥ ਛੱਡ ਕੇ ਬੇਦਾਵਾ ਦੇ ਆ ਗਏ ਸਨ। ਉਨ੍ਹਾਂ ਦੀ ਦਿੱਤੀ ਕੁਰਬਾਨੀ ਤੋਂ ਪ੍ਰਭਾਵਤ ਹੋ ਕਰ ਕੇ ਉਨ੍ਹਾਂ ਦੇ ਜਥੇਦਾਰ ਭਾਈ ਮਹਾਂ ਸਿੰਘ ਜੋ ਜ਼ਿੰਦਗੀ ਦੇ ਆਖ਼ਰੀ ਸਾਹ ਗਿਣ ਰਹੇ ਸਨ, ਦੀ ਬੇਨਤੀ ਤੇ ਗੁਰੂ ਜੀ ਨੇ ਉਨ੍ਹਾਂ ਦੁਆਰਾ ਲਿਖੇ ਗਏ ਬੇਦਾਵੇ ਨੂੰ ਪਾੜ ਦਿੱਤਾ ਅਤੇ ਮੁਕਤੀ ਦਾ ਵਰ ਬਖ਼ਸ਼ ਦਿੱਤਾ ਇਸ ਦੌਰਾਨ ਖਿਦਰਾਣੇ ਦਾ ਨਾਮ ਬਦਲ ਕਰਕੇ ਮੁਕਤਸਰ ਹੋ ਗਿਆ।

## 6.8 ਮਹੱਤਵ

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਨਿਰਵੈਰ ਤੇ ਨਿਰਭਉ ਬਣਾਇਆ। ਉਨ੍ਹਾਂ ਨੇ ਔਰੰਗਜੇਬ ਦੇ ਸ਼ਾਸਨ ਕਾਲ ਵਿਚ ਉਹ ਸਾਰੇ ਕਾਰਜ ਕੀਤੇ ਜੋ ਮੁਗਲੀਆ ਹਕੂਮਤ ਵਲੋਂ ਮਨਾਹੀ ਕੀਤੇ ਗਏ ਸਨ। ਗੁਰੂ ਜੀ ਨੇ ਆਨੰਦਪੁਰ ਸਾਹਿਬ ਵਿਖੇ ਰਣਜੀਤ ਨਗਾਰਾ ਵਜਾਇਆ, ਰਾਗ ਵਿਦਿਆ ਦਾ ਪਸਾਰ ਕੀਤਾ, ਘੋੜੇ ਰੱਖੇ। ਇਸ ਦੇ ਨਾਲ-ਨਾਲ ਲੋੜ ਪੈਣ 'ਤੇ ਯੁਧ ਵੀ ਕੀਤੇ। ਮੁਗਲੀਆ ਹਕੂਮਤ ਦਾ ਲਖਾਂ ਦਾ ਇਕੱਠ ਵੀ ਗੁਰੂ ਜੀ ਕੁਝ ਨਾ ਵਿਗਾੜ ਸਕਿਆ। ਉਨ੍ਹਾਂ ਦੀ ਧਰਮ ਕਰਮ ਦੀ ਨੀਤੀ ਨੇ ਦੁਨੀਆਂ ਅੰਦਰ ਸੱਚ ਲਈ ਝੁਜਣ ਦੀ ਭਾਵਨਾ ਪੈਦਾ ਕਰ ਦਿਤੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਅਖੌਤੀ ਨੀਵੀਆਂ ਜਾਤਾਂ ਵਾਲੇ ਲੋਕ ਧਰਮ ਯੁਧ ਵਿਚ ਸਭ ਤੋਂ ਪਹਿਲੀ ਕਤਾਰ ਵਿਚ ਖੜੇ ਨਜਰ ਆਏ। ਗੁਰੂ ਜੀ ਦੀ ਨੀਤੀ ਕਾਰਣ ਉਨ੍ਹਾਂ ਅੰਦਰ ਆਪਣੀ ਰਖਿਆ ਆਪ ਕਰਨ ਦੀ ਪ੍ਰਵਿਰਤੀ ਦੇ ਨਾਲ-ਨਾਲ ਜੋਰੂ ਅਤੇ ਗਰੀਬ 'ਤੇ ਅਤਿਆਚਾਰ ਕਰਲ ਵਾਲੇ ਲੋਕਾਂ ਖਿਲਾਫ ਲੜਣ ਲਈ ਤਿਆਰ ਬਰ ਤਿਆਰ ਰਹਿੰਦੇ।

## 6.9 ਸਾਰ

ਅਖੀਰ ਵਿਚ ਇਹ ਹੀ ਕਹਿਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਸਘਰਸ਼ਾਂ ਵਾਲਾ ਸੀ ਪਰ ਬਾਵਜੂਦ ਇਸ ਦੇ ਉਨ੍ਹਾਂ ਨੇ ਸਾਹਿਤ ਰਚਨਾ ਦੇ ਕਾਰਜ ਵੀ ਕੀਤੇ। ਪਰ ਸਭ ਤੋਂ ਜਰੂਰੀ ਉਨ੍ਹਾਂ ਵਲੋਂ ਵੈਸਾਖੀ ਵਾਲੇ ਦਿਨ ਵਰਤਾਏ ਮਹਾਨ ਕੌਤਕ ਜਦੋਂ ਖਾਲਸੇ ਨੂੰ ਪ੍ਰਗਟ ਕੀਤਾ। ਭਾਵ ਖਾਲਸਾ ਸਾਜਿਆ ਅਤੇ ਗੁਰੂ ਜੀ ਦੀ ਸ਼ਸਤਰਧਾਰੀ ਨੀਤੀ ਨੇ ਦਬੇ ਕੁਚਲੇ ਲੋਕਾਂ ਅੰਦਰ ਆਪਣੇ ਹੱਕ ਲੈਣ ਦੀ ਭਾਵਨਾ ਪੈਦਾ ਕਰ ਦਿਤੀ ਅਤੇ ਗੁਲਾਮੀ ਦੀਆਂ ਜੰਜੀਰਾਂ ਤੋਂ ਸਦੈਵ ਕਾਲ ਲਈ ਮੁਕਤ ਕਰ ਦਿਤਾ।

## 6.10 ਪੜਣਯੋਗ ਪੁਸਤਕਾਂ


1 ਡਾ.ਗੰਡਾ ਸਿੰਘ, ਪ੍ਰਿੰ. ਤੇਜਾ ਸਿੰਘ, ਸਿੱਖ ਇਤਿਹਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2006.

2 ਪ੍ਰਿੰ. ਸਤਿਬੀਰ ਸਿੰਘ, ਸਾਡਾ ਇਤਿਹਾਸ, ਨਿਊ ਬੁਕ ਕੰਪਨੀ, ਜਲੰਧਰ, 2014.

3 ਡਾ. ਸੁਖਦਿਆਲ ਸਿੰਘ, ਸ਼ਿਰੋਮਣੀ ਸਿੱਖ ਇਤਿਹਾਸ, ਸੰਗਮ ਪਬਲੀਕੇਸ਼ਨ, ਸਮਾਣਾ, 2010.

4 ਪ੍ਰਿੰ. ਸਤਿਬੀਰ ਸਿੰਘ, ਪੁਰਖ ਭਗਵੰਤ, ਨਿਊ ਬੁਕ ਕੰਪਨੀ, ਜਲੰਧਰ, 2004.

5 ਖੁਸ਼ਵੰਤ ਸਿੰਘ, ਸਿੱਖ ਹਿਸਟਰੀ, ਨਵਯੁਗ ਪ੍ਰਕਾਸ਼ਨ, ਦਿੱਲੀ, 2003